ਸਾਲ ਚੌਂਦਵਾਂ, ਮਹੀਨਾ ਮਾਰਚ, 2009

ਫਾਊਂਡਰ ਚੇਅਰਮੈਨ

**ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ**

ਚੇਅਰਪਰਸਨ

**ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ**

## SUBSCRIPTION FOREIGN (ਵਿਦੇਸ਼)

| | Annual | Life |
|---|---|---|
| **U.S.A.** | **50** US$ | **500** US$ |
| U.K. | **30** £ | **300** £ |
| Aus. | **80** $ | **800** $ |
| Europ | **50** Euro | **500** Euro |


Postal Address for 'ATAM MARG' Enquiry, Money Order, Cheque, Draft & correspondence
V.G.R.M Charitable Trust 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.

Office 'Atam Marg' Ph. No. - **0160-2255002**, Fax.-**2255009**, , Mobile - *9417214391,79*


## FOREIGN (ਵਿਦੇਸ਼) CONTACT NO.


U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
**Bibi Sukhvinder Kaur Bains**
Phone : 403-270-3387
**Canada - Bhai Sarmukh Singh Pannu**
Phone - 604-433-0408
**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Australia - Bhai Jiwan Singh ji**
Phone : 03-943-65865, Fax : 03-943-65867

**For more information please visit us on internet at:-**
**Email : atammarg@glide.net.in**
http:# www.ratwarasahib.org, http # www.ratwarasahibmedia.org



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਤਤਕਰਾ


| | |
|---|---|
| 1. ਸੰਪਾਦਕੀ | 2 |
| 2. ਚੇਤ ਦੀ ਸੰਗਰਾਂਦ | 3 |
| 3. ਚਉਥੈ ਪਹਿਰ ਸਬਾਹ ਕੇ | 20 |
| 4. ਪਿਆਰ ਪਰਵਾਨੇ | 24 |
| 5. ਸੇਵਾ ਸਿਮਰਨ ਦਾ ਕੁੰਭ ਰਤਵਾੜਾ ਸਾਹਿਬ | 29 |
| 6. ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ | 37 |
| 7. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | 51 |
| 8. ਸ਼ਬਦ ਗੁਰੂ | 53 |
| 9. ਮਾਨਵਤਾ ਦੇ ਨਾਮ | 60 |
| 10. ਸਿਹਤ ਗਿਆਨ | 62 |


## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਰਤਵਾੜਾ ਸਾਹਿਬ | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - | 9417214386 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ - | 9417214378 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਜਰਨਲ - 9417214384, ਬੀ ਐਡ ਕਾਲਜ - | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਅਖੰਡਪਾਠ ਬੁਕਿੰਗ | 9417214386 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

ਆਤਮ ਮਾਰਗ ਦੇ ਪਾਂਧੀਆਂ ਨਾਲ ਇਹ ਗੱਲ ਬਾਰ-ਬਾਰ ਸਾਂਝੀ ਕੀਤੀ ਜਾਂਦੀ ਹੈ ਕਿ 'ਆਤਮ ਮਾਰਗ' ਮੈਗਜ਼ੀਨ ਦਾ ਇਕ ਵਿਸ਼ੇਸ਼ ਨਿਸ਼ਾਨਾ ਹੈ, ਉਸ ਨਿਸ਼ਾਨੇ ਦੀ ਪ੍ਰਾਪਤੀ ਹਿਤ ਹੀ ਸਾਰੇ ਲੇਖ ਲਿਖੇ ਅਤੇ ਛਾਪੇ ਜਾਂਦੇ ਹਨ। ਮਨੁੱਖਾ ਜੀਵਨ ਦਾ ਲਕਸ਼ ਹੀ ਆਤਮ ਮਾਰਗ ਦਾ ਲਕਸ਼ ਹੈ। ਇਹ ਲਕਸ਼ ਹੈ ਜੀਵ ਆਤਮਾ ਦਾ ਪਰਮ-ਆਤਮਾ ਨਾਲ ਸੁਮੇਲ, ਗੋਬਿੰਦ-ਮਿਲਾਪ, ਅਸਲ ਆਪੇ ਦੀ ਪਛਾਣ ਅਤੇ ਅਨੁਭਵ। ਇਸ ਨਿਸ਼ਾਨੇ ਨੂੰ ਆਤਮ ਮਾਰਗ ਦੇ ਮੁੱਖ ਪੰਨੇ ਤੇ ਹਰ ਵਾਰ ਛਾਪਿਆ ਜਾਂਦਾ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ ਪੰਨਾ - 846***

ਅਰਥਾਤ ਸੰਸਾਰ ਦਾ, ਬ੍ਰਹਿਮੰਡ ਦਾ ਸਾਰਾ ਪਸਾਰਾ ਬ੍ਰਹਮ ਦਾ ਹੀ ਪਸਾਰਾ ਹੈ। ਜੋ ਵੀ ਸਾਨੂੰ ਦਿਖਦਾ ਹੈ, ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ ਵਿਚ, ਸਾਰੇ ਤਾਰੇ ਸਤਾਰੇ, ਚੰਦ ਸੂਰਜ, ਧਰਤੀਆਂ, ਪਉਣ, ਪਾਣੀ ਸਭ ਪ੍ਰਭੂ-ਪਸਾਰਾ ਹੈ, ਜੋ ਨਾਦ-ਸੰਗੀਤ ਸੁਣਾਈ ਦੇ ਰਿਹਾ ਹੈ, ਪੰਛੀਆਂ ਦੇ ਬੋਲ, ਹਵਾਵਾਂ, ਰੁੱਖਾਂ, ਨਦੀਆਂ ਦੇ ਨਾਦ, ਸਭ ਉਸ ਦਾ ਹੀ ਸੰਗੀਤ ਸੁਣਾਈ ਦੇ ਰਿਹਾ ਹੈ। ਇਕ ਪ੍ਰਭੂ ਤੋਂ ਬਿਨਾਂ ਹੋਰ ਕੁਝ ਵੀ ਹੋਂਦ ਵਿਚ ਨਹੀਂ। ਮੈਂ, ਮੇਰੀ ਦੀ ਭਾਵਨਾ ਦੀ ਵੀ ਕੋਈ ਹੋਂਦ ਨਹੀਂ, ਇਹ ਅਰਥਹੀਣ ਹੈ। ਐਸੀ ਦ੍ਰਿਸ਼ਟੀ ਕੇਵਲ ਗੁਰੂ ਮਹਾਰਾਜ ਹੀ ਬਖਸ਼ਿਸ਼ ਕਰਨ ਦੇ ਸਮਰੱਥ ਹਨ। ਐਸੇ ਅਨੁਭਵ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਨਾਮ-ਮਾਰਗ ਨੂੰ ਸਰਵੋਤਮ ਮਾਰਗ ਕਿਹਾ ਹੈ। ਗੁਰੂ ਘਰ ਕੇਵਲ ਨਾਮ ਦਾ ਹੀ ਘਰ ਹੈ। ***'ਨਾਨਕ ਕੇ ਘਰੁ ਕੇਵਲ ਨਾਮੁ।'*** ਸਿੱਖ ਦੀ ਪਰੀਭਾਸ਼ਾ ਵੀ ਇਹੋ ਦਸੀ ਹੈ, ***'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥'*** ਨਾਮ ਨੂੰ ਅੱਠੇ ਪਹਿਰ, 24 ਘੰਟੇ ਧਿਆਉਣ ਦਾ ਹੁਕਮ ਹੈ। ਇਹ ਕਿਵੇਂ ਸੰਭਵ ਹੋਵੇ? ਨਾਮ ਕਿਵੇਂ ਧਿਆਉਣਾ ਹੈ? ਨਾਮ ਦਾ ਸੰਜਮ ਕੀ ਹੈ? ਇਸ ਦੀ ਭਰਪੂਰ ਵਿਚਾਰ ਹੀ ਆਤਮ ਮਾਰਗ ਦਾ ਮੁੱਖ ਵਿਸ਼ਾ ਰਿਹਾ ਹੈ ਅਤੇ ਰਹੇਗਾ।

ਬਾਹਰੀ ਰਹਿਤ ਮਰਿਆਦਾ ਦੇ ਵਾਦ-ਵਿਵਾਦ ਸਬੰਧੀ ਬਹੁਤ ਮੈਗਜ਼ੀਨਾਂ ਵਿਚ ਲਿਖਿਆ ਜਾ ਰਿਹਾ ਹੈ। ਆਤਮ ਮਾਰਗ ਇਸ ਵਾਦ-ਵਿਵਾਦ ਤੋਂ ਮੁਕਤ ਹੈ। ਐਸਾ ਹੀ ਇਸ ਦੇ ਸੰਚਾਲਕ ਮਹਾਂਪੁਰਸ਼ਾਂ ਦਾ ਆਦੇਸ਼ ਹੈ। ਅਸੀਂ ਇਸੇ ਨੁਕਤੇ ਤੋਂ ਮਹਾਂਪੁਰਸ਼ਾਂ ਦੇ ਲੇਖਾਂ ਨੂੰ ਪਹਿਲ ਦਿੰਦੇ ਹਾਂ ਕਿਉਂਕਿ ਇਨ੍ਹਾਂ ਵਿਚ ਜੁੜਨ ਦੀ ਪ੍ਰੇਰਨਾ ਹੁੰਦੀ ਹੈ, ਮੂਲ ਨੂੰ ਪਛਾਨਣ ਦਾ ਅਨੁਭਵ ਹੁੰਦਾ ਹੈ, ਗੁਰਬਾਣੀ ਦੀ ਸਹੀ ਸੇਧ ਹੁੰਦੀ ਹੈ। ਉਨ੍ਹਾਂ ਨੇ ਸਾਰੀ ਸੰਸਾਰ ਯਾਤਰਾ ਨਾਮ-ਅਨੁਭਵ ਵਿਚ ਕੀਤੀ ਹੈ। ਉਨ੍ਹਾਂ ਨੇ ਨਾਮ ਜਪਿਆ, ਨਾਮ ਪੜ੍ਹਿਆ, ਨਾਮ ਲਿਖਿਆ, ਨਾਮ ਸੁਣਿਆ, ਨਾਮ ਗਾਵਿਆ ਅਤੇ ਸੰਸਾਰ-ਸਮੁੰਦਰ ਤੋਂ ਪਾਰ ਹੋ ਗਏ। ਐਸਾ ਅਨੁਭਵ ਉਨ੍ਹਾਂ ਨੇ ਗੁਰਬਾਣੀ ਤੋਂ ਪ੍ਰਾਪਤ ਕੀਤਾ। ਗੁਰਬਾਣੀ ਵਿਚ ਅੱਠੇ ਪਹਿਰ ਨਾਮ ਜਪਣ ਦੀ ਇਹੋ ਵਿਧੀ ਦੱਸੀ ਹੈ।

ਐਸਾ ਜਾਪ ਕਰਨ ਨਾਲ ਸਦੀਵ ਅਨੰਦ ਦੀ ਪ੍ਰਾਪਤੀ ਹੁੰਦੀ ਹੈ -

***ਮਨਿ ਜਪੀਐ ਹਰਿ ਜਗਦੀਸ॥***
***ਮਿਲਿ ਸੰਗਤਿ ਸਾਧੂ ਮੀਤ॥***
***ਸਦਾ ਅਨੰਦੁ ਹੋਵੈ ਦਿਨੁ ਰਾਤੀ***
***ਹਰਿ ਕੀਰਤਿ ਕਰਿ ਬਨਵਾਰੀ॥ ਰਹਾਉ॥***
***ਪੰਨਾ - 669***

ਨਾਮ ਦੀ ਐਨੀ ਮਹਿਮਾ ਹੈ ਕਿ ਜੋਗ-ਮਤ ਦੇ ਚੌਰਾਸੀ ਆਗੂ, ਮਹਾਤਮਾ ਬੁੱਧ ਵਰਗੇ ਗਿਆਨਵਾਨ, ਤੇਤੀ ਕ੍ਰੋੜ ਦੇਵਤੇ, ਅਨੇਕਾਂ ਰਿਸ਼ੀ ਮੁਨੀ ਸਾਰੇ ਪ੍ਰਭੂ ਦੇ ਨਾਮ ਦੀ ਲੋਚਾ ਰਖਦੇ ਹਨ ਪਰ ਕਿਸੇ ਵਿਰਲੇ ਨੂੰ ਹੀ ਗੁਰੂ ਕ੍ਰਿਪਾ ਸਦਕਾ ਇਹ ਦਾਤ ਮਿਲਦੀ ਹੈ, ਨਾਮ ਜਪਣ ਨਾਲ ਗੁਰੂ ਕ੍ਰਿਪਾ ਸਦਕਾ ਇਕ ਅਨੋਖਾ ਕੌਤਕ ਵਾਪਰਦਾ ਹੈ। ਜਿਸ ਪ੍ਰਮਾਤਮਾ ਨੂੰ ਸਭ ਸੰਸਾਰ 'ਅਗਾਧਿ ਬੋਧਿ' ਮਨੁੱਖਾ ਸਮਝ ਤੋਂ ਪਰ੍ਹੇ ਕਹਿੰਦਾ ਹੈ, ਗੁਰੂ ਉਹ ਪ੍ਰਮਾਤਮਾ ਹਿਰਦੇ ਵਿਚ ਵਿਖਾ ਦਿੰਦਾ ਹੈ।

ਨਾਮ-ਸਿਮਰਨ ਰਾਹੀਂ ਸਾਰੇ ਚਿੰਤਾ-ਫਿਕਰ, ਅੰਦੇਸ਼ੇ ਮਿਟ ਜਾਂਦੇ ਹਨ, ਹਿਰਦਾ ਕੌਲ ਫੁੱਲ ਖਿੜ ਜਾਂਦਾ ਹੈ, ਨਿਰੰਤਰ ਆਤਮਕ-ਅਡੋਲਤਾ ਬਣੀ ਰਹਿੰਦੀ ਹੈ, ਸਰੀਰਕ ਇੰਦ੍ਰੀਆਂ ਸੁਖ ਦੇਣ ਵਾਲੀਆਂ ਹੋ ਨਿਬੜਦੀਆਂ ਹਨ

ਨਾਮ-ਅੰਮ੍ਰਿਤ ਦੀ ਇਕ ਬੂੰਦ ਵਿਕਾਰਾਂ ਦਾ ਨਾਸ਼ ਕਰੇ ਆਤਮਕ-ਅਡੋਲਤਾ ਪ੍ਰਦਾਨ ਕਰਨ ਦੇ ਸਮਰੱਥ ਹੈ। ਇਸ ਦੀ ਪ੍ਰਾਪਤੀ ਨਾਲ ਕਰਮਾਂ ਦਾ ਲੇਖਾ ਵੀ ਮੁੱਕ ਜਾਂਦਾ ਹੈ ।

ਐਸਾ ਦੁਰਲਭ ਅੰਮ੍ਰਿਤ-ਨਾਮ ਸਾਨੂੰ ਸਭਨਾਂ ਨੂੰ ਪ੍ਰਾਪਤ ਹੋਵੇ, ਇਹ ਸਾਡੀ ਜਗਿਆਸਾ ਹੈ, ਇਹ ਸਾਡੀ ਅਰਦਾਸ ਹੈ। ਏਸੇ ਭਾਵਨਾ ਨਾਲ ਸਾਰੇ ਲੇਖ ਇਸ ਇਸ਼ੂ ਵਿਚ ਛਾਪੇ ਜਾ ਰਹੇ ਹਨ। ਵਿਸ਼ਵਾਸ਼ ਹੈ ਕਿ ਜੇ ਮਹਾਂਪੁਰਸ਼ਾਂ ਦਾ ਕੇਵਲ ਇਕ ਲੇਖ ਹੀ ਇਕਾਗਰਤਾ ਨਾਲ ਪੜ੍ਹ ਲਈਏ ਤੇ ਅਮਲ ਵਿਚ ਲੈ ਆਈਏ, ਤਾਂ ਸਾਡੀ ਜੀਵਨ ਯਾਤਰਾ ਸਫਲ ਹੋ ਸਕਦੀ ਹੈ। 'ਆਤਮ ਮਾਰਗ' ਅਮੋਲ ਵਸਤੂ ਹੈ ਕਿਉਂਕਿ ਇਸ ਵਿਚ ਅਮੋਲਕ ਬਚਨ ਹਨ ਜੋ ਜੀਵਨ ਨੂੰ ਨਾਮ-ਰਤਨਾਂ ਨਾਲ ਮਾਲੋ ਮਾਲ ਕਰਨ ਦੇ ਸਮਰੱਥ ਹਨ, ਇਹ ਸਿਫਤ ਸਾਲਾਹ ਦਾ ਭਰਪੂਰ ਖਜ਼ਾਨਾ ਹੈ, ਇਹ ਪਾਤਸ਼ਾਹੀਆਂ ਬਖਸ਼ਦਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥ ਪੰਨਾ - 5***

ਆਪ ਜੁੜੋ, ਦੂਜਿਆਂ ਨੂੰ ਜੋੜੋ, ਆਪ ਜਪੋ, ਦੂਜਿਆਂ ਨੂੰ ਜਪਣ ਦੀ ਪ੍ਰੇਰਨਾ ਬਖਸ਼ੋ। ਆਪ ਆਤਮ ਮਾਰਗ ਪੜ੍ਹੋ, ਦੂਜਿਆਂ ਨੂੰ ਪੜ੍ਹਨ ਲਈ ਪ੍ਰੇਰਤ ਕਰੋ ਜੀ। ਇਹ ਮਹਾਨ ਸੇਵਾ ਹੈ, ਇਹ ਮਹਾਂਪੁਰਸ਼ਾਂ ਦੀ ਅਸੀਸ ਹੈ।

(*****)

# ਚੇਤ ਦੀ ਸੰਗਰਾਂਦ

*ਸੰਤ ਵਰਿਆਮ ਸਿੰਘ ਜੀ*
*ਬਾਨੀ. ਵਿ. ਗੁ. ਰੂਹਾਨੀ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*
*ਅੰਗ - ੧੦੯੪*

*ਧਾਰਨਾ - ਪ੍ਰੀਤਮ ਮੇਰਾ ਪਿਆਰਾ*
*ਕੋਈ ਆਣ ਕੇ ਮਿਲਾਵੇ।*
*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ੩ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ ੪ ॥*
*ਪਖਾ ਫੇਰੀ ਪਾਣੀ ਢੋਵਾ*
*ਜੋ ਦੇਵਹਿ ਸੋ ਖਾਈ ॥ ੫ ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥ ਅੰਗ - ੭੫੭*

*ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ।*
*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ ॥ ਅੰਗ - ੫੫੮*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ।

ਗੁਰੂ ਮਹਾਰਾਜ ਦੇ ਦਰਬਾਰ ਵਿਚ ਆਪ ਬਹੁਤ ਸ਼ੁਭ ਦਿਹਾੜਾ ਮਨਾਉਂਦੇ ਹੋਏ, ਏਸ ਅਸਥਾਨ 'ਤੇ ਪਹੁੰਚੇ ਓਂ। ਗੁਰੂ ਮਹਾਰਾਜ ਦੇ ਬਚਨ ਸਰਵਣ ਕਰਨੇ ਨੇ ਤੇ ਅੱਜ ਦਾ ਜੋ ਪਵਿੱਤਰ ਦਿਹਾੜਾ ਹੈ ਸਭ ਨੂੰ ਪਤਾ ਹੈ ਕਿ ਚੇਤਰ ਦੀ ਸੰਗਰਾਂਦ ਹੈ -

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥***
***ਅੰਗ - ੧੩੩***

ਦੂਸਰਾ ਇਸ ਤੋਂ ਵੀ ਉਪਰ ਅੱਜ ਮਹਾਨ ਗੁਰੂ, ਗੁਰੂ ਹਰਿਰਾਇ ਸਾਹਿਬ ਮਹਾਰਾਜ, ਆਪ ਛੋਟੀ ਉਮਰ ਵਿੱਚ ਸਨ, ਆਪ ਤੋਂ ਵੱਡੇ ਹੋਰ ਕਈ ਭਰਾਤਾ, ਆਪ ਜੀ ਦੇ ਪਿਤਾ ਜੀ ਦੇ ਭਰਾ ਹਨ, ਜੋ ਲੇਕਿਨ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਆਪ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਜੋਤ, ਆਪਣੀ ਜੋਤ ਟਿਕਾਉਣ ਵਾਸਤੇ ਚੁਣਿਆ, ਤੇ ਅੱਜ ਦੇ ਦਿਨ ਉਨ੍ਹਾਂ ਦੇ ਅੰਦਰ ਗੁਰੂ ਜੋਤੀ ਦਾ ਪ੍ਰਕਾਸ਼ ਹੋਇਆ ਤੇ ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਗੁਰਗੱਦੀ ਦੇ ਉਤੇ ਸੁਸ਼ੋਭਤ ਹੋਏ। ਲੇਕਿਨ ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਜੀ ਨੇ ਸ਼ਿਕਾਰ ਖੇਲ੍ਹਿਆ, ਵੱਡੇ-ਵੱਡੇ ਚੀਤੇ, ਸ਼ੇਰ, ਉਹ ਜੀਉਂਦੇ ਮਾਰੇ ਨਹੀਂ ਹਨ ਫੜ ਕੇ ਰੱਖ ਲਏ। ਉਨ੍ਹਾਂ ਦੇ ਉਤੇ ਦ੍ਰਿਸ਼ਟੀ ਪਾਈ, ਥੋੜ੍ਹੀ ਦੇਰ ਤੋਂ ਬਾਅਦ ਫੇਰ ਜੰਗਲ ਵਿੱਚ ਜਾ ਕੇ ਛੱਡ ਆਉਂਦੇ ਸੀ। ਆਪ ਦਾ ਦਿਲ ਐਡਾ ਨਰਮ ਸੀ ਕਿ ਇੱਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਿੱਛੇ-ਪਿੱਛੇ ਜਾ ਰਹੇ ਸੀ, ਗੁਰੂ ਮਹਾਰਾਜ ਸੈਰ ਕਰਦੇ ਸੀ ਤੇ ਇਹ ਪਿੱਛੇ ਜਾਂਦੇ ਸੀ, ਇਨ੍ਹਾਂ ਦੇ ਚੋਲਾ ਬਹੁਤ ਵੱਡਾ ਪਾਇਆ ਹੋਇਆ ਸੀ। ਧਰਤੀ ਦੇ ਨਾਲ ਲੱਗ ਕੇ ਜਾ ਰਿਹਾ ਸੀ। ਉਹਦੇ ਨਾਲ ਇੱਕ ਫੁੱਲ ਗੁਲਾਬ ਦਾ ਲੱਗਿਆ ਤੇ ਫੁੱਲ ਟੁੱਟ ਗਿਆ। ਗੁਰੂ ਮਹਾਰਾਜ ਜਦ ਸਾਰਾ ਚੱਕਰ ਕੱਢ ਕੇ ਵਾਪਸ ਆਏ, ਕੀ ਦੇਖਦੇ ਨੇ ਕਿ ਛੋਟੀ ਜਿਹੀ ਉਮਰ, ਛੋਟਾ ਜਿਹਾ ਬੱਚਾ, ਗੁਰੂ ਹਰਿਰਾਇ ਸਾਹਿਬ ਮਹਾਰਾਜ, ਉਨ੍ਹਾਂ ਨੇ ਫੁੱਲ ਹੱਥ ਵਿੱਚ ਲਿਆ ਹੋਇਆ ਹੈ ਤੇ ਬਹੁਤ ਡੂੰਘੇ ਭਾਵ ਵਿਚ ਗਏ ਹੋਏ ਨੇ ਤੇ ਫੁੱਲ ਨਾਲ ਗੱਲਾਂ ਕਰ ਰਹੇ ਨੇ ਕਿ ਐ ਫੁੱਲ! ਤੂੰ ਕਿੰਨੀ ਦੇਰ ਅਜੇ ਟਾਹਣੀ ਦੇ ਨਾਲ ਖਿੜ ਕੇ, ਕਿੰਨਾ ਅਨੰਦ ਦੇਣਾ ਸੀ, ਨੇਤਰਾਂ ਨੂੰ ਆਪਣੀ ਖੂਬਸੂਰਤੀ ਦਾ, ਕਿੰਨੀ ਸੁਗੰਧੀ ਦੇਣੀ ਸੀ ਨਾਸਕਾ ਨੂੰ। ਲੇਕਿਨ ਤੇਰੇ ਨਾਲ ਮੇਰਾ ਚੋਲਾ ਛੋਹ ਜਾਣ ਨਾਲ ਤੂੰ ਟੁੱਟ ਗਿਆ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਆਉਂਦੇ ਨੇ, ਸਾਰੀ ਗੱਲ ਦੇਖੀ ਤੇ ਨਾਲ ਦੀ ਨਾਲ, ਪਿੱਠ 'ਤੇ ਹੱਥ ਰੱਖਿਆ ਤੇ ਕਿਹਾ ਬੇਟਾ! ਜੇ ਕਿਸੇ ਫੁੱਲ ਨੂੰ ਨਹੀਂ ਤੋੜਨਾ ਤਾਂ ਚੋਲਾ ਸੰਭਾਲ ਕੇ ਚੱਲੀਦਾ ਹੁੰਦਾ ਹੈ। ਸਾਰੀ ਜ਼ਿੰਦਗੀ ਗੁਰੂ ਹਰਿਰਾਇ ਸਾਹਿਬ ਮਹਾਰਾਜ ਜੀ ਨੇ ਚੋਲਾ ਪਹਿਨ ਲੈਣਾ, ਇਕੱਠਾ ਕਰਕੇ ਖੱਬੀ ਬਾਂਹ ਦੇ ਉਤੇ ਰੱਖ ਲੈਣਾ, ਪੱਲੇ ਇਕੱਠੇ ਕਰ ਲੈਣੇ। ਗੁਰਿਆਈ ਵੀ ਕੀਤੀ, ਸਾਰੀ ਜ਼ਿੰਦਗੀ ਬਤੀਤ ਕਰੀ ਪਰ ਉਹ ਜਿਹੜਾ ਇੱਕੋ ਵਕਤ ਦਾ ਉਪਦੇਸ਼

ਸੀ ਛੋਟੀ ਉਮਰ ਦੇ ਅੰਦਰ; ਬੱਚੇ ਸੀਗੇ ਨਿੱਕੇ ਜਿਹੇ, ਉਹ ਉਸਨੂੰ ਹਮੇਸ਼ਾ ਹੀ ਕਮਾਉਂਦੇ ਰਹੇ ਕਿ ਮੇਰੇ ਗੁਰੂ ਦਾ ਆਦੇਸ਼ ਹੈ। ਸੋ ਉਨ੍ਹਾਂ ਦਾ ਅੱਜ ਗੁਰਿਆਈ ਦਾ ਦਿਵਸ ਆਪਾਂ ਮਨਾ ਰਹੇ ਹਾਂ ਤੇ ਆਪ ਨਿਰੀ ਪਿਆਰ ਦੀ ਮੂਰਤ ਸੀ, ਇੱਕ ਨਵਾਂ ਸਬਕ ਦੇ ਰਹੇ ਸੀ ਕਿ ਜੱਪ-ਤੱਪ ਕਰਦੇ-ਕਰਦੇ, ਜਪੀ ਹਾਰ ਗਏ; ਤੱਪ ਕਰਦੇ ਤਪੀ ਹਾਰ ਗਏ, ਵਰਤ ਰਖਦੇ, ਵਰਤ ਰੱਖਣ ਵਾਲੇ ਹਾਰ ਗਏ, ਪੁਠਾ ਲਟਕਦੇ ਪੁਠਾ ਲਟਕਣ ਵਾਲੇ ਹਾਰ ਗਏ, ਧੂਣੀਆਂ ਤਾਪਦੇ ਧੂਣੀਆਂ ਤਾਪ ਕੇ ਹਾਰ ਗਏ; ਜਲ ਧਾਰੇ ਕਰਨ ਵਾਲੇ ਜਲ ਧਾਰੇ ਕਰਦੇ ਹਾਰ ਗਏ, ਬਰਫਾਂ 'ਚ ਬੈਠ ਕੇ ਸਰੀਰ ਗਾਲਣ ਵਾਲੇ ਹਾਰ ਗਏ, ਸੈਂਕੜੇ ਸਾਲਾਂ ਦੀਆਂ ਸਮਾਧੀਆਂ ਲਾਉਣ ਵਾਲੇ ਥੱਕ ਗਏ, ਲੇਕਿਨ ਪ੍ਰਮੇਸ਼ਰ ਨਹੀਂ ਮਿਲ ਸਕਿਆ ਕਿਸੇ ਨੂੰ। ਵਾਹਿਗੁਰੂ ਜੋ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੈ, ਨਾਲ ਰਹਿੰਦਾ ਹੈ ਨਹੀਂ ਮਿਲਦਾ ਕਿਸੇ ਨੂੰ। ਸੋ ਆਪ ਜੀ ਨੇ ਬਹੁਤ ਹੀ ਸੁਖਾਲਾ ਤਰੀਕਾ ਦੱਸਿਆ ਕਿ ਪ੍ਰੇਮੀਓਂ ਵਾਹਿਗੁਰੂ ਨਿਰਾ ਪਿਆਰ ਹੈ, ਜਿਸ ਦੇ ਹਿਰਦੇ ਵਿੱਚ ਪਿਆਰ ਦਾ ਵਾਸਾ ਹੋ ਜਾਵੇ, ਜਿਸ ਦੇ ਹਿਰਦੇ ਵਿੱਚ ਖਿੱਚ ਪੈਣੀ ਸ਼ੁਰੂ ਹੋ ਜਾਵੇ, ਜਿਸ ਦੇ ਹਿਰਦੇ ਵਿੱਚੋਂ ਕੁਰੱਤਣ ਤੇ ਰੁਖਾਪਣ ਨਿਕਲ ਜਾਵੇ, ਦ੍ਵੈਤ ਨਿਕਲ ਜਾਵੇ, ਦੁਸ਼ਮਣ ਵੀ ਆਪਣੇ ਲੱਗਣ ਲੱਗ ਜਾਣ, ਦੁਸ਼ਮਣ ਕੋਈ ਨਾ ਰਹੇ, ਕਹਿੰਦੇ ਉਹ ਹਿਰਦੇ ਦੇ ਅੰਦਰ ਪਿਆਰ ਦੀ ਰੌ ਰੁਮਕਦੀ ਹੈ ਫੇਰ ਖਿੱਚਾਂ ਪੈਂਦੀਆਂ ਨੇ। ਉਹ ਜਿਹੜੀ ਖਿੱਚ ਪੈਂਦੀ ਹੈ, ਉਹ ਐਡੀ ਪ੍ਰਬਲ ਹੈ ਕਿ ਉਹਦੇ ਅੱਗੇ ਵਾਹਿਗੁਰੂ ਜੀ ਠਹਿਰਦੇ ਨਹੀਂ ਹਨ, ਵਾਹਿਗੁਰੂ ਜੀ ਨੂੰ ਆਉਣਾ ਪੈਂਦਾ ਹੈ। ਉਹ ਖਿੱਚ ਖਾਂਦੇ ਨੇ, ਹੋਰ ਕੋਈ ਤਰੀਕਾ ਨਹੀਂ। ਉਹ ਫੇਰ ਭਿੱਜ ਜਾਂਦੇ ਨੇ, ਸੋ ਆਪ ਨੇ ਫੁਰਮਾਨ ਕੀਤਾ ਕਿ ਪਿਆਰ ਦਾ ਰਸਤਾ ਸਾਰਿਆ ਨਾਲੋਂ ਸੁਖਾਲਾ ਰਸਤਾ ਹੈ, ਹੁਣ ਇਹਦੇ 'ਚ ਜਿਹਦੇ ਨਾਲ ਪਿਆਰ ਹੋਵੇ ਉਹ ਇੱਕ ਸਕਿੰਟ ਵਾਸਤੇ ਵੀ ਅੱਖਾਂ ਤੋਂ ਓਹਲੇ ਨਹੀਂ ਹੋਇਆ ਕਰਦਾ। ਉਹਦੀ ਗੈਰਹਾਜ਼ਰੀ ਨਹੀਂ ਮਹਿਸੂਸ ਹੋਇਆ ਕਰਦੀ ਕਦੇ ਵੀ ਜਿਹਦੇ ਨਾਲ ਪਿਆਰ ਹੋਵੇ। ਸਾਨੂੰ ਤਾਂ ਸ਼ਿਕਾਇਤ ਹੈ ਕਿ ਜੀ ਭਜਨ ਕਰਦੇ ਹਾਂ ਧਿਆਨ ਨਹੀਂ ਲੱਗਦਾ, ਮਨ ਨਹੀਂ ਟਿਕਦਾ ਕਿਉਂਕਿ ਪਿਆਰ ਦੇ ਵਿੱਚ ਨਹੀਂ ਅਸੀਂ ਆਏ, ਪਿਆਰ ਦੇ ਮੰਡਲ ਤੋਂ ਬਾਹਰ-ਬਾਹਰ ਫਿਰਦੇ ਹਾਂ, ਜਿਹਦੇ ਨਾਲ ਪਿਆਰ ਹੋ ਜਾਵੇ, ਉਹਦੇ ਲਈ ਤਾਂ ਸ਼ਿਕਾਇਤ ਹੀ ਨਹੀਂ ਹੁੰਦੀ, ਉਹ ਤਾਂ ਹਰ ਵਕਤ ਹੀ ਯਾਦ ਰਹਿੰਦਾ ਹੈ। ਸੁੱਤੇ ਵੀ ਜਾਗਦੇ ਵੀ। ਗੱਲ ਕਰੋ ਤਾਂ ਉਨ੍ਹਾਂ ਦੀ, ਸੋ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਿਆਰ ਹੈ, ਪਿਆਰ ਵਾਲੇ ਦੀ ਗੱਲ ਸੁਣਨ ਨੂੰ। ਮਹਾਰਾਜ ਕਹਿੰਦੇ -

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ ॥ ਅੰਗ - ੫੫੮*

ਕੀ ਦੇਈਏ ਉਸਨੂੰ। ਦੇਖੀਆਂ ਸਭ ਚੀਜ਼ਾਂ ਕਿ ਆਹ ਦੇ ਦੇਈਏ, ਆਹ ਦੇ ਦੇਈਏ, ਕਹਿੰਦੇ ਸਾਰਿਆ ਨਾਲੋਂ ਪਿਆਰਾ ਸੀਸ ਹੁੰਦਾ ਹੈ। ਬਿਨਾਂ ਸੀਸ ਤੋਂ ਸੇਵਾ ਕਰੀਏ। ਸੀਸ ਵੱਢ ਕੇ ਉਹਨੂੰ ਬੈਠਣ ਵਾਸਤੇ ਬਣਾ ਦਿੱਤਾ ਜਾਵੇ ਮੂੜ੍ਹਾ। ਸੋ ਵੱਡੀ ਕੁਰਬਾਨੀ ਹੈ। ਪਿਛਲੇ ਸਬਦ ਵਿੱਚ ਸੀ ਕਿ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ੩ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ ੪ ॥*
*ਪਖਾ ਫੇਰੀ ਪਾਣੀ ਢੋਵਾ..........॥ ਅੰਗ - ੭੫੭*

ਅਗਲੀ ਤੁਕ ਕਿਹੜੀ ਹੈ, ਧਿਆਨ ਦੇਵੋ। ਪੱਖਾ ਤਾਂ ਬਹੁਤ ਸਾਰੇ ਫੇਰਦੇ ਨੇ, ਪਾਣੀ ਵੀ ਢੋਂਦੇ ਨੇ, ਪਰ ਅਗਲੀ ਗੱਲ ਜਿਹੜੀ ਹੈ ਉਹ ਹੈ -

*.................... ਜੋ ਦੇਵਹਿ ਸੋ ਖਾਈ ॥*
*ਅੰਗ - ੭੫੭*

ਹੇ ਵਾਹਿਗੁਰੂ! ਤੇਰੀ ਸੇਵਾ ਕਰਦੇ ਜੋ ਕੁਛ ਵੀ ਪ੍ਰਾਪਤ ਹੋ ਜਾਵੇ, ਉਹ ਮੈਂ ਖਾਵਾਂ, ਕਦੇ ਸ਼ਿਕਵਾ ਨਾ ਕਰਾਂ ਕਿ ਮੈਨੂੰ ਆਹ ਚੀਜ਼ ਮਿਲ ਜਾਵੇ, ਮੈਨੂੰ ਆ ਮਿਲ ਜਾਵੇ। ਜੇ ਦੁੱਖ ਦੇ ਦਿੱਤਾ ਤਾਂ, ਤਾਂ ਵੀ ਮੈਂ ਤੇਰਾ ਹੀ ਹਾਂ। ਜੇ ਸੁੱਖ ਦੇ ਦਿੱਤਾ ਤਾਂ ਵੀ। ਜੇ ਭੁੱਖ ਦੇ ਦਿੱਤੀ ਤਾਂ ਮੈਂ ਭੁੱਖਾ ਹੀ ਰੱਜਿਆ ਰਹਾਂ, ਕਿਉਂਕਿ ਤੇਰੇ ਵਲੋਂ ਆਈ ਹੋਈ ਹੈ।

ਸੋ ਇਹ ਪਿਆਰ ਜਿਸਦੇ ਹਿਰਦੇ 'ਚ ਸਮਾ ਜਾਵੇ, ਵੱਡੇ ਭਾਗਾਂ ਵਾਲਾ ਪੁਰਸ਼ ਹੁੰਦਾ ਹੈ ਜਿਹਦੇ ਹਿਰਦੇ 'ਚ ਪਿਆਰ ਆ ਜਾਵੇ। ਕਿਉਂਕਿ ਪੱਥਰ ਦਿਲ ਨੇ, ਉਹ ਪੱਥਰ ਦਿਲ ਜਿਹੜੇ ਨੇ-

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨ ॥ ਅੰਗ - ੧੩੭੯*

ਉਹ ਤਾਂ ਮਸਾਣ ਹੋਇਆ ਕਰਦੇ ਨੇ। ਮਸਾਣਾਂ ਦੀ ਮਿੱਟੀ ਜਿਹੜੀ ਜਲੀ ਹੋਈ ਹੈ, ਉਥੇ ਘਾਹ ਬੀਜ ਕੇ ਦੇਖ ਲਓ, ਹਰਾ ਨਹੀਂ ਹੁੰਦਾ, ਕਿਉਂਕਿ ਜਲ ਗਈ ਮਿੱਟੀ। ਏਸੇ ਤਰ੍ਹਾਂ ਮੋਹ ਮਾਇਆ ਦੇ ਨਾਲ ਜਿਹਦਾ ਹਿਰਦਾ ਜਲਿਆ ਹੋਇਆ ਹੈ। ਉਥੇ ਪਿਆਰ ਨਹੀਂ ਹੋਇਆ ਕਰਦਾ। ਉਹ ਤਾਂ ਮਸਾਣ ਹੋਇਆ ਕਰਦੀ ਹੈ। ਉਥੇ ਬਿਰਹਾ ਨਹੀਂ ਹੁੰਦਾ, ਖਿੱਚ ਨਹੀਂ ਹੁੰਦੀ। ਖਿੱਚ ਬਗੈਰ ਵਾਹਿਗੁਰੂ ਨਹੀਂ ਮਿਲਦਾ। ਹੋਰ ਕੋਈ ਤਰੀਕਾ ਨਹੀਂ ਹੈ। ਇਸ ਤਰ੍ਹਾਂ ਦੇ ਨਾਲ ਬਾਣੀ ਦਾ ਸਿਧਾਂਤ ਹੈ -

*ਧਾਰਨਾ - ਨਹੀਓਂ ਭਿੱਜਦੇ ਹਰਿ ਜੀ*
*ਬਿਨਾਂ ਸੱਚੇ ਪ੍ਰੇਮ ਤੋਂ।*
*ਤੀਰਥ ਕੋਟ ਕੀਏ ਇਸਨਾਨ*
*ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ॥*
*ਦੇਸ ਫਿਰਿਓ ਕਰ ਭੇਸ ਤਪੋਧਨ,*
*ਕੇਸ ਧਰੇ ਨ ਮਿਲੇ ਹਰਿ ਪਿਆਰੇ॥*

*ਆਸਨ ਕੋਟ ਕਰੇ ਅਸਟਾਂਗ,*
*ਧਰੇ ਬਹੁ ਨਿਆਸ ਕਰੇ ਮੁਖ ਕਾਰੇ॥*
*ਦੀਨ ਦਇਆਲ ਅਕਾਲ ਭਜੇ ਬਿਨੁ*
*ਅੰਤ ਕੋ ਅੰਤ ਕੇ ਧਾਮ ਸਿਧਾਰੇ॥*

*ਤ੍ਵਪ੍ਰਸਾਦਿ ਸਵੱਯੇ (ਅਕਾਲ ਉਸਤਤਿ 'ਚੋਂ)*

ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਆਪ ਨੇ ਫੁਰਮਾਨ ਕਰਿਆ ਹੈ, ਕਿ ਕਰੋੜਾਂ ਤੀਰਥ ਕੀਤੇ ਰੱਬ ਨੂੰ ਮਿਲਣ ਵਾਸਤੇ, ਵੱਡੇ-ਵੱਡੇ ਦਾਨ, ਆਪਣਾ ਸਰੀਰ ਵੀ ਦਾਨ ਵਿੱਚ ਦੇ ਦਿੱਤਾ, ਵੱਡੇ-ਵੱਡੇ ਵਰਤ ਧਾਰਨ ਕਰ ਲਏ, ਬੇਅੰਤ ਕਿਸਮ ਦੇ ਭੇਸ ਜਾ ਕੇ ਰਿਸ਼ੀਆਂ-ਮੁਨੀਆਂ ਦੇ ਵਿੱਚ ਕਰ ਲਏ, ਦੇਸ਼ਾਂ-ਦੇਸ਼ਾਤਰਾਂ 'ਚ ਫਿਰਿਆ, ਲੈ ਕੇ ਵੱਡੇ-ਵੱਡੇ ਕੇਸ ਸਿਰ ਦੇ ਉਤੇ ਧਰ ਲਏ, ਮਹਾਰਾਜ ਕਹਿੰਦੇ ਐਉਂ ਤਾਂ ਨਹੀਂ ਮਿਲਣਾ ਰੱਬ। ਅਸ਼ਟਾਂਗ ਯੋਗ ਕਰੇ ਤੇ ਚੌਰਾਸੀ ਆਸਣ ਸਿੱਧਾ ਦੇ ਹੁੰਦੇ ਨੇ, ਮਹਾਰਾਜ ਕਹਿੰਦੇ ਕਰੋੜ ਆਸਣ ਕਰ ਲੈ, ਚੌਰਾਸੀ ਛੱਡ ਦੇ। ਵੱਡੇ-ਵੱਡੇ ਵਰਤ ਧਰੇ, ਮੂੰਹ ਕਾਲਾ ਕਰਕੇ ਫਿਰਦਾ ਰਿਹਾ, ਸੁੰਦਰਤਾ ਖਰਾਬ ਕਰ ਲਈ ਆਪਣੀ, ਸੁੱਕ ਗਿਆ, ਪਰ ਮਹਾਰਾਜ ਕਹਿੰਦੇ ਜੇ ਵਾਹਿਗੁਰੂ ਨਾਲ ਪਿਆਰ ਨਹੀਂ ਨਾ ਪਿਆ, ਤਾਂ ਕਹਿੰਦੇ ਧਰਮਰਾਜ ਦੀ ਦੁਨੀਆਂ 'ਚ ਜਾਣਾ ਪੈਂਦਾ ਹੈ। ਕੀ ਹੋ ਗਿਆ ਜੇ ਸਿਰ ਮੁਨਾ ਲਿਆ ਜਾਂ ਸਿਰ ਦੇ ਉਤੇ ਜਟਾਂ ਧਰ ਲਈਆਂ, ਜਾ ਕੇ ਤਪੱਸਿਆ ਵਾਲੀ ਥਾਂ 'ਤੇ ਭੇਖ ਦਿਖਾਉਣ ਲੱਗ ਗਿਆ। ਕੀ ਹੋ ਗਿਆ ਜੇ ਅੱਖਾਂ ਖੋਲ੍ਹਦਾ ਹੀ ਨਹੀਂ, ਅੱਖਾਂ ਮੀਚ ਕੇ ਬਗਲੇ ਵਾਂਗੂੰ ਬੈਠਾ ਰਹਿੰਦਾ ਹੈ। ਝੂੰਮ-ਝੂੰਮ ਕੇ ਗੁਣ ਗਾਉਂਦਾ ਹੈ -

*ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ*
*ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥*

*ਅੰਗ - ੪੫੦*

ਬੇਅੰਤ ਰਾਗਾਂ ਦੇ ਨਾਲ, ਬੇਅੰਤ ਨਾਦਾਂ ਦੇ ਨਾਲ, ਬੇਅੰਤ ਸਾਜਾਂ ਦੇ ਨਾਲ ਝੂੰਮ-ਝੂੰਮ ਕੇ ਗੁਣ ਗਾ ਰਿਹਾ ਹੈ। ਮਹਾਰਾਜ ਕਹਿੰਦੇ ਫੇਰ ਕੀ ਹੋ ਗਿਆ?

*ਕਹਾਂ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ*
*ਲੋਕ ਗਇਓ ਪਰਲੋਕ ਗਵਾਇਓ॥*
*ਬਾਸੁ ਕੀਓ ਬਿਖਿਆਨ ਸੋ ਬੈਠ ਕੇ*
*ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ॥*

*ਤ੍ਵਪ੍ਰਸਾਦਿ ਸਵੱਯੇ*

ਆਰਤੀ ਕਰਦਾ ਹੈ, ਧੂਪ ਜਗਾਉਂਦਾ ਹੈ, ਸੰਖ ਵਜਾਉਂਦਾ ਹੈ, ਘੜਿਆਲਾਂ ਵਜਾਉਂਦਾ ਹੈ, ਫੁੱਲ ਸੁੱਟਦਾ ਹੈ; ਮਹਾਰਾਜ ਕਹਿੰਦੇ ਤੁਸੀ ਕਹੋ ਨਾ ਕਹੋ, ਬਿਨਾਂ ਪਿਆਰ ਤੋਂ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਗੁਰੂ ਤਾਂ ਨਿਰਾ ਹੀ ਪਿਆਰ ਮੰਗਦਾ ਹੈ ਸਾਧਸੰਗਤ ਜੀ, ਗੁਰੂ ਤਾਂ ਸਿੱਖ ਨੂੰ ਹਰ ਵਕਤ ਉਡੀਕਦਾ ਹੈ ਕਿ ਮੇਰਾ ਸਿੱਖ ਮੇਰੇ ਕੋਲ ਆਵੇ, ਕਿਉਂਕਿ ਗੁਰੂ ਪਿਆਰ ਦੀ ਮੂਰਤ ਹੁੰਦਾ ਹੈ। ਗੁਰੂ ਤੇ ਪ੍ਰਮੇਸ਼ਰ ਦੇ ਵਿਚ ਫਰਕ ਨਹੀਂ ਹੋਇਆ ਕਰਦਾ। ਇੱਕੋ ਹੋਇਆ ਕਰਦੇ ਨੇ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਦੇ ਜੀਵਨ ਦੇ ਅੰਦਰ ਜਿਨ੍ਹਾਂ ਦੀ ਗੁਰਗੱਦੀ ਦਾ ਆਪਾਂ ਦਿਵਸ ਮਨਾ ਰਹੇ ਹਾਂ, ਆਪ ਦੇ ਇਤਿਹਾਸ ਦੇ ਅੰਦਰ ਇੱਕ ਐਸੀ ਘਟਨਾ ਆਉਂਦੀ ਹੈ, ਬੇਅੰਤ ਨੇ ਵੈਸੇ ਤਾਂ, ਲੇਕਿਨ ਇੱਕ ਦਾ ਜ਼ਿਕਰ ਆਪਾਂ ਕਰਦੇ ਹਾਂ ਕਿ ਇੱਕ ਕਿਸੇ ਦੂਰ ਪਿੰਡ ਦੇ ਅੰਦਰ ਕੋਈ ਮਾਤਾ ਰਹਿੰਦੀ ਸੀ, ਆਮ ਸਾਧਾਰਣ ਸੀ ਲੇਕਿਨ ਸਤਿਸੰਗ ਦਾ ਨਹੀਂ ਸੀ ਓਸ ਨੂੰ ਪਤਾ ਕਿ ਕੀ ਹੁੰਦਾ ਹੈ, ਰੱਬ ਕੀ ਹੁੰਦਾ ਹੈ, ਤੇ ਜਿਵੇਂ ਆਮ ਲੋਕ ਪਾਪ ਵੀ ਕਰਦੇ ਨੇ, ਪੁੰਨ ਵੀ ਕਰਦੇ ਨੇ, ਵੈਸਾ ਹੀ ਜੀਵਨ ਸੀ ਉਹਦਾ। ਇੱਕ ਵਾਰੀ ਐਸਾ ਹੋਇਆ, ਕਿ ਕੋਈ ਪੂਰਨ ਮਹਾਂਪੁਰਸ਼, ਹਰੀ ਦਾ ਜੱਸ ਕਰਦੇ-ਕਰਦੇ, ਗੁਰੂ ਦੇ ਸਿੱਖ ਉਸ ਦੇ ਨਗਰ ਵਿੱਚ ਆ ਗਏ। ਓਥੇ ਸਤਿਸੰਗ ਹੋਣਾ ਸ਼ੁਰੂ ਹੋ ਗਿਆ ਤੇ ਸਤਿਸੰਗ ਦੇ ਵਿੱਚ ਓਹੀ ਜਾਂਦੇ ਨੇ ਜਿਨ੍ਹਾਂ ਦੇ ਮੱਥੇ ਦੇ ਵਿੱਚ ਕਲਮ ਨਾਲ ਲੇਖ ਲਿਖਿਆ ਹੋਵੇ, ਦੂਜਾ ਨਹੀਂ ਜਾ ਸਕਿਆ ਕਰਦਾ, ਕੋਲ ਜਾ ਕੇ ਬਾਹਰ ਬੈਠ ਜਾਂਦਾ ਹੈ। ਕਿਉਂਕਿ ਉਹਨੂੰ ਦਾਖਲਾ ਨਹੀਂ ਮਿਲਦਾ। ਆਹ ਜਿਹੜੀਆਂ ਗੁਪਤ ਤਾਕਤਾਂ ਨੇ ਉਹ ਧੱਕਾ ਮਾਰਦੀਆ ਨੇ, ਜੇ ਆ ਵੀ ਜਾਵੇ ਤਾਂ ਕੰਨ ਬੰਦ ਕਰ ਦਿੰਦੀਆਂ ਨੇ, ਉਹਨੂੰ ਸੁਣਨ ਤਕ ਨਹੀਂ ਦਿੰਦੀਆਂ। ਕਿਉਂਕਿ ਭਾਗ 'ਚ ਲਿਖਿਆ ਹੋਇਆ ਸੀ, ਥੋੜ੍ਹਾ ਜਿਹਾ ਸੀ ਕਿ ਨੇਤਰਾਂ ਦੇ ਨਾਲ ਸੰਗਤ ਦੇ ਦਰਸ਼ਨ ਕਰ ਲਓ, ਇਹਦਾ ਵੀ ਬੜਾ ਭਾਰਾ ਪੁੰਨ ਹੈ। ਲੇਕਿਨ ਅਜੇ ਐਡਾ ਪੁੰਨ ਨਹੀਂ ਸੀ ਕਿ ਸਤਿਸੰਗ ਸਰਵਣ ਕਰ ਲਓ।

ਸੋ ਪ੍ਰੇਮੀ ਜਾਣੇ ਸ਼ੁਰੂ ਹੋ ਗਏ। ਇਹ ਵਡੇਰੀ ਉਮਰ ਦੀ ਸੀ ਥੋੜ੍ਹੀ, ਬਾਲ-ਬੱਚੇ ਚੜ੍ਹਾਈ ਕਰ ਗਏ ਸੀ, ਘਰਵਾਲਾ ਵੀ ਚੜ੍ਹਾਈ ਕਰ ਗਿਆ ਸੀ, ਇਕੱਲੀ ਰਹਿੰਦੀ ਸੀ, ਮਿਹਨਤ ਮਜੂਰੀ ਕਰਕੇ ਆਪਣਾ ਜੀਵਨ ਬਤੀਤ ਕਰਦੀ ਸੀ, ਤਰਸ ਆ ਗਿਆ ਕਿਸੇ ਬੀਬੀ ਨੂੰ ਕਹਿਣ ਲੱਗੀ ਮਾਤਾ! ਆਪਣੇ ਨਗਰ ਦੇ ਅੰਦਰ ਸਤਿਸੰਗ ਹੁੰਦਾ ਹੈ, ਤੇ ਤੂੰ ਵੀ ਚੱਲ, ਭਲਾ ਹੋ ਜਾਂਦਾ ਹੈ। ਸੰਗਤ ਵਿੱਚ ਜਾਣ ਦਾ ਮਹਾਂਪੁਰਸ਼ਾਂ ਨੇ ਦੱਸਿਆ ਹੈ ਕਿ ਐਨਾ ਫਲ ਹੁੰਦਾ ਹੈ ਕਿ ਇੱਕ ਕਦਮ ਜੇ ਕੋਈ ਚੱਲ ਕੇ ਆ ਜਾਵੇ, ਇੱਕ ਅਸ੍ਵਮੇਧ ਯੱਗ ਦਾ ਫਲ ਉਹਨੂੰ ਮਿਲ ਜਾਂਦਾ ਹੈ। ਤੂੰ ਵੀ ਸ਼ਰਧਾ ਦੇ ਨਾਲ ਚੱਲ, ਤੇ ਮਾਤਾ ਜਿਸ ਵਕਤ ਸੰਗਤ ਵਿਚ ਗਈ, ਓਸ ਵੇਲੇ ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸੇ ਵਿਚਾਰ ਆ ਰਹੇ ਸੀ-

*ਧਾਰਨਾ - ਇਹੋ ਤੇਰੀ ਵਾਰੀ ਹੈ*
*ਗੋਬਿੰਦ ਮਿਲਣੇ ਦੀ।*

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥*

*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥*
*ਅੰਗ - ੧੨*

ਵਿਆਖਿਆ ਹੋਈ ਕਿ ਬੜੀ ਦੇਰ ਤੋਂ ਬਾਅਦ ਫਿਰਦੇ-ਫਿਰਦੇ ਨੂੰ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥ ਅੰਗ - ੬੩੧*

ਭਾਈ ਤੂੰ ਐਉਂ ਨਾ ਸਮਝ ਕਿ ਤੇਰਾ ਸਰੀਰ ਹੁਣੇ ਹੀ ਪੈਦਾ ਹੋਇਆ ਹੈ, ਜਦ ਮਾਂ ਦੇ ਪੇਟ 'ਚੋਂ ਪੈਦਾ ਹੋਇਆ ਹੈਂ, ਪੁਛਦਾ ਹੈ ਕੋਈ ਬੰਦਾ ਕਿ ਤੇਰੀ ਕਿੰਨੀ ਉਮਰ ਹੈ? ਅਣਜਾਣ ਬੰਦਾ ਕਹਿੰਦਾ ਹੈ ਕਿ ਮੇਰੀ 40 ਸਾਲ ਦੀ ਉਮਰ ਹੈ। ਮੇਰੀ 50 ਸਾਲ ਦੀ ਉਮਰ ਹੈ। ਜਿਹੜਾ ਜਾਣਕਾਰ ਹੈ ਉਹ ਚੁੱਪ ਕਰ ਜਾਂਦਾ ਹੈ। ਫੇਰ ਉਹਨੂੰ ਪੁੱਛਿਆ ਜਾਂਦਾ ਹੈ ਕਿ ਤੇਰੀ ਕਿੰਨੀ ਉਮਰ ਹੈ। ਦੇਖ ਲੈ ਕਿ ਅਣਜਾਣ ਬੰਦਾ ਪੁੱਛ ਰਿਹਾ ਹੈ, ਕਿ ਜਾਣਕਾਰ ਪੁੱਛ ਰਿਹਾ ਹੈ। ਜੇ ਤਾਂ ਅਣਜਾਣ ਬੰਦਾ ਪੁੱਛਦਾ ਹੈ, ਤਾਂ ਤਾਂ ਸਰੀਰ ਦੀ ਉਮਰ ਦੱਸ ਦਿੰਦਾ ਹੈ। ਜੇ ਜਾਣਕਾਰ ਪੁੱਛਦਾ ਹੈ ਤਾਂ ਉਹ ਤਾਂ ਕਹਿੰਦਾ ਹੈ ਕਿ ਮੈਨੂੰ ਤਾਂ ਮੇਰੀ ਉਮਰ ਦਾ ਪਤਾ ਹੀ ਨਹੀਂ। ਕੋਈ ਨਹੀਂ ਪਤਾ ਕਿ ਮੈਂ ਕਦ ਤੋਂ ਤੁਰਿਆ ਆ ਰਿਹਾ ਹਾਂ। ਏਸ ਗੱਲ ਦੀ ਕੋਈ ਸੋਝੀ ਨਹੀਂ ਹੈ। ਇਹ ਵੀ ਨਹੀਂ ਪਤਾ ਮੈ ਕਿਹੜਾ-ਕਿਹੜਾ ਸਰੀਰ ਧਾਰਨ ਕੀਤਾ ਹੈ। ਕਿਉਂਕਿ ਮਹਾਰਾਜ ਇਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ।*
*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

ਥੋੜ੍ਹਾ ਸਮਾਂ ਨਹੀਂ, ਕਰੋੜਾਂ ਸਾਲ, ਅਰਬਾਂ ਸਾਲ, ਮਹਾਰਾਜ ਕਹਿੰਦੇ ਲੰਘ ਗਏ, ਕੀ ਬਣਦਾ ਰਿਹਾ, ਸਫਰ ਤਾਂ ਲੰਮਾ ਹੋਇਆ, ਉਮਰ ਤਾਂ ਫੇਰ ਬਹੁਤ ਵੱਡੀ ਹੋਈ। ਕੱਪੜੇ ਪਾਏ ਨੇ, ਕਦੇ ਸਿਆਲ ਦੇ ਪਾ ਲਏ, ਕਦੇ ਗਰਮੀਆਂ ਦੇ ਪਾ ਲਏ, ਪਹਿਨਦੇ ਆਏ ਹਾਂ ਕਰਮਾਂ ਦੇ ਮੁਤਾਬਿਕ ਕੱਪੜੇ; ਚਾਰ ਖਾਣੀਆਂ ਨੇ -ਅੰਡਜ, ਜੇਰਜ, ਸੇਤਜ, ਉਤਭੁਜ। ਅੰਡਿਆਂ ਤੋਂ ਪੈਦਾ ਹੋਣ ਵਾਲੇ, ਜੇਰ ਤੋਂ ਪੈਦਾ ਹੋਣ ਵਾਲੇ, ਮੁੜ੍ਹਕੇ ਤੋਂ ਪੈਦਾ ਹੋਣ ਵਾਲੇ ਤੇ ਧਰਤੀ ਦੀ ਗਰਮੀ ਤੋਂ ਪੈਦਾ ਹੋਣ ਵਾਲੇ। ਇਹ ਚਾਰਾਂ ਦੇ ਵਿੱਚ ਇੱਕੀ-ਇੱਕੀ ਲੱਖ ਕਿਸਮ ਦੀਆਂ ਜੂਨੀਆਂ ਨੇ; ਇਨ੍ਹਾਂ ਸਾਰੀਆਂ ਦੇ ਵਿਚੋਂ ਹੋ ਕੇ ਆਪਾਂ ਆਏ ਹਾਂ, ਹੁਣ ਉਮਰ ਬੁੱਝੋ ਕਿੰਨੀ ਹੈ ਪੱਥਰ ਕਈ ਸਾਲ ਹੋ ਗਏ, ਬਰੋਟਾ ਬਣ ਗਏ, ਕਿੰਨੇ ਸਾਲ ਪਿੱਪਲ ਬਣੇ, ੨੪ ਲੱਖ ਕਿਸਮ ਦੇ ਰੁਖ ਬਿਰਖ, ਨਾਗਾਂ ਦੀਆ ਕੁਲਾਂ ਵਿਚ ਵੀ ਘੁੰਮਦੇ ਰਹੇ ਹਾਂ, ਖੱਡਾਂ 'ਚ ਨੱਠ-ਨੱਠ ਵੜਦੇ ਰਹੇ ਹਾਂ, ਪੰਖੀ ਬਣ ਕੇ ਘੁੰਮਦੇ ਰਹੇ ਹਾਂ, ਉਡ ਕੇ ਔਹ ਟਾਹਣੇ 'ਤੇ, ਉਡ ਕੇ ਦੂਜੇ ਟਾਹਣੇ 'ਤੇ, ਹੁਣ ਉਮਰ ਕੀ ਦੱਸੀ ਜਾਵੇ ਆਪਣੀ, ਮਹਾਰਾਜ ਕਹਿੰਦੇ, ਤੈਨੂੰ ਇਹ ਦੇਹੀ ਬੜੀਆਂ ਦੇਹਾਂ ਤੋਂ ਬਾਅਦ ਪ੍ਰਾਪਤ ਹੋਈ ਹੈ। ਤੂੰ ਹੁਣ ਪ੍ਰਮੇਸ਼ਰ ਦਾ ਨਾਮ ਜੱਪ ਭਾਈ। ਜਿਹੜਾ ਤਾਂ ਸੋਝੀ ਵਾਲਾ ਬੰਦਾ ਹੈ, ਜਿਹਦੇ ਨੇਤਰ ਖੁਲ੍ਹੇ ਹੋਏ ਨੇ, ਜਿਹੜਾ ਜਾਗਦਾ ਹੈ, ਉਹਨੂੰ ਪੁੱਛ ਲਓ ਉਮਰ, ਉਹ ਸਰੀਰ ਦੀ ਨਹੀਂ ਦੱਸਦਾ। ਅਣਜਾਣ ਬੰਦਾ ਪੁਛੇ ਉਹਨੂੰ ਦੱਸ ਦਏਗਾ। ਜਾਣਕਾਰ ਨੂੰ ਨਹੀਂ ਦੱਸਦਾ, ਜਾਣਕਾਰ ਨੂੰ ਤਾਂ ਉਹ ਕਹਿੰਦਾ ਹੈ ਕਿ ਮੈਨੂੰ ਪਤਾ ਹੀ ਨਹੀਂ ਮੇਰੀ ਉਮਰ ਕਿੰਨੀ ਹੈ।

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*
*ਅੰਗ - ੪*

ਵਾਹਿਗੁਰੂ ਹੀ ਜਾਣਦਾ ਹੈ ਕਿ ਅਸੀਂ ਕਦੋਂ ਦੇ ਭਟਕਦੇ ਫਿਰਦੇ ਹਾਂ, ਸੋ ਹੁਣ ਸਾਡੀ ਵਾਰੀ ਆ ਗਈ। ਪਹਿਲਾਂ ਵੀ ਮਨੁਖ ਬਣੇ ਸੀ, ਮਹਾਰਾਜ ਕਹਿੰਦੇ ਹਾਂ, ਬਹੁਤ ਵਾਰੀ ਬਣੇ ਹਾਂ। ਫੇਰ ਮਹਾਰਾਜ ਸਾਨੂੰ ਓਦੋਂ ਨਾ ਸੋਝੀ ਆਈ? ਮਹਾਰਾਜ ਕਹਿੰਦੇ, ਨਾ, ਸੋਝੀ ਕਿਤੇ ਸਾਰਿਆਂ ਨੂੰ ਆਉਂਦੀ ਹੈ, ਵਿਰਲੇ-ਵਿਰਲੇ ਨੂੰ ਆਉਂਦੀ ਹੈ। ਕੋਈ-ਕੋਈ ਪ੍ਰੇਮੀ ਹੈ ਜਿਹਨੂੰ ਸੋਝੀ ਆ ਜਾਵੇ, ਬਾਕੀ ਤਾਂ ਗੇੜਾ ਖਾਂਦੇ ਨੇ ਇੱਥੇ, ਚੱਕਰ ਖਾਂਦੇ ਨੇ, ਹਲਟ ਦੀਆਂ ਟਿੰਡਾਂ ਦੇ ਵਿੱਚ ਕੋਈ ਚੀਜ਼ ਬੈਠ ਜਾਵੇ, ਡੱਡੂ ਹੀ ਬੈਠ ਜਾਵੇ ਬਾਹਰ ਆਉਣਾ ਚਾਹੁੰਦਾ ਹੈ, ਜੇ ਤਾਂ ਪਾਰਛੇ ਦੇ ਵਿੱਚ ਛਾਲ ਮਾਰੇ ਪਾਰੀ ਵਿੱਚ ਤਾਂ, ਤਾਂ ਨਿਕਲ ਜਾਂਦਾ ਹੈ ਬਾਹਰ, ਔਲੂ 'ਚ ਆ ਜਾਏਗਾ, ਚੁਬੱਚੇ 'ਚ ਆ ਕੇ ਫੇਰ ਬਾਹਰ ਨਿਕਲ ਜਾਏਗਾ। ਜੇ ਉਵੇਂ ਜਿਵੇਂ ਟਿੰਡ ਨੂੰ ਫੜ ਕੇ ਬੈਠਾ ਰਿਹਾ, ਫੇਰ ਟਿੰਡ ਨੇ ਤਾਂ ਹੇਠਾਂ ਨੂੰ ਜਾਣਾ ਹੈ, ਪਹਿਲਾਂ ੪੨ ਲੱਖ ਟਿੰਡਾਂ ਉਪਰ ਨੂੰ ਚੜ੍ਹਦੀਆਂ ਨੇ, ੪੨ ਲੱਖ ਟਿੰਡਾਂ ਹੇਠਾਂ ਨੂੰ ਜਾਂਦੀਆਂ ਨੇ। ਉਹ ਤਾਂ ਗੇੜੇ ਹੀ ਖਾਂਦਾ ਜਾਂਦਾ ਹੈ, ਜਦੋਂ ਮਨੁੱਖ ਆਪਾਂ ਬਣੇ ਹਾਂ, ਤੁਸੀਂ ਤੇ ਮੈਂ ਸਾਰੇ ਹੀ ਬਣੇ ਹਾਂ, ਹੁਣ ਗੁਰੂ ਮਹਾਰਾਜ ਅਵਾਜ਼ਾਂ ਦਿੰਦੇ ਨੇ, ਓ ਪ੍ਰੇਮੀਓ! ਜਾਗ ਲਓ, ਜਾਗ ਲਓ। ਨਾ ਕਰੋ ਦੁਨੀਆਂ ਦੀਆਂ ਗੱਲਾਂ, ਨਾ ਦੁਨੀਆਂ 'ਚ ਫਸੋ। ਕੀ ਦੁਨੀਆਂ 'ਚੋਂ ਖੱਟ ਕੇ ਲੈ ਗਏ ਤੁਹਾਡੇ ਬਜ਼ੁਰਗ। ਉਹ ਵੀ ਚਲੇ ਗਏ ਖਾਲੀ ਹੱਥ।

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ - ੧੩੬੫*

ਲੱਖਾਂ, ਕਰੋੜਾਂ ਰੁਪਿਆਂ ਵਾਲੇ ਵੀ ਚਲੇ ਗਏ, ਅਸੀਂ ਕੀ

ਬਣਾ ਲਵਾਂਗੇ। ਪਰਾਲਬਧ ਤਾਂ ਵਾਹਿਗੁਰੂ ਨੇ ਲਿਖੀ ਹੋਈ ਹੈ, ਉਹ ਤਾਂ ਜ਼ਰੂਰ ਮਿਲਣੀ ਹੈ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*

*ਅੰਗ - ੧੦*

ਫੇਰ ਕਹਿੰਦਾ ਹੈ ਕਿ ਜੇ ਮੈਂ ਨਾ ਕਰਾਂ ਫੇਰ ਕਿਵੇਂ ਮਿਲ ਜਾਏਗਾ, ਜੇ ਹੱਥ ਪੈਰ ਨਾ ਹਿਲਾਵਾਂ। ਕਹਿੰਦੇ ਤੇਰੇ ਹੱਥ 'ਚ ਨਹੀਂ ਹੱਥ ਪੈਰ ਹਿਲਾਉਣਾ, ਉਹ ਤਾਂ ਵਾਹਿਗੁਰੂ ਹੀ ਹਿਲਾਉਂਦਾ ਹੈ। ਤੈਨੂੰ ਅਧਰੰਗ ਹੋ ਜਾਏ, ਲਾ ਲੈ ਜ਼ੋਰ ਜਿੰਨਾ ਲਾਉਣਾ ਹੈ। ਕਿਵੇਂ ਹਿਲਾ ਲਏਂਗਾ। ਫੇਰ ਤਾਂ ਪਾਸਾ ਵੀ ਨਹੀਂ ਲੈ ਹੁੰਦਾ। ਤੇਰਾ ਤਾਂ ਅਖਤਿਆਰ ਹੀ ਨਹੀਂ ਹੈ ਪ੍ਰੇਮੀਆਂ! ਇਹ ਤਾਂ ਅਖਤਿਆਰ ਓਸ ਮਾਲਕ ਦਾ ਹੈ, ਜਿਹਨੇ ਸਰੀਰ ਦਿੱਤਾ ਹੋਇਆ ਹੈ। ਉਹ ਸ਼ਕਤੀ ਦਿੰਦਾ ਹੈ -

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥*

*ਅੰਗ - ੬੫੩*

ਕਿਰਤ ਨੇ ਧੱਕਾ ਮਾਰਿਆਂ ਅਰਬ ਕੰਟਰੀਆਂ ਦਾ, ਓਥੇ ਚਲਿਆ ਜਾਏਗਾ। ਅਮਰੀਕਾ ਦਾ ਮਾਰਿਆ ਅਮਰੀਕਾ ਚਲਿਆ ਜਾਏਗਾ। ਟਰੱਕਾਂ ਵਿੱਚ ਫਿਰਨ ਦਾ ਮਾਰ ਦਿੱਤਾ ਓਥੇ ਚਲਿਆ ਜਾਏਗਾ। ਢਾਬਿਆਂ 'ਤੇ ਰੋਟੀ ਖਾਈ ਜਾਏਗਾ, ਥਾਂ-ਥਾਂ ਜਾ ਕੇ। ਕਹਿੰਦੇ ਕਿਰਤ ਦਿੰਦੀ ਹੈ ਧੱਕੇ। ਇਹ ਕੰਮ ਦੇ ਵਿੱਚ ਤੂੰ ਪਿਆਂ ਹੋਇਆ ਹੈਂ, ਤੇ ਇਸ ਤੋਂ ਵੀ ਮਾੜਾ ਕੰਮ ਜਿਹੜਾ ਤੂੰ ਕਰਦਾ ਹੈਂ ਨਾ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*

*ਅੰਗ - ੨੬੮*

ਬੜੇ ਜਨਮ ਗਵਾ ਦਿੱਤੇ ਬਾਰ-ਬਾਰ ਮਨੁੱਖ ਬਣ ਕੇ, ਤੇ ਜਾਗ ਨਹੀਂ ਆਈ। ਪਤਾ ਨਹੀਂ ਇਹ ਬੋਲਾ ਹੈ। ਕਹਿੰਦਾ, ਬੋਲਾ ਤਾਂ ਮੈਂ ਹਾਂ ਨਹੀਂ, ਟੈਸਟ ਕਰਾ ਕੇ ਆਇਆ ਹਾਂ ਪੀ.ਜੀ.ਆਈ ਹਸਪਤਾਲ (ਚੰਡੀਗੜ੍ਹ) ਤੋਂ, ਮੇਰੇ ਕੰਨਾਂ 'ਚ ਤਾਂ ਕੋਈ ਨੁਕਸ ਹੀ ਨਹੀਂ। ਮਹਾਰਾਜ ਕਹਿੰਦੇ, ਤੂੰ ਬੋਲਾ ਹੈਂ। ਤੈਨੂੰ ਜਾਗ ਫੇਰ ਕਿਉਂ ਨਹੀਂ ਆਉਂਦੀ? ਹਾਕਾਂ ਮਾਰਦੇ ਨੇ ਚਾਰੇ ਵੇਦ, ਛੇਈਂ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਧਰਮ ਗ੍ਰੰਥ ਸਾਰੇ, ਸਾਰੇ ਮਹਾਤਮਾ, ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਲੱਖਾਂ ਸਾਧੂ ਮਹਾਤਮਾ ਆਵਾਜ਼ਾਂ ਮਾਰ-ਮਾਰ ਕੇ ਜਗਾਉਂਦੇ ਨੇ। ਲੇਕਿਨ ਜਾਗ ਨਹੀਂ ਆਉਂਦੀ ਹੈ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੈਨੂੰ ਗੁਰੂ ਜਗਾਉਂਦੇ ਨੇ,*
*ਗਾਫਲਾ ਤੈਨੂੰ ਜਾਗ ਨਾ ਆਈ।*

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ - ੧੩੭੮*

ਗੁਰੂ ਦੀ ਬਾਣੀ ਮੱਤਾਂ ਦਿੰਦੀ ਹੈ ਕਿ ਪ੍ਰੇਮੀਆਂ! ਜਾਗ ਲੈ -

*ਜਾਗ ਲੇਹੁ ਰੇ ਮਨਾ ਜਾਗ ਲੇਹੁ*
*ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ*
*ਸੋ ਭੀ ਸੰਗਿ ਨ ਹੋਇਆ ॥ ਅੰਗ - ੭੨੬*

ਪਰ ਕੀ ਮਜਾਲ ਹੈ ਕਿ ਜਾਗ ਖੁਲ੍ਹ ਜਾਏ। ਸਰੀਰ ਦੀ ਜਾਗ ਤਾਂ ਖੁਲ੍ਹ ਜਾਂਦੀ ਹੈ, ਮਨ ਦੀ ਜਾਗ ਨਹੀਂ ਖੁਲ੍ਹਦੀ। ਕਹਿੰਦੇ, ਮਨ ਸੁੱਤਾ ਪਿਆ ਹੈ। ਮਹਾਰਾਜ ਕਹਿੰਦੇ ਸਾਰਾ ਹੀ ਸੁੱਤਾ ਪਿਆ ਹੈ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥ ਅੰਗ - ੧੮੨*

ਅੱਖਾਂ ਤੇਰੀਆਂ ਸੌਂ ਗਈਆਂ ਪਰਾਈ ਦ੍ਰਿਸ਼ਟੀ ਦੇ ਵਿਕਾਰ 'ਚ, ਮਾੜੀਆਂ ਗੱਲਾਂ ਸੁਣਦੇ-ਸੁਣਦੇ ਤੇਰੇ ਕੰਨ ਸੌਂ ਗਏ, ਸਵਾਦਾਂ 'ਚ ਪੈ ਕੇ ਜੀਭ ਸੌਂ ਗਈ ਤੇਰੀ, ਝੂਠ ਬੋਲਦੀ ਹੈ, ਫਿੱਕਾ ਬੋਲਦੀ ਹੈ, ਨਿੰਦਿਆਂ ਕਰਦੀ ਹੈ, ਚੁਗਲੀਆਂ ਕਰਦੀ ਹੈ, ਸੁੱਤੀ ਪਈ ਹੈ, ਮਨ ਨੂੰ ਨਸ਼ਾ ਮਾਇਆ ਦਾ ਚੜ੍ਹ ਗਿਆ। ਮਾਇਆ ਕੀ ਹੁੰਦੀ ਹੈ? ਜਿੰਨਾਂ ਕੁਛ ਅੱਖਾਂ ਨਾਲ ਦਿਸੇ, ਜਿੰਨਾਂ ਚਿਰ, ਜਿਹਦਾ ਨਾਉਂ ਹੈ, ਉਹ ਸਾਰੀ ਨੂੰ ਮਾਇਆ ਕਹਿੰਦੇ ਨੇ, ਉਹਦਾ ਨਸ਼ਾ ਚੜ੍ਹਦਾ ਹੈ। ਪੁੱਤਰ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਪੁੱਤਰ ਨਹੀਂ ਹੈ ਉਹਨੂੰ ਪੁੱਛ ਕੇ ਦੇਖ ਲਓ। ਪੈਸੇ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਕੋਲ ਨਹੀਂ ਪੈਸਾ ਉਹਨੂੰ ਪੁੱਛ ਕੇ ਦੇਖ ਲਓ। ਰਾਜਸੀ ਸ਼ਕਤੀ ਦਾ ਨਸ਼ਾ ਚੜ੍ਹਦਾ ਹੈ, ਜਿਹਦੇ ਕੋਲ ਨਹੀਂ ਰਾਜਸੀ ਸ਼ਕਤੀ ਉਹਨੂੰ ਪੁਛ ਕੇ ਦੇਖੋ। ਉਹਦਾ ਹੋਰ ਰਾਹ ਰਹੇਗਾ, ਦੂਜੇ ਦਾ ਹੋਰ। ਓਹੀ ਬੰਦਾ ਜੇ ਰਾਜ ਦੇ ਵਿਚ ਆ ਜਾਏ, ਪੈਸੇ ਦੀ ਸ਼ਕਤੀ ਆ ਜਾਵੇ, ਵਿਦਿਆ ਦੀ ਸ਼ਕਤੀ ਆ ਜਾਵੇ, ਉਹ ਬਦਲ ਜਾਂਦਾ ਹੈ, ਦੂਜਿਆ ਵਰਗਾ ਨਹੀਂ ਰਹਿੰਦਾ। ਸੋ ਮਹਾਰਾਜ ਕਹਿੰਦੇ ਇਹ ਸੌਂ ਗਿਆ-

*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ਅੰਗ - ੧੮੨*

ਸਾਰੀਆਂ ਆਪਣੇ-ਆਪਣੇ ਰਸਾਂ ਵਿੱਚ ਪੈ ਗਈਆਂ। ਕਿਉਂਕਿ ਘਰ ਲੁੱਟਿਆ ਜਾ ਰਿਹਾ ਹੈ ਇਸ ਲਈ ਮਹਾਰਾਜ ਕਹਿੰਦੇ, ਤੈਨੂੰ ਗੁਰੂ ਜਗਾਉਂਦੇ ਨੇ ਜਾਗ ਤੂੰ। ਸਰੀਰ ਨੂੰ ਤਾਂ ਨਹੀਂ ਕਹਿੰਦੇ ਕਿ ਜਾਗ ਲੈ ਸਰੀਰਾ ਜਾਗ ਲੈ। ਮਨ ਨੂੰ ਕਹਿੰਦੇ ਨੇ -

*ਜਾਗ ਲੇਹੁ ਰੇ ਮਨਾ ਜਾਗ ਲੇਹੁ*
*ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ*
*ਸੋ ਭੀ ਸੰਗਿ ਨ ਹੋਇਆ ॥*
*ਮਾਤ ਪਿਤਾ ਸੁਤ ਬੰਧ ਜਨ*
*ਹਿਤੁ ਜਾ ਸਿਉ ਕੀਨਾ ॥ ਅੰਗ - ੭੨੬*

ਜਿਨ੍ਹਾਂ ਨਾਲ ਤੂੰ ਪਿਆਰ ਵਿਚ ਲੱਗਿਆ ਪਿਆ ਹੈਂ ਨਾ, ਪੁੱਤਰਾਂ, ਧੀਆਂ ਨਾਲ, ਇਹ ਪਤਾ ਕੀ ਕਰਦੇ ਨੇ, ਤੈਨੂੰ ਸਾਂਭ ਕੇ ਨਹੀਂ ਰੱਖਣਾ, ਜਿਹੜੇ ਤੈਨੂੰ ਦੇਖੇ ਬਿਨਾਂ ਨਹੀਂ ਜੀਉਂਦੇ ਸੀ, ਜਦ ਸਰੀਰ ਛੱਡ ਜਾਏਂਗਾ -

*ਜੀਉ ਛੂਟਿਓ ਜਬ ਦੇਹ ਤੇ*
*ਡਾਰਿ ਅਗਨਿ ਮੈ ਦੀਨਾ ॥ ਅੰਗ - ੭੨੬*

ਓਸੇ ਵੇਲੇ ਬੰਨ੍ਹ ਕੇ ਭੇਜ ਦੇਣਗੇ। ਅੱਗ ਦੇ ਵਿਚ ਪਾ ਦੇਣਗੇ, ਜਾਂ ਧਰਤੀ ਪੁੱਟ ਕੇ ਵਿਚ ਦੱਬ ਦੇਣਗੇ। ਫੇਰ ਪਿਆਰ ਕਿੱਥੇ ਗਿਆ ਫੇਰ ਕਰੀ ਜਾਣ ਉਹਦੇ ਨਾਲ ਪਿਆਰ, ਅੱਖਾਂ ਖੁਲ੍ਹ ਜਾਂਦੀਆਂ ਨੇ ਕਿ ਇਹ ਨਹੀਂ ਇਹਦੇ 'ਚੋਂ ਨਿਕਲ ਗਿਆ ਜਿਹਨੂੰ ਪਿਆਰ ਕਰਦੇ ਸੀ। ਉਹਨੂੰ ਨੂੰ ਨਾ ਉਹ ਜਾਣਦਾ ਹੈ, ਨਾ ਭਾਈ ਭਰਾ ਜਾਣਦੇ ਨੇ, ਨਾ ਪੁੱਤਰ ਧੀਆਂ ਜਾਣਦੇ ਨੇ। ਮਹਾਰਾਜ ਕਹਿੰਦੇ ਕਿਉਂ ਧੋਖਾ ਖਾਂਦਾ ਹੈਂ। ਬਾਰ-ਬਾਰ ਤੈਨੂੰ ਇਸੇ ਤਰ੍ਹਾਂ ਹੋਇਆ ਹੈ, ਬਹੁਤ ਵਾਰ ਮਨੁੱਖ ਬਣਿਆ ਹੈਂ, ਫੇਰ ਖੁੰਜ ਜਾਂਦਾ ਹੈਂ, ਫੇਰ ਬਣਦਾ ਹੈਂ ਫੇਰ ਖੁੰਜ ਜਾਂਦਾ ਹੈ।

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥ ਅੰਗ - ੧੦੭੫*

ਮਨ ਦੇ ਪਿੱਛੇ ਲੱਗ ਕੇ ਗਲਤੀਆਂ ਕਰਦਾ ਹੈ -

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩*

ਸੋ ਇਸ ਤਰ੍ਹਾਂ ਮਹਾਂਪੁਰਸ਼ ਕਹਿਣ ਲੱਗੇ ਕਿ ਤੂੰ ਗਲਤ ਗੱਲਾਂ 'ਚ ਪਿਆ ਹੋਇਆ ਹੈਂ, ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਗਲਤ ਗੱਲਾਂ ਕਰਦਾ ਹੈਂ, ਨਿੰਦਿਆ ਕਰਦਾ ਹੈ, ਨਿੰਦਿਆ ਕੀ ਕਰਦੀ ਹੈ-

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ - ੭੫੫*

ਮੂੜ੍ਹ ਆਦਮੀ ਨੇ ਜਿਹੜੇ ਨਿੰਦਿਆ ਕਰਦੇ ਨੇ। ਕੁੰਭੀ ਨਰਕ ਵਿੱਚ ਜਾ ਕੇ ਵਾਸਾ ਮਿਲਦਾ ਹੈ। ਕੋਈ ਵੀ ਗਲਤ ਗੱਲ ਕਰਦਾ ਹੈ ਤਾਂ ਉਹਦਾ ਲੇਖਾ ਦੇਣਾ ਪੈਂਦਾ ਹੈ। ਫੇਰ ਔਖਾ ਹੋ ਜਾਂਦਾ ਹੈ, ਉਥੇ ਕੋਈ ਸਹਾਇਤਾ ਨਹੀਂ ਕਰਦਾ। ਮਹਾਰਾਜ ਕਹਿੰਦੇ ਫੇਰ ਤੂੰ ਸਿਆਣਿਆਂ 'ਚ ਹੋਇਆ ਕਿ ਕਾਹਦੇ 'ਚ ਹੋਇਆ। ਤੂੰ ਦੱਸ ਆਪੇ ਹੀ, ਸੋਚ। ਬਈ ਜਨਮ ਤੈਨੂੰ ਮਿਲਿਆ ਸੀ ਪ੍ਰਮੇਸ਼ਰ ਦਾ ਭਜਨ ਕਰਨ ਵਾਸਤੇ, ਇੱਕ ਮਿਸਾਲ ਦੇ ਨਾਲ ਗੱਲ ਸਮਝ ਵਿੱਚ ਆਉਂਦੀ ਹੈ।

ਇੱਕ ਕੋਈ ਆਦਮੀ ਅੰਨ੍ਹਾ ਅੱਖਾਂ ਤੋਂ, ਤੇ ਇੱਕ ਬਾਂਹ ਉਹਦੇ, ਸਿਰ ਤੋਂ ਗੰਜਾ, ਉਹ ਇੱਕ ਕਿਲ੍ਹੇ ਦੇ ਵਿੱਚ ਜਾ ਵੜਿਆ, ਪਹਾੜੀ ਦੇ ਉਤੇ ਕਿਲ੍ਹਾ ਸੀ, ਉਹ ਗੋਲ ਕਿਲ੍ਹਾ ਸੀ, ਸਾਰਾ ਦਿਨ ਘੁੰਮੀ ਗਿਆ, ਭੁੱਖਾ ਤਿਹਾਇਆ ਰੋਣ ਲੱਗ ਗਿਆ ਕਿ ਮੈਨੂੰ ਰਾਹ ਨਹੀਂ ਲੱਭ ਰਿਹਾ, ਬਾਹਰ ਨਿਕਲਣ ਵਾਸਤੇ ਜਿਧਰ ਜਾਂਦਾ ਹੈ, ਕੰਧ ਆ ਜਾਂਦੀ ਹੈ। ਕੰਧ ਮੁਕਦੀ ਹੀ ਨਹੀਂ ਕਿੱਤੇ। ਨਾ ਕੋਈ ਇਹਦਾ ਖੂੰਜਾ ਆਉਂਦਾ ਹੈ। ਉਚੀ-ਉਚੀ ਅਵਾਜ਼ਾਂ ਦੇਣ ਲੱਗ ਗਿਆ ਕਿ ਕੋਈ ਬੰਦਾ ਜੇ ਸੁਣਦਾ ਹੋਵੇ, ਤਾਂ ਮੈਨੂੰ ਬਾਹਰ ਕੱਢੇ। ਤਾਂ ਉਸ ਵੇਲੇ ਇੱਕ ਮਹਾਂਪੁਰਸ਼ਾਂ ਨੂੰ ਤਰਸ ਆਇਆ, ਕਹਿਣ ਲੱਗੇ ਪ੍ਰੇਮੀਆਂ ਉਰ੍ਹੇ ਆ, ਕੀ ਗੱਲ? ਕਹਿੰਦਾ, ਮਹਾਰਾਜ! ਮੈਂ ਅੱਖਾਂ ਤੋਂ ਅੰਨ੍ਹਾ ਹਾਂ, ਮੇਰੇ ਇੱਕ ਬਾਂਹ ਨਹੀ, ਸਿਰ ਮੇਰਾ ਗੰਜਾ ਹੈ, ਪਤਾ ਨਹੀਂ ਮੈਂ ਕਾਹਦੇ ਵਿੱਚ ਆ ਗਿਆ। ਕਹਿੰਦੇ ਦੇਖ ਨਿਕਲਣ ਦਾ ਤਰੀਕਾ ਅਸੀਂ ਤੈਨੂੰ ਦੱਸ ਦਿੰਦੇ ਹਾਂ। ਜੇ ਤੂੰ ਬਚਨ ਕਮਾ ਲਏਂ ਤਾਂ ਨਿਕਲ ਜਾਏਂਗਾ ਜੇ ਨਾ ਬਚਨ ਕਮਾਇਆ ਤਾਂ ਫੇਰ ਨਹੀਂ ਨਿਕਲ ਸਕਦਾ-

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਸੰਤਾਂ ਦਾ ਬਚਨ ਕਮਾ ਲਓ, ਬਾਲ ਬੱਚਿਆਂ ਨੂੰ ਪਾਲਦੇ ਹੋਏ, ਖੇਤੀਆਂ ਕਰਦੇ ਹੋਏ, ਵਣਜ-ਵਪਾਰ ਨੌਕਰੀਆਂ ਕਰਦੇ ਹੋਏ, ਪਾਰ ਲੰਘ ਜਾਓਂਗੇ। ਨਹੀਂ ਸੰਤਾਂ ਦਾ ਬਚਨ ਕਮਾਉਣਾ ਕਰੀ ਜਾਓ ਜਿਹੜਾ ਕੁਛ ਕਰਨਾ ਹੈ। ਕੁਛ ਨਹੀਂ ਹੁੰਦਾ। ਕਹਿੰਦੇ ਬਚਨ ਕਮਾ ਲਏਂਗਾ, ਕਹਿੰਦੇ ਹਾਂ। ਕਹਿੰਦੇ ਐਉਂ ਕਰ ਪਹਿਲਾਂ ਗੱਲ ਸਮਝ, ਇਹ ਗੋਲ ਕਿਲ੍ਹਾ ਹੈ ਇਹਦੇ ਚੌਰਾਸੀ ਦਰਵਾਜੇ ਨੇ, ੮੩ ਨੂੰ ਤਾਲੇ ਲੱਗੇ ਹੋਏ ਨੇ, ਤੇ ਇੱਕ ਖੁਲ੍ਹਾ ਹੈ। ਜੋ ਖੁਲ੍ਹਾ ਹੋਏਗਾ ਉਥੇ ਤੈਨੂੰ ਪਤਾ ਲਗ ਜਾਏਗਾ, ਕੰਧ ਨੂੰ ਹੱਥ ਲਾ ਲਈਂ। ਦਰਵਾਜ਼ੇ ਗਿਣਦਾ ਚਲਿਆ ਜਾਹ, ਨੇੜੇ ਹੀ ਹੈ ਦਰਵਾਜ਼ਾ, ਦੂਰ ਨਹੀਂ ਹੈਗਾ, ਅੱਧਾ ਗੇੜ ਤਾਂ ਤੂੰ ਕੱਢ ਲਿਆ। ਉਸੇ ਤਰ੍ਹਾਂ ਕਰਿਆ। ਉਨ੍ਹਾਂ ਨੇ ਕਿਹਾ ਸੀ ਕਿ ਦੇਖੀਂ ਕੰਧ ਨਾਲੋਂ ਹੱਥ ਨਾ ਚੁੱਕੀਂ। ਜਦ ਖੁਲ੍ਹੇ ਦਰਵਾਜ਼ੇ ਕੋਲ ਆਇਆ। ਉਥੇ ਛੱਤਾ ਲਗਿਆ ਹੋਇਆ ਸੀ ਸ਼ਹਿਦ ਦਾ। ਇੱਕ ਮੱਖੀ ਉਡੀ ਉਡ ਕੇ ਉਹਨੇ ਸਿਰ 'ਤੇ ਡੰਗ ਮਾਰਿਆ। ਬਾਂਹ ਇੱਕੋ ਸੀ ਉਹਦੇ ਨਾਲ ਖਾਰਸ਼ ਕਰਨ ਲੱਗ ਗਿਆ, ਅੱਗੇ ਤੁਰਿਆ ਗਿਆ। ਮੁੜ ਕੇ ਫੇਰ ਕੰਧ ਨੂੰ ਹੱਥ ਲਾ ਲਿਆ। ਦਰਵਾਜ਼ਾ ਲੰਘ ਗਿਆ, ਗਿਣਦਾ ਜਾਂਦਾ ਹੈ। ਸੌ ਤੋਂ ਉਤੇ ਚਲਿਆ ਗਿਆ, ਫੇਰ ਰੋਣ ਲੱਗ ਗਿਆ। ਕਹਿੰਦਾ ਮੇਰੇ ਨਾਲ ਮਖੌਲ ਕਰਿਆ ਹੈ। ਮਹਾਂਪੁਰਸ਼ਾਂ ਨੇ ਫੇਰ ਪੁੱਛ ਲਿਆ, ਉਥੇ ਹੀ ਬੈਠੇ ਸੀ, ਕਹਿੰਦੇ ਕੀ ਗੱਲ, ਨਿਕਲਿਆ ਨਹੀਂ? ਕਹਿੰਦਾ, ਮਹਾਰਾਜ! ਤੁਸੀਂ ਤਾਂ ਚੰਗਾ ਮੇਰੇ ਨਾਲ ਮਖੌਲ ਕਰਿਆ। ਕਹਿੰਦੇ, ਪ੍ਰੇਮੀਆਂ ਅਸੀਂ ਤਾਂ ਮਖੌਲ ਨਹੀਂ ਕਰਿਆ, ਗੱਲ ਸਹੀ ਦੱਸੀ ਸੀ ਤੈਨੂੰ, ਤੇਰੇ ਵਿੱਚ ਗਲਤੀ

ਹੋਏਗੀ। ਐਉਂ ਦੱਸ ਤੂੰ ਹੱਥ ਤਾਂ ਨਹੀਂ ਚੁਕਿਆ? ਕਹਿੰਦਾ ਮਹਾਰਾਜ! ਇੱਕ ਥਾਂ ਚੁੱਕਿਆ ਸੀ, ਮੱਖੀ ਲੜ ਗਈ ਸੀ। ਕਹਿੰਦੇ, ਓਥੋਂ ਤਾਂ ਦਰਵਾਜ਼ਾਂ ਲੰਘ ਗਿਆ ਤੂੰ। ਹੁਣ ਨਾ ਚੁਕੀ, ਦੁਬਾਰਾ ਕਰਿਆ, ਜਦ ਖੁਲ੍ਹਾ ਦਰਵਾਜ਼ਾ ਆਇਆ ਤੇ ਨਿਕਲ ਗਿਆ। ਇਹ ਦ੍ਰਿਸ਼ਟਾਂਤ ਹੈ।

ਮਤਲਬ ਇਹਦਾ ਇਹ ਹੈ ਕਿ ਅਕਾਲ ਪੁਰਖ ਨੇ ਆਹ ਜਿਹੜਾ ਸੰਸਾਰ, ਜਿਹਦੇ ਵਿੱਚ ਆਪਾਂ ਚੱਲ ਰਹੇ ਹਾਂ, ਇਹਦੇ ਚੌਰਾਸੀ ਲੱਖ ਦਰਵਾਜ਼ੇ ਨੇ, ਥੋੜ੍ਹੇ ਬਹੁਤੇ ਨਹੀਂ ਹਨ, ੮੩ ਲੱਖ, 99 ਹਜ਼ਾਰ, 999 ਤਾਂ ਬੰਦ ਨੇ, ਇੱਕ ਦਰਵਾਜ਼ਾ ਖੁਲ੍ਹਾ ਹੈ। ਉਹ ਖੁਲ੍ਹਾ ਦਰਵਾਜ਼ਾ ਹੁਣ ਸਾਡੇ ਕੋਲ ਆਇਆ ਹੋਇਆ ਹੈ, ਲੇਕਿਨ ਸਾਨੂੰ ਵਿਸ਼ੇ ਵਿਕਾਰਾਂ ਦੀ ਖੁਰਕ ਹੋ ਗਈ, ਨਿਕਲ ਨਹੀਂ ਰਹੇ ਬਾਹਰ, ਮੁੜ ਕੇ ਫੇਰ ਉਸੇ ਚੱਕਰ 'ਚ ਪੈਣਾ ਚਾਹੁੰਦੇ ਹਾਂ। ਮੁੜ ਕੇ ਐਸੀਆਂ ਗੱਲਾਂ ਕਰ ਦਿੰਦੇ ਹਾਂ, ਐਹੋ ਜਿਹੇ ਕਰਮ ਕਰ ਦਿੰਦੇ ਹਾਂ, ਕਿ ਸਾਨੂੰ ਭੁਗਤਣੇ ਔਖੇ ਹੋ ਜਾਂਦੇ ਨੇ। ਫੇਰ ਅਸੀਂ ਓਥੇ ਬਹੁਤ ਦੁਖੀ ਹੁੰਦੇ ਹਾਂ -

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ*
*ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥ ਅੰਗ - ੪੭੧*

ਜਨਮ ਲੰਘ ਜਾਂਦਾ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੈਨੂੰ ਬੰਨ੍ਹ ਕੇ ਜਮਾਂ ਨੇ ਮਾਰਨਾ,*
*ਜਨਮ ਗਵਾ ਲਿਆ ਮੂਰਖਾ।*

*ਨਾਨਕ ਨਾਮੁ ਨ ਚੇਤਨੀ*
*ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥*
*ਅੰਗ - ੬੪੮*

ਕਹਿੰਦੇ ਅਗਿਆਨੀ ਤੇ ਅੰਨ੍ਹਿਆ, ਅੰਨ੍ਹਾ ਕਹਿੰਦੇ ਨੇ, ਤੂੰ ਨਾਮ ਨਹੀਂ ਚੇਤਿਆ। ਤੂੰ ਜ਼ਿੰਦਗੀ ਸਾਰੀ ਹੋਰ ਹੀ ਹੋਰ ਕਰਮ ਕਰਦੇ ਨੇ ਲੰਘਾ ਦਿੱਤੀ।

*ਜਮ ਦਰਿ ਬਧੇ ਮਾਰੀਅਹਿ*
*ਫਿਰਿ ਵਿਸਟਾ ਮਾਹਿ ਪਚਾਹਿ ॥ ਅੰਗ - ੬੪੮*

ਇਕੱਲੀ ਮਾਰ ਪੈ ਕੇ ਤਾਂ ਨਹੀਂ ਛੁੱਟ ਜਾਏਂਗਾ। ਵਿਸ਼ਟਾ 'ਚ ਜਾ ਕੇ ਕੀੜਾ ਬਣਨਾ ਪੈਣਾ ਹੈ। ਵਿਸ਼ਟਾ 'ਚੋਂ ਪੈਦਾ ਹੁੰਦਾ ਹੈ, ਫੇਰ ਵਿਸ਼ਟਾ ਵਿੱਚ ਚਲਿਆ ਜਾਂਦਾ ਹੈ।

*ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥*
*ਅੰਗ -੫੧੩*

ਮਾਇਆ ਦਾ ਮੋਹ ਜਿਹੜਾ ਹੈ, ਉਹ ਕਹਿੰਦੇ ਪ੍ਰੇਤ ਲੱਗਿਆ ਹੋਇਆ ਹੈ, ਭੂਤ ਲੱਗਿਆ ਹੋਇਆ ਹੈ। ਪੁੱਤਰਾਂ ਦਾ ਮੋਹ, ਜ਼ਮੀਨ-ਜਾਇਦਾਦ ਦਾ, ਸਰੀਰ ਦਾ, ਆਪਣੀ ਪ੍ਰਭਤਾ ਦਾ, ਆਪਣੇ ਨਾਮ ਦਾ, ਕਹਿੰਦੇ ਇਹ ਜਿਹੜਾ ਮੋਹ ਹੈ ਨਾ ਇਹ ਤੈਨੂੰ ਪ੍ਰੇਤ ਚਿੰਬੜ ਗਿਆ। ਭੂਤ ਚਿੰਬੜਨ 'ਤੇ ਨੱਠੇ ਫਿਰਦੇ ਨੇ ਕਿ ਇਲਾਜ ਕਰੋ ਜੀ। ਆਹ ਭੂਤ ਸਾਰਿਆਂ ਨੂੰ ਲੱਗਿਆ ਹੋਇਆ ਹੈ ਮਾਇਆ ਦਾ। ਇਹਦੇ ਨਾਲ ਚਾਰ ਭੂਤ ਹੋਰ ਨੇ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰਾ। ਕਹਿੰਦੇ ਪੰਜ ਭੂਤ ਲੱਗ ਗਏ। ਪੰਜ ਭੂਤ ਕਹਿੰਦੇ ਨੇ ਉਨ੍ਹਾਂ ਨੂੰ। ਜਿਹਨੂੰ ਇਹ ਭੂਤ ਲੱਗ ਜਾਵੇ ਫੇਰ ਕਹਿੰਦੇ ਉਹ ਗੁਰੂ ਦੀ ਦਰਗਾਹ ਵਿੱਚ ਨਹੀਂ ਜਾਂਦਾ। ਉਹਦਾ ਨਾਉਂ ਕੱਟ ਕੇ ਧਰਮਰਾਜ ਦੀ ਕਾਰਗਾਹ 'ਚ ਲਿਖ ਦਿੰਦੇ ਨੇ।

*ਜਮ ਕੀ ਸਿਰਕਾਰ ਹੈ*
*ਏਨਾ ਉਪਰਿ ਜਮ ਕਾ ਡੰਡੁ ਕਰਾਰਾ ॥*
*ਅੰਗ - ੫੧੩*

ਇਹ ਜਮ ਦੀ ਸਰਕਾਰ ਰਈਅਤ ਬਣ ਜਾਂਦੀ ਹੈ। subject ਬਣ ਜਾਂਦਾ ਹੈ। ਧਰਮਰਾਜ ਦੇ ਰਾਜ ਵਿਚ ਆ ਜਾਂਦੀ ਹੈ, ਇਨ੍ਹਾਂ ਦੇ ਉਤੇ ਕਰਾਰਾ ਜਿਹੜਾ ਕਾਨੂੰਨ ਹੈ ਉਹ ਚਲਦਾ ਹੈ। ਕਾਨੂੰਨ ਕਰਾਰਾ ਕੀ ਹੈ, ਗੁਰਮੁਖ ਜਦੋਂ ਜਾਂਦੇ ਨੇ ਤਾਂ ਧੰਨ-ਧੰਨ ਹੁੰਦੀ ਜਾਂਦੀ ਹੈ। ਜਦੋਂ ਮਨਮੁਖ ਜਾਂਦੇ ਨੇ -

*ਮਨਮੁਖ ਜਮ ਮਗਿ ਪਾਈਅਨ੍ਹਿ*
*ਜਿਨ੍ ਦੂਜਾ ਭਾਉ ਪਿਆਰਾ ॥ ਅੰਗ - ੫੧੩*

ਜਮਾਂ ਦੇ ਰਸਤੇ ਲੈ ਤੁਰਦੇ ਨੇ। ਕਹਿੰਦੇ ਨੇ ਕਿ ਸਵਾ ਸਾਲ ਲੱਗਦਾ ਹੈ। ਮਹਾਰਾਜ ਜੀ ਤਾਂ ਕਹਿੰਦੇ ਨੇ ਕਿ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਅੰਗ - ੨੬੪*

ਕੋਈ ਪਤਾ ਨਹੀਂ ਕਿੰਨੀ ਦੂਰ ਹੈ। ਉਸ ਰਸਤੇ ਪੈਂਦਾ ਹੈ ਤੇ ਜਦੋਂ ਤਕਲੀਫ ਹੁੰਦੀ ਹੈ, ਭੁੱਖਾ ਤਿਹਾਇਆ ਹੁੰਦਾ ਹੈ ਫੇਰ ਕੋਈ ਪੁਕਾਰ ਨਹੀਂ ਸੁਣਦਾ।

ਇੱਕ ਵਾਰੀ ਜਦੋਂ ਅਸੀਂ ੩੪ ਸੈਕਟਰ ਰਹਿੰਦੇ ਸੀ, ਇੱਕ ਬੀਬੀ, ਬੀਜੀ (ਸੰਤ ਮਾਤਾ ਬੀਬੀ ਰਣਜੀਤ ਕੌਰ ਜੀ, ਲੇਖਕ ਦੇ ਧਰਮ ਸੁਪਤਨੀ) ਨੂੰ ਮਿਲੀ। ਉਹਦੇ ਕੋਲ ਪੋਟਲੀਆਂ ਬੰਨ੍ਹੀਆਂ ਹੋਈਆਂ ਸੀ ਹੱਥ ਵਿੱਚ, ਛੋਟੀਆਂ-ਛੋਟੀਆਂ; ਗੁਰਦੁਆਰੇ ਨੂੰ ਲਈ ਜਾਵੇ। ਇਹ ਕਹਿੰਦੇ, ਬੀਬੀ! ਬੜੀਆ ਪੋਟਲੀਆਂ ਬੰਨ੍ਹੀਆਂ ਨੇ, ਕਹਿੰਦੀ ਜੇ ਪੂਰੀ ਗੱਲ ਸੁਣਨੀ ਹੈ ਤਾਂ ਬਹਿ ਜਾਓ। ਖੜ੍ਹ ਗਈਆਂ ਖੜ੍ਹ ਕੇ ਕਹਿਣ ਲੱਗੀ ਕਿ ਮੈਂ ਮਰ ਗਈ ਸੀ, ਮਰੀ ਹੋਈ ਤਾਂ ਜਦ ਮੈਨੂੰ ਲੈ ਕੇ ਤੁਰੇ ਜਮਾਂ ਦੇ ਰਸਤੇ, ਮਾਰਿਆ ਤਾਂ ਮੈਨੂੰ ਹੈ ਨਾ, ਕਿਉਂਕਿ ਮੈਂ ਗੁਰਦੁਆਰੇ ਜਾਂਦੀ ਹੁੰਦੀ ਸੀ ਪਹਿਲਾਂ ਵੀ, ਕੋਈ ਮਾੜਾ ਮੋਟਾ ਸਤਿਸੰਗ ਵੀ ਸੁਣਦੀ ਸੀ। ਪਰ ਕਹਿੰਦੀ ਜਦ ਮੈਨੂੰ ਬਹੁਤ ਪਿਆਸ ਲੱਗੀ, ਜਾਨ ਨਿਕਲਣ ਵਾਲੀ ਹੋ ਗਈ। ਮਹਾਰਾਜ ਕਹਿੰਦੇ ਓਥੇ ਐਨੀ ਪਿਆਸ ਲੱਗਦੀ ਹੈ ਨਾ, ਐਨੀ ਪਿਆਸ ਤੇ ਧੁੱਪ ਹੈ ਓਸ ਥਾਂ, ਜਿਹੜੀ ਦੱਸੀ ਹੀ ਨਹੀਂ ਜਾ ਸਕਦੀ।

*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਅੰਗ - ੨੬੪*

ਮਹਾਰਾਜ ਕਹਿੰਦੇ ਓਥੇ ਪਿਆਸ ਲੱਗਣੀ ਹੈ। ਓਥੇ ਪਿਆਸ ਫੇਰ ਬੁਝਦੀ ਕਾਹਦੇ ਨਾਲ ਹੈ, ਕਹਿੰਦੇ ਜਿਹਨੇ ਨਾਮ ਜਪਿਆ ਹੈ ਨਾ, ਉਹਨੂੰ ਅੰਮ੍ਰਿਤ ਦੀ ਵਰਖਾ ਹੋਣੀ ਸ਼ੁਰੂ ਹੋ ਜਾਂਦੀ ਹੈ।

ਸੋ ਉਹ ਕਹਿੰਦੀ, ਮੈ ਕਿਹਾ ਕਿ ਮੈਨੂੰ ਪਿਆਸ ਲੱਗੀ ਹੋਈ ਹੈ। ਜਾਨ ਨਿਕਲਦੀ ਜਾਂਦੀ ਹੈ। ਫੁੜਕ-ਫੁੜਕ ਕੇ ਗਿਰਾਂ, ਉਨ੍ਹਾਂ ਨੇ ਪਾਣੀ ਲਿਆ ਦਿੱਤਾ ਮੇਰੇ ਮੂਹਰੇ, ਜਿਹੜੇ ਬਰਤਨ ਨੂੰ ਹੱਥ ਲਾਵਾਂ ਉਹ ਸੁੱਕ ਜਾਵੇ। ਕਹਿੰਦੀ, ਮੈਂ ਕਿਹਾ ਭਾਈ! ਇਹ ਤਾਂ ਪਾਣੀ ਮਿਲਦਾ ਨਹੀਂ। ਕਹਿੰਦੇ, ਬੀਬੀ! ਕਿਸੇ ਪਿਆਸੇ ਨੂੰ ਤੂੰ ਪਾਣੀ ਪਿਲਾਇਆ ਸੀ ਜਦ ਦੁਨੀਆਂ ਵਿੱਚ ਸੀ?

ਅਸੀਂ ਤਾਂ ਜੇ ਘੜੇ ਰੱਖ ਦੇਈਏ ਨਾ ਕਿ ਪਿਆਸੇ ਪਾਣੀ ਪੀਈ ਜਾਣਗੇ। ਕਈ ਐਸੇ ਨੇ ਕਿ ਭੰਨ ਜਾਣਗੇ ਇੱਟਾਂ ਮਾਰ ਕੇ। ਨਲਕਾ ਲਾ ਦਿਓ, ਪੁੱਟ ਕੇ ਹੀ ਲੈ ਜਾਣਗੇ। ਉਨ੍ਹਾਂ ਦਾ ਕੀ ਹਾਲ ਹੋਏਗਾ ਦਰਗਾਹ ਵਿੱਚ ਜਾ ਕੇ।

ਬੀਬੀ ਨੂੰ ਕਹਿਣ ਲੱਗੇ ਕਿ ਤੂੰ ਕਿਸੇ ਨੂੰ ਪਾਣੀ ਪਿਲਾਇਆ ਹੈ? ਕਹਿੰਦੀ ਨਾ। ਕਹਿੰਦੇ ਫੇਰ ਇੱਥੇ ਨਹੀਂ ਮਿਲਦਾ। ਇੱਥੇ ਤਾਂ ਬੀਜਿਆ ਹੋਇਆ ਹੀ ਵੱਢੀਦਾ ਹੈ। ਜਿਹੜਾ ਸੰਸਾਰ 'ਚ ਬੀਜ ਕੇ ਆਈ ਹੈਂ ਉਹ ਵੱਢਣਾ ਪੈਂਦਾ ਹੈ। ਭੁੱਖ ਲੱਗੀ ਕਹਿੰਦੀ ਮੈਂ ਦੁਹਾਈ ਮਚਾਈ ਕਿ ਮੈਂ ਤਾਂ ਮਰ ਗਈ ਭੁੱਖੀ। ਥਾਲ ਹੀ ਥਾਲ ਆ ਗਏ। ਬੇਅੰਤ ਕਿਸਮ ਦੇ ਥਾਲ। ਜਿਹੜੇ ਥਾਲ ਨੂੰ ਹੱਥ ਲਾਵਾਂ ਮੇਰੇ ਹੱਥ ਤੋਂ ਉਚਾ ਉਠ ਜਾਵੇ। ਮੈਂ ਕਿਹਾ, ਭਾਈ! ਇਹ ਤਾਂ ਹੱਥ ਨਹੀਂ ਆਉਂਦੇ, ਕਹਿੰਦੇ ਬੀਬੀ! ਤੂੰ ਕਦੇ ਲੰਗਰ ਵਿੱਚ ਰਾਸ਼ਨ ਲਿਆ ਕੇ ਪਾਇਆ ਹੈ। ਕਦੇ ਭੁੱਖੇ ਨੂੰ ਪ੍ਰਸ਼ਾਦਾ ਛਕਾਇਆ ਹੈ ਕਹਿੰਦੀ, ਮੈਂ ਕਿਹਾ ਨਹੀਂ। ਕਹਿੰਦੇ ਫੇਰ ਨਹੀਂ ਮਿਲਣਾ। ਧਰਮਰਾਜ ਕੋਲ ਲੈ ਗਏ, ਦੁਖੀ ਹੋਈ-ਹੋਈ ਹਾਂ ਮੈਂ। ਓਥੇ ਜਾਂਦੇ ਹੀ ਕਹਿੰਦੇ ਮੇਰਾ ਨਾਉਂ ਬੋਲਿਆ। ਕਾਗਜ਼ਾਂ 'ਚ ਕੱਢਿਆ, ਧਰਮਰਾਜ ਕਹਿੰਦਾ ਇਹ ਨਹੀਂ, ਇਹਨਾਂ ਦੇ ਪਿੱਛੇ ਜਿਹੜੀ ਪੜੋਸਣ ਹੈ ਉਹਨੂੰ ਲੈ ਕੇ ਆਉਣਾ ਸੀ। ਕਹਿੰਦੀ, ਮੈਨੂੰ ਤਾਂ ਛੱਡ ਗਏ। ਸਸਕਾਰ ਕਰਨ ਦੀਆਂ ਤਿਆਰੀਆਂ ਕਰਦੇ ਸੀ, ਮੇਰਾ ਪੈਰ ਹਿੱਲ ਗਿਆ, ਉਸ ਤੋਂ ਬਾਅਦ ਮੈਂ ਜੀਉਂਦੀ ਹੋ ਗਈ। ਤੇ ਮੈਂ ਕਿਹਾ ਕਿ ਆਪਣੀ ਪਿਛਲੀ ਪੜੋਸਣ, ਮੇਰੇ ਨਾਉਂ ਤੇ ਹੀ ਉਸਦਾ ਨਾਉਂ ਹੈ, ਉਹਨੇ ਜਾਣਾ ਹੈ। ਜਦ ਦੇਖਿਆ ਤਾਂ ਓਧਰ ਚੀਕ-ਚਿੰਗਿਆੜਾ ਪੈ ਗਿਆ। ਓਸ ਦਿਨ ਦੀ ਭੈਣ ਜੀ ਮੈਂ ਆਹ ਸਾਰੀਆਂ ਪੋਟਲੀਆਂ ਬੰਨ੍ਹ ਲਈਆਂ, ਮੈਨੂੰ ਪਤਾ ਲਗ ਗਿਆ ਕਿ ਦਰਗਾਹ ਵਿਚ ਜਾ ਕੇ ਤਾਂ ਓਹੀ ਮਿਲਣਾ ਹੈ, ਜਿਹੜਾ ਕੁਛ ਅਸੀਂ ਇੱਥੇ ਬੀਜ ਦੇਈਏ। ਜੇ ਖੇਤੀ ਕਰ ਲਈਏ ਨਾ, ਨਾਮ ਦੀ। ਮਹਾਰਾਜ ਕਹਿੰਦੇ ਓਹ ਤਾਂ ਮੁਕਦੀ ਨਹੀਂ, ਜ਼ੋਰ ਲਾ ਲਓ ਜਿੰਨਾਂ ਮਰਜ਼ੀ। ਪੁੰਨ ਦਾਨ ਜਿਹੜੇ ਨੇ ਇਹ ਅੱਧੇ ਤਾਂ ਜਮਦੂਤ ਖਾ ਜਾਂਦੇ ਨੇ, ਰਾਹ ਵਿੱਚ।

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ ॥ ਅੰਗ - ੭੪੭***

ਹੁਣ ਤੁਸੀਂ ਕੀਰਤਨ ਗਾ ਰਹੇ ਓ, ਕੀਰਤਨ ਸੁਣ ਰਹੇ ਓ, ਇਹਦਾ ਫਲ ਕਿੰਨਾ ਹੋਣਾ ਹੈ? ਕਈ ਕਰੋੜ ਜੱਗਾਂ ਦਾ ਫਲ ਤੁਹਾਡੇ ਨਾਲ ਬੰਨ੍ਹਿਆ ਜਾਣਾ ਹੈ। ਮੁਕਦਾ ਹੈ ਕਿਤੇ, ਮੁਕਾ ਕੇ ਦੇਖ ਲਓ। ਸਹਿਜ ਸੁਭਾਅ ਹੀ ਹੈ ਸਤਿਸੰਗਤ ਦਾ ਫਲ। ਸੋ ਕਹਿੰਦੀ ਓਸ ਦਿਨ ਦੀ ਮੈਂ ਇਹ ਕੰਮ ਕਰਦੀ ਹਾਂ। ਸਾਰਾ ਹੀ ਰਾਸ਼ਨ ਲੈ ਕੇ ਜਾ ਕੇ ਗੁਰਦੁਆਰੇ ਦਿੰਦੀ ਹਾਂ। ਐਸਾ ਨਾ ਹੋਵੇ ਕਿ ਮੈਂ ਓਥੇ ਭੁੱਖੀ ਰਹਾਂ। ਮਹਾਰਾਜ ਕਹਿੰਦੇ, ਜੇ ਨਾਮ ਬੀਜ ਲਵੇਂ ਨਾ-

***ਇਹੁ ਮਾਣਸ ਜਨਮੁ ਦੁਲੰਭੁ ਹੈ***
***ਨਾਮ ਬਿਨਾ ਬਿਰਥਾ ਸਭੁ ਜਾਏ ॥***
***ਹੁਣਿ ਵਤੈ ਹਰਿ ਨਾਮੁ ਨ ਬੀਜਿਓ***
***ਅਗੈ ਭੁਖਾ ਕਿਆ ਖਾਏ ॥ ਅੰਗ - ੪੫੦***

ਹੁਣ ਨਾਮ ਬੀਜ ਲੈ, ਫੇਰ ਉਥੇ ਭੁੱਖ ਨਹੀਂ ਲਗਣੀ। ਸੋ ਮਹਾਰਾਜ ਕਹਿੰਦੇ -

***ਮਨਮੁਖ ਜਮ ਮਗਿ ਪਾਈਅਨ੍ਹਿ***
***ਜਿਨ੍ ਦੂਜਾ ਭਾਉ ਪਿਆਰਾ ॥ ਅੰਗ - ੫੧੩***

ਜਿਹਨੇ ਜ਼ਿੰਦਗੀ ਗੁਜ਼ਾਰ ਦਿੱਤੀ ਨਾ, ਪ੍ਰਮੇਸ਼ਰ ਵੱਲ ਪਿੱਠ ਕਰਕੇ। ਕਹਿੰਦੇ, ਉਹਨੂੰ ਫੇਰ ਜਮਾਂ ਦੇ ਰਸਤੇ ਪਾ ਲੈਂਦੇ ਨੇ। ਫੇਰ ਓਥੇ ਜਾ ਕੇ ਉਨ੍ਹਾਂ ਨੂੰ ਕੀ ਕੁਰਸੀਆਂ ਮਿਲਦੀਆਂ ਨੇ? ਆਦਰ ਮਿਲਦਾ ਹੈ? ਮਹਾਰਾਜ ਕਹਿੰਦੇ ਨਾ। ਆਦਰ ਨਹੀਂ ਮਿਲਦਾ, ਉਨ੍ਹਾਂ ਨੂੰ ਬੰਨ ਲੈਂਦੇ ਨੇ -

***ਜਮ ਪੁਰਿ ਬਧੇ ਮਾਰੀਅਨਿ***
***ਕੋ ਸੁਣੈ ਨ ਪੂਕਾਰਾ ॥ ਅੰਗ - ੫੧੩***

ਕੋਈ ਪੁਕਾਰ ਨਹੀਂ ਸੁਣਦਾ, ਕੋਈ ਓਥੇ ਆ ਕੇ ਸਹਾਇਤਾ ਨਹੀਂ ਕਰਦਾ। ਜੇ ਸਹਾਇਤਾ ਕਰਦਾ ਹੈ ਤਾਂ ਕੇਵਲ ਗੁਰੂ ਸਹਾਇਤਾ ਕਰਦਾ ਹੈ, ਤੱਤ ਬੇਤਾ ਮਹਾਂਪੁਰਸ਼ ਸਹਾਇਤਾ ਕਰਦਾ ਹੈ। ਹੋਰ ਦਾ ਤਾਂ ਹੱਥ ਹੀ ਨਹੀਂ ਪਹੁੰਚਦਾ। ਉਹਦਾ ਕਿਹਾ ਹੋਇਆ ਚਲਦਾ ਹੈ ਓਥੇ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਅੰਗ - ੧੮੬***

ਇੱਕ ਵਾਰੀ ਇੱਕ ਮਹਾਤਮਾ ਹੋਏ ਜਿਨ੍ਹਾਂ ਦਾ ਨਾਮ ਭਗਤ ਜੱਲ੍ਹਣ ਸੀ, ਲਾਹੌਰ ਦੇ ਰਹਿਣ ਵਾਲੇ ਸੀ। ਗੁਰੂ ਛੇਵੇਂ ਪਾਤਸ਼ਾਹ ਵੇਲੇ ਸੀ। ਆਪ ਦੇ ਮਨ ਵਿੱਚ ਖਿਆਲ ਆਇਆ ਕਿ ਮੈਂ ਮਿਹਨਤ ਮਜ਼ਦੂਰੀ ਕਰਕੇ ਖਾਵਾਂ, ਦੂਰ ਚਲੇ ਗਏ ਆਪਣੇ ਇਲਾਕੇ ਤੋਂ, ਜਿੱਥੇ ਕੋਈ ਜਾਣਦਾ ਨਹੀਂ ਸੀ। ਕਿਉਂਕਿ ਸੰਤ ਐਸੀਆਂ ਗੱਲਾਂ ਵੀ ਕਰ ਲੈਂਦੇ ਨੇ -

***ਬੁਲ੍ਹਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨ੍ਹੇ,***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਜਾਨਣ ਅਰ ਮੰਨਣ ਨਾਲ ਵਿਘਨ ਪੈ ਜਾਂਦੇ ਨੇ ਸੰਤਾਂ ਨੂੰ। ਸਮਾਂ ਬਰਬਾਦ ਹੋਣਾ ਸ਼ੁਰੂ ਹੋ ਜਾਂਦਾ ਹੈ। ਸੋ ਉਥੇ ਜਾ ਕੇ ਮਜ਼ਦੂਰੀ

ਕਰਦੇ ਰਹੇ, ਆਪਣਾ ਨਾਮ ਓਥੇ ਜੱਲ੍ਹਣ ਜੀ ਦੱਸ ਦਿੱਤਾ। ਬਾਬੂ ਬੜਾ ਸਖਤ ਸੀ, ਲੇਕਿਨ ਇਹ ਟਿਕ ਕੇ ਬੈਠੇ ਰਹਿੰਦੇ ਸੀ, ਜਦੋਂ ਉਹਨੇ ਮਜੂਰੀ ਦੇਣੀ, ਪਿੱਛੋਂ ਸਾਰਿਆਂ ਤੋਂ ਕਹਿਣਾ ਆਓ ਬਾਬਾ ਜੀ, ਆਓ ਜਲ੍ਹਣ ਜੀ, ਆ ਜਾਓ, ਆ ਜਾਓ। ਦੋ ਮਹੀਨੇ ਬਾਅਦ ਬਾਬੂ ਚੜ੍ਹਾਈ ਕਰ ਗਿਆ। ਬਾਬਾ ਜੀ ਆਪਣੀ ਸੁਰਤੀ ਲਾਈ ਬੈਠੇ ਨੇ, ਧਰਮਖੰਡ ਦੇ ਵਿੱਚ ਸੁਰਤ ਨਾਲ ਦੇਖ ਰਹੇ ਨੇ ਕਿ ਜੀਵਾਂ ਦਾ ਹਾਲ-ਚਾਲ, ਕੀ ਦੇਖਦੇ ਨੇ ਕੂਕਾਂ ਪੈਂਦੀਆਂ ਜਾਂਦੀਆਂ ਨੇ।

***ਬਾਰਿ ਵਿਡਾਨੜੈ ਹੁੰਮਸ ਧੁੰਮਸ***
***ਕੂਕਾ ਪਈਆ ਰਾਹੀ ॥ ਅੰਗ - ੫੨੦***

ਪਛਾਣ ਲਿਆ ਇਹ ਤਾਂ ਸਾਡੇ ਵਾਲਾ ਬਾਬੂ ਜਾ ਰਿਹਾ ਹੈ, ਓਸੇ ਵੇਲੇ ਅੱਗੇ ਵਧੇ, ਕਹਿਣ ਲੱਗੇ, ਤੁਸੀਂ ਐਨਾ ਕਿਉਂ ਮਾਰਦੇ ਓ, ਇਸਨੂੰ। ਕਹਿੰਦੇ, ਬਾਬਾ ਜੀ! ਇਹ ਪਾਪੀ ਪੁਰਸ਼ ਹੈ। ਕਹਿੰਦੇ, ਨਹੀਂ, ਏਸਨੇ ਇੱਕ ਪੁੰਨ ਕਰਿਆ ਹੈ, ਜੋ ਤੁਹਾਡੇ ਤੋਂ ਲਿਖਣ ਤੋਂ ਰਹਿ ਗਿਆ। ਕਹਿੰਦੇ, ਬਾਬਾ ਜੀ! ਇਹਦਾ ਪੁੰਨ ਤਾਂ ਹੈ ਨਹੀਂ ਕੋਈ। ਕਹਿੰਦੇ, ਹੈਗਾ, ਸਾਨੂੰ ਪਤਾ ਹੈ, ਤੁਹਾਨੂੰ ਨਹੀਂ ਪਤਾ। ਕਹਿੰਦੇ, ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਹੈ ਕਿ -

***ਜੇ ਕੋ ਜੀਉ ਕਹੈ ਓਨਾ ਕਉ***
***ਜਮ ਕੀ ਤਲਬ ਨ ਹੋਈ ॥ ਅੰਗ - ੧੩੨੮***

ਜਿਹੜਾ ਸੰਤਾਂ ਨੂੰ ਆਦਰ ਨਾਲ ਬਿਠਾ ਵੀ ਲਵੇ ਨਾ, ਥੋੜ੍ਹਾ ਬਹੁਤਾ ਆਦਰ ਸਤਿਕਾਰ ਕਰ ਦੇਵੇ, ਉਹ ਵੀ ਜਮਾਂ ਤੋਂ ਛੁਟ ਜਾਂਦਾ ਹੈ। ਕਹਿੰਦੇ, ਇਹ ਤਾਂ ਮੈਨੂੰ ਜੀ ਕਹਿ ਕੇ ਬੁਲਾਉਂਦਾ ਰਿਹਾ, ਆਓ ਜੱਲ੍ਹਣ ਜੀ, ਆਓ ਬਾਬਾ ਜੀ। ਮਾਰਨਾ ਨਹੀਂ ਹੈ ਇਸਨੂੰ। ਧਰਮਰਾਜ ਕੋਲ ਚਲੇ ਗਏ। ਜਦ ਧਰਮਰਾਜ ਨੂੰ ਕਿਹਾ, ਧਰਮਰਾਜ ਨੇ ਬੜਾ ਅਫਸੋਸ ਕਰਿਆ ਕਿ ਬਾਬਾ ਜੀ ਭੁੱਲ ਹੋ ਗਈ ਸੀ, ਕ੍ਰਿਪਾ ਕਰੀ ਤੁਸੀਂ।

ਹੁਣ ਸਹਾਇਤਾ ਓਸਦੀ ਮਾਂ-ਪਿਓ ਤਾਂ ਕਰ ਨਾ ਸਕੇ ਉਹਦੇ, ਜਿਹੜੇ ਪੈਸੇ ਖਾਂਦੇ ਸੀ। ਕੋਈ ਨਹੀਂ ਕਰ ਸਕਦਾ ਸਹਾਇਤਾ। ਸਹਾਇਤਾ ਤਾਂ ਪੂਰਨ ਪੁਰਸ਼ ਹੀ ਕਰਦਾ ਹੈ -

***ਧਾਰਨਾ - ਤੇਰਾ ਕੋਈ ਨਾ ਬੇਲੀ ਹੋਣਾ,***
***ਬਿਨਾਂ ਗੁਰ ਆਪਣੇ ਤੋਂ।***

ਕੌਣ ਸੁਣੇ ਪੁਕਾਰ, ਪੁਕਾਰ ਸੁਣਨ ਵਾਲਾ ਤਾਂ ਬਣਾਇਆ ਹੀ ਨਹੀਂ ਜ਼ਿੰਦਗੀ ਦੇ ਅੰਦਰ। ਮਹਾਰਾਜ ਕਹਿੰਦੇ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ***
***ਕਢਿ ਲਏ ਅੰਤੀ ਵਾਰ ॥ ਅੰਗ - ੧੨੮੧***

ਗੁਰੂ ਬੇਲੀ ਹੁੰਦਾ ਹੈ ਤੇ ਅੰਤ ਦੇ ਸਮੇਂ ਓਹਦਾ ਕਿਹਾ ਮੰਨਿਆ ਜਾਂਦਾ ਹੈ।

ਰਾਜਾ ਜਨਕ ਨੇ ਅੱਧੀ ਘੜੀ ਨਾਮ ਜੱਪ ਕੇ, ਸਾਰੇ ਨਰਕਾਂ ਦੇ ਕੁੰਡ ਖਾਲੀ ਕਰ ਦਿੱਤੇ। ਕਿੱਡੀ ਤਾਕਤ ਹੈ। ਉਹ ਕ੍ਰਿਪਾ ਕਰਕੇ ਬੇਲੀ ਹੋ ਗਿਆ ਸਾਰਿਆਂ ਦਾ। ਲੇਕਿਨ ਹੁੰਦਾ ਨਹੀਂ ਆਮ ਤੌਰ 'ਤੇ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਜਿੰਨਾ ਚਿਰ ਸੰਸਾਰ 'ਚ ਆ ਕੇ ਗੁਰੂ ਧਾਰਨ ਨਹੀਂ ਕਰਦਾ ਤੇ ਗੁਰੂ ਦੇ ਨਾਲ ਪਿਆਰ ਨਹੀਂ ਪਾਉਂਦਾ। ਗੁਰੂ ਦੇ ਬਚਨ ਨੂੰ ਨਹੀਂ ਕਮਾਉਂਦਾ, ਓਨਾਂ ਚਿਰ ਗੁਰੂ ਬੇਲੀ ਨਹੀਂ ਹੁੰਦਾ। ਜੇ ਗੁਰੂ ਧਾਰਨ ਕਰਕੇ ਚੋਰੀ ਕਰੇ, ਮਹਾਰਾਜ -

***ਚੋਰ ਕੀ ਹਾਮਾ ਭਰੇ ਨ ਕੋਇ ॥***
***ਚੋਰੁ ਕੀਆ ਚੰਗਾ ਕਿਉ ਹੋਇ ॥ ਅੰਗ - ੬੬੨***

ਗੁਰੂ ਧਾਰਨ ਕਰਕੇ ਨਿੰਦਿਆ ਕਰਦਾ ਹੈ, ਗੁਰੂ ਕਹਿੰਦਾ ਹੈ-

***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ***
***ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - ੭੫੫***

ਇਹ ਤਾਂ ਗੁਰੂ ਦਾ ਹੀ ਹੁਕਮ ਹੈ। ਗੁਰੂ ਧਾਰਨ ਕਰਕੇ ਐਉਂ ਨਹੀਂ ਬਚਦਾ, ਗੁਰੂ ਦਾ ਬਚਨ ਕਮਾਉਣਾ ਪੈਂਦਾ ਹੈ। ਜੇ ਗੁਰੂ ਧਾਰਨ ਕਰਕੇ ਈਰਖਾ ਕਰੀ ਜਾਂਦਾ ਹੈ। ਮਹਾਰਾਜ ਕਹਿੰਦੇ ਓਹਦੀ ਵੀ ਕਲਿਆਣ ਨਹੀਂ ਹੁੰਦੀ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮***

ਜਿਹਦੇ ਅੰਦਰ ਈਰਖਾ ਚਲਦੀ ਹੈ ਕਹਿੰਦੇ ਓਹਦਾ ਭਲਾ ਕਿਵੇਂ ਹੋ ਜਾਏਗਾ। ਸੋ ਗੁਰੂ ਦੇ ਨਾਲ ਜਿਹਦੀ ਬਣ ਜਾਵੇ, ਗੁਰੂ ਦੇ ਹੁਕਮ ਨੂੰ ਜਿਹੜਾ ਕਮਾਵੇ ਉਹ ਪਿਆਰਾ ਲੱਗਦਾ ਹੈ। ਪਹਿਲਾਂ ਤਾਂ ਗੁਰੂ ਨਹੀਂ ਮਿਲਦਾ ਜਦ ਤਕ ਭਾਗ ਵਿੱਚ ਨਾ ਹੋਵੇ। ਨਿਗੁਰੀ ਦੁਨੀਆ ਤੁਰ ਜਾਂਦੀ ਹੈ।

***ਸਤਿਗੁਰ ਬਾਝਹੁ ਗੁਰੁ ਨਹੀ ਕੋਈ***
***ਨਿਗੁਰੇ ਕਾ ਹੈ ਨਾਉ ਬੁਰਾ॥ ਅੰਗ - ੪੩੫***

ਜਿਥੇ ਨਿਗੁਰਾ ਪੁਰਸ਼ ਬੈਠ ਜਾਂਦਾ ਹੈ, ਸਵਾ ਗਜ਼ ਗਹਿਰੀ, ਸਵਾ ਗਜ਼ ਚੌੜੀ ਧਰਤੀ ਭ੍ਰਿਸ਼ਟ ਕਰਕੇ ਚਲਿਆ ਜਾਂਦਾ ਹੈ। ਜਿੱਥੇ ਪ੍ਰਭੂ ਦਾ ਪਿਆਰਾ ਬੈਠ ਜਾਵੇ, ਉਹ ਥਾਂ ਪਵਿੱਤਰ ਹੋ ਜਾਂਦੀ ਹੈ-

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥***
***ਅੰਗ - ੩੧੯***

ਓਹ ਸੁਹਾਵਾ ਥਾਂ ਹੋ ਜਾਂਦਾ ਹੈ, ਪੂਜਣਯੋਗ ਥਾਂ ਹੋ ਜਾਂਦਾ ਹੈ। ਪਵਿੱਤਰ ਕਰ ਜਾਂਦਾ ਹੈ ਥਾਂ ਨੂੰ। ਸੋ ਜਿੱਥੇ ਨਿਗੁਰਾ ਬੈਠ ਜਾਵੇ ਉਹ ਥਾਂ ਭ੍ਰਿਸ਼ਟ ਹੋ ਜਾਇਆ ਕਰਦੀ ਹੈ। ਸੋ ਸਮਰਥ ਗੁਰੂ ਜਿਹੜਾ ਹੈ ਉਹ, ਜਦ ਤੱਕ ਮੱਥੇ ਵਿੱਚ ਲੇਖ ਨਾ ਲਿਖਿਆ ਹੋਵੇ ਮਿਲਦਾ ਨਹੀਂ, ਐਸ ਤਰ੍ਹਾਂ ਫੁਰਮਾਨ ਹੈ ਮਹਾਰਾਜ ਦਾ -

***ਧਾਰਨਾ - ਲੇਖ ਧੁਰਾਂ ਤੋਂ ਜਿਨ੍ਹਾਂ ਦੇ ਮੱਥੇ ਲਿਖਿਆ,***
***ਤਿਨਾ ਨੂੰ ਸਤਿਗੁਰ ਆਣ ਮਿਲਦੇ।***

***ਸੋ ਪਾਏ ਪੂਰਾ ਸਤਗੁਰੂ***
***ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ ॥***
***ਅੰਗ - ੫੮੭***

ਜਿਸਦੇ ਮਸਤਕ ਵਿੱਚ ਧੁਰ ਦਰਗਾਹ ਤੋਂ ਲੇਖ ਲਿਖਿਆ ਹੋਇਆ ਹੈ। ਦੂਜੇ ਨੂੰ ਨਹੀਂ ਮਿਲਿਆ ਕਰਦਾ। ਉਹ ਸਤਿਗੁਰੂ ਕੀ ਕਰਦਾ ਹੈ -

*ਭੂਲੇ ਮਾਰਗੁ ਜਿਨਹਿ ਬਤਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥*
*ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥*
*ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥*

*ਅੰਗ - ੮੦੩*

ਉਹ ਸਤਿਗੁਰੂ ਡੁਬਦੇ ਸਿੱਖ ਨੂੰ ਕੱਢ ਲੈਂਦਾ ਹੈ -

*ਧਾਰਨਾ - ਭਵਜਲ ਡੁਬਦੇ ਨੂੰ,*
*ਬਾਂਹ ਫੜ ਕੇ ਸਤਿਗੁਰੂ ਕੱਢਦੇ।*
*ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥*
*ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥*

*ਅੰਗ - ੮੦੪*

ਆਹ ਚਾਰੋਂ ਡੋਬਣ ਵਾਲੀਆਂ ਚੀਜ਼ਾਂ ਮਨ ਵਿੱਚ ਵੱਸ ਗਈਆਂ। ਜੇ ਪੂਰਾ ਗੁਰੂ ਮਿਲ ਗਿਆ, ਉਹਨੇ ਇਨ੍ਹਾਂ ਦੇ ਬੰਧਨ ਕੱਟ ਦੇਣੇ ਨੇ ਤੇ ਮੁਕਤ ਕਰ ਦੇਣਾ ਹੈ।

*ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥*
*ਚਰਨ ਕਮਲ ਗੁਰਿ ਆਸ੍ਰਮੁ ਦੀਆ ॥ ਅੰਗ - ੮੦੪*

ਇਨ੍ਹਾਂ ਚੀਜ਼ਾਂ ਤੋਂ ਛੁਡਾ ਕੇ ਗੁਰੂ ਨੇ ਸਹਾਰਾ ਦੇ ਦਿੱਤਾ ਆਪਣੇ ਚਰਨਾਂ ਕਮਲਾਂ ਦਾ।

*ਅਗਨਿ ਸਾਗਰ ਬੂਡਤ ਸੰਸਾਰਾ ॥ ਅੰਗ - ੮੦੪*

ਸਾਰਾ ਸੰਸਾਰ ਅੱਗ ਦੇ ਸਮੁੰਦਰ ਵਿੱਚ ਡੁਬਦਾ ਚਲਿਆਂ ਜਾਂਦਾ ਹੈ -

*ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥*

*ਅੰਗ - ੮੦੪*

ਜਿਹੜਾ ਪੂਰਾ ਗੁਰੂ ਹੈ ਉਹ ਬਾਂਹ ਫੜ ਕੇ ਕੱਢ ਲੈਂਦਾ ਹੈ। ਸੋ ਉਸ ਤੋਂ ਬਾਅਦ ਵਿਚਾਰ ਹੁੰਦੀ ਰਹੀ ਤੇ ਇਹ ਬੀਬੀ ਸੁਣਦੀ ਰਹੀ -

ਦੀਵਾਨ ਦੀ ਸਮਾਪਤੀ ਹੋ ਗਈ। ਉਸ ਵੇਲੇ ਮਹਾਂਪੁਰਸ਼ਾਂ ਦੇ ਪਾਸ ਇਕੱਲੀ ਗਈ, ਕਹਿਣ ਲੱਗੀ, ਮਹਾਂਪੁਰਸ਼ੋ! ਮੈਂ ਤਾਂ ਪਹਿਲੀ ਵਾਰੀ ਸਤਿਸੰਗ ਸੁਣਿਆ ਹੈ, ਮੈਂ ਜਿਹੜਾ ਕੁਛ ਸੁਣਿਆ ਹੈ ਸੱਚ ਕਰਕੇ ਮੰਨਿਆ ਹੈ। ਕਹਿੰਦੇ, ਬੀਬੀ! ਇੱਥੇ ਝੂਠ ਤਾਂ ਕੋਈ ਬੋਲਿਆ ਹੀ ਨਹੀਂ ਕਰਦਾ। ਇੱਥੇ ਅੱਖਾਂ ਨਾਲ ਦੇਖੀਆਂ ਹੋਈਆਂ ਤੇ ਬਿਲਕੁਲ ਸੱਚ-ਸੱਚ ਗੱਲ ਜਿਹੜੀ ਹੁੰਦੀ ਹੈ ਨਾ, ਉਹ ਕੀਤੀ ਜਾਂਦੀ ਹੈ -

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ - ੮੯੪*

ਸੰਤਾਂ ਦੀ ਗਵਾਹੀ ਸੱਚੀ ਹੁੰਦੀ ਹੈ -

ਉਹ ਉਹੀ ਗੱਲ ਕਹਿੰਦੇ ਹਨ ਜਿਹੜੀ ਅੱਖਾਂ ਨਾਲ ਦੇਖ ਲੈਣ। ਸੋ ਬੀਬੀ, ਅਸੀਂ ਤਾਂ ਅੱਖਾਂ ਨਾਲ ਦੇਖੀਆਂ ਹੋਈਆਂ, ਜਗ ਨਾਲ ਵਰਤੀਆਂ ਹੋਈਆਂ, ਗੁਰੂ ਦਾ ਅਨੁਭਵ ਜਿਹੜਾ ਹੈ ਉਹ ਅਸੀਂ ਦੱਸਿਆ ਸੀ ਸਤਿਸੰਗ ਵਿੱਚ। ਕਹਿੰਦੀ, ਐਸੇ ਤਰ੍ਹਾਂ ਹੋਏਗਾ ਫੇਰ? ਕਹਿੰਦੇ, ਹਾਂ, ਇਸੇ ਤਰ੍ਹਾਂ ਹੋਏਗਾ।

ਕਹਿੰਦੀ, ਸੰਤ ਜੀ! ਮੇਰਾ ਕੀ ਹਾਲ ਹੋਏਗਾ?

ਕਹਿੰਦੇ, ਕੀ ਗੱਲ ਬੀਬੀ ਤੂੰ ਕੋਈ ਹੋਰ ਤਰ੍ਹਾਂ ਦੀ ਹੈਂ?

ਕਹਿੰਦੀ, ਮੈਂ ਦੋ ਲੜਕੀਆਂ ਮਾਰੀਆਂ ਨੇ ਆਪਣੀਆਂ। ਲੜਕੀਆਂ ਮਾਰਨ ਦਾ ਰਿਵਾਜ ਹੁੰਦਾ ਸੀ।

ਕਹਿੰਦੀ, ਮੇਰੀ ਵੀ ਗਤੀ ਹੋ ਜਾਏਗੀ?

ਕਹਿੰਦੇ, ਦੇਖ ਬੀਬੀ! ਜੇ ਤੂੰ ਗੁਰੂ ਦੇ ਨਾਲ ਪਿਆਂਰ ਪਾ ਲਵੇਂ ਨਾ, ਤੇ ਪਿਆਰ ਨਾਲ ਉਨ੍ਹਾਂ ਨੂੰ ਯਾਦ ਕਰੇਂ। ਐਸ ਵੇਲੇ ਸਾਰੀ ਸ੍ਰਿਸ਼ਟੀ ਨੂੰ ਤਾਰਨ ਵਾਲੇ ਗੁਰੂ ਹਰਿਰਾਇ ਸਾਹਿਬ ਮਹਾਰਾਜ ਕੀਰਤਪੁਰ ਸਾਹਿਬ ਦੇ ਅੰਦਰ ਦਰਸ਼ਨ ਦੇ ਰਹੇ ਨੇ। ਗੁਰੂ ਨਾਲ ਪਿਆਰ ਐਉਂ ਤਾਂ ਹੁੰਦਾ ਨਹੀ, ਕਿਵੇਂ ਪਾਵੇ। ਇਹ ਤਾਂ ਖਿੱਚ ਵੱਧਦੀ ਹੁੰਦੀ ਹੈ, ਯਾਦ ਵੱਧਦੀ ਹੁੰਦੀ ਹੈ। ਤੂੰ ਉਹਨੂੰ ਯਾਦ ਕਰ-ਯਾਦ ਕਰ। ਯਾਦ ਕਰਦੇ-ਕਰਦੇ ਤੇਰਾ ਪਿਆਰ ਪੈ ਜਾਏਗਾ। ਫੇਰ ਤੂੰ ਉਨ੍ਹਾਂ ਨਾਲ ਪਿਆਰ ਕਰ ਲੈ, ਉਨ੍ਹਾਂ ਨੂੰ ਭੁੱਲੀਂ ਨਾ। ਹਰ ਵਕਤ ਯਾਦ ਰੱਖੀਂ। ਦੇਖ ਤੈਨੂੰ ਮਿਸਾਲਾਂ ਦੇ ਕੇ ਦਸਦੇ ਹਾਂ। ਚੰਦਰਮਾ ਹੈ ਇਹਦੇ ਨਾਲ ਇੱਕ ਪੰਛੀ ਦਾ ਪਿਆਰ ਹੈ, ਜੁਗਾਂ-ਜੁਗਾਤਰਾਂ ਤੋਂ ਚਲਿਆ ਆਇਆ ਹੈ, ਚੰਦਰਮਾ ਟਸ ਤੋਂ ਮਸ ਨਹੀਂ ਹੋਇਆ ਕਦੇ। ਕਦੇ ਨਹੀਂ ਆ ਕੇ ਮਿਲਿਆ ਕਿ ਚਕੋਰ ਨੂੰ ਮਿਲ ਜਾਵੇ। ਚਕਵੀ ਸੂਰਜ ਨਾਲ ਪਿਆਰ ਕਰਦੀ ਹੈ, ਰਾਤ ਨੂੰ ਐਨੀ ਉਦਾਸ ਹੋ ਜਾਂਦੀ ਹੈ ਕਿ ਜੋੜਾ ਵਿਛੜ ਜਾਂਦਾ ਹੈ, ਵਿਛੜ ਕੇ ਅੱਡ-ਅੱਡ ਹੋ ਜਾਂਦੇ ਨੇ, ਸੂਰਜ ਚੜ੍ਹਦਾ ਹੈ ਫੇਰ ਖੁਸ਼ੀਆਂ ਆ ਜਾਂਦੀਆਂ ਨੇ। ਇਵੇਂ ਜਿਵੇਂ ਕਮਲ ਦਾ ਫੁੱਲ ਹੈ ਇਹਦਾ ਪਾਣੀ ਨਾਲ ਪਿਆਰ ਹੈ, ਪਾਣੀ ਸੁੱਕ ਜਾਏ, ਨਾਲ ਦੀ ਨਾਲ ਮਰ ਜਾਂਦਾ ਹੈ। ਖੇੜਾ ਇਹਦਾ ਖਤਮ ਹੋ ਜਾਂਦਾ ਹੈ। ਸੋ ਇਸੇ ਤਰ੍ਹਾਂ ਦਾ ਪਿਆਰ ਜੇ ਗੁਰੂ ਨਾਲ ਲੱਗ ਜਾਏ ਨਾ, ਜਿਵੇਂ ਖਿੱਚ ਉਨ੍ਹਾਂ ਦੀ ਹੈ। ਕਹਿੰਦੇ, ਚੰਦਰਮਾ ਚੜ੍ਹ ਜਾਂਦਾ ਹੈ, ਚਕੋਰ ਆ ਕੇ ਬਹਿ ਜਾਂਦੀ ਹੈ, ਖਾਣਾ ਪੀਣਾ ਸਭ ਭੁੱਲ ਜਾਂਦਾ ਹੈ। ਜਿੰਨਾਂ ਚਿਰ ਨਿਗ੍ਹਾ ਵਿੱਚ ਰਹਿੰਦਾ ਹੈ, ਓਨਾਂ ਚਿਰ ਅਸਮਾਨ ਵੱਲ ਉਹਨੇ ਝਾਕੀ ਜਾਣਾ ਹੈ, ਉਹਨੇ ਨਹੀਂ ਅੱਖ ਨੀਵੀਂ ਕਰਨੀ। ਗਰਦਨ ਬੇਸ਼ੱਕ ਮੁੜ-ਮੁੜ ਜਾਵੇ ਪਰ ਉਹਨੇ ਦੇਖਦੇ ਹੀ ਰਹਿਣਾ ਹੈ। ਪੂਰਨਮਾਸ਼ੀ ਦੇ ਚੰਨ ਨੂੰ ਚੜ੍ਹਨ ਤੋਂ ਲੈ ਕੇ ਛਿਪਣ ਤਕ ਉਹਨੇ ਦੇਖੀ ਜਾਣਾ ਹੈ, ਹਿਲਣਾ ਨਹੀਂ ਪੈਰ ਨਹੀਂ ਚੁਕਣਾ, ਗਰਦਨ ਮਰੋੜੀ ਜਾਣੀ ਹੈ, ਜਿਧਰ ਨੂੰ ਉਹਨੇ ਘੁੰਮਣਾ ਹੈ। ਸੋ ਐਸਾ ਜੇ ਪਿਆਰ ਤੇਰਾ ਪੈ ਜਾਏ, ਫੇਰ ਗੁਰੂ ਖਿੱਚੇ ਹੋਏ ਆ ਜਾਂਦੇ ਨੇ। ਗੁਰੂ ਤੇਰਾ ਕਲਿਆਣ ਕਰਨਗੇ। ਸਮਰੱਥ ਗੁਰੂ ਨੇ, ਤੂੰ ਉਨ੍ਹਾਂ ਨਾਲ ਪਿਆਰ ਕਰ -

*ਧਾਰਨਾ - ਲਾ ਲੈ ਗੁਰਾਂ ਨਾਲ ਪ੍ਰੀਤੀ,*
*ਜੈਸੀ ਚੰਦ ਤੇ ਚਕੋਰ ਦੀ।*

*ਚੰਦ ਚਕੋਰ ਪਰੀਤ ਹੈ, ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ, ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ, ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੈ, ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ, ਵਾਰ ੨੭/੪*

ਕਹਿਣ ਲੱਗੇ, ਮਾਤਾ! ਕੋਈ ਕਰਮ ਧਰਮ, ਕੋਈ ਜੱਪ ਤੱਪ, ਗੁਰੂ ਨੂੰ ਨਹੀਂ ਰਿਝਾ ਸਕਦਾ। ਗੁਰੂ ਨੂੰ ਜੇ ਰਿਝਾਉਂਦਾ ਹੈ ਤਾਂ ਹਿਰਦੇ ਦਾ ਪਿਆਰ ਰਿਝਾਉਂਦਾ ਹੈ, ਹੋਰ ਕਿਸੇ ਚੀਜ਼ ਨਾ ਰੀਝਿਆ ਨਹੀਂ ਕਰਦਾ, ਕੋਈ ਕਰਮ ਧਰਮ ਨੇੜੇ ਨਹੀਂ ਜਾਂਦਾ –

*ਧਾਰਨਾ – ਨਹੀਓਂ ਭਿੱਜਦੇ ਹਰਿ ਜੀ*
*ਬਿਨਾਂ ਸੱਚੇ ਪ੍ਰੇਮ ਤੋਂ।*

*ਸਚਾ ਅਲਖ ਅਭੇਉ ਹਠਿ ਨ ਪਤੀਜਈ ॥*
*ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥*
*ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥*
*ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥*
*ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥*
*ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥*
*ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥*
*ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥ ੧੭ ॥*
*ਅੰਗ – ੧੨੮੫*

ਬਿਨਾਂ ਪਿਆਰ ਤੋਂ ਮਹਾਰਾਜ ਜੀ ਨੇ ਕਿੰਨਾਂ ਕੁਛ ਗਿਣਿਆ ਹੈ, ਹੱਠ ਕਰਕੇ ਬਹਿ ਜਾਓ, ਕਹਿੰਦੇ ਨੇ ਜੀ ਬੜਾ ਹੱਠ ਕਰਿਆ ਹੈ ਰੱਬ ਖੁਸ਼ ਹੋ ਗਿਆ। ਰੱਬ ਨਹੀਂ ਖੁਸ਼ ਹੁੰਦਾ, ਜਿੰਨਾਂ ਜੀਅ ਕਰਦਾ ਹੈ ਹੱਠ ਕਰ ਲਓ, ਧੁੱਪੇ ਬੈਠੇ ਰਹੋ ਪਾਣੀ 'ਚ ਬੈਠੇ ਰਹੋ। ਰੱਬ ਨਾਲ ਨਹੀਂ ਇਸ ਗੱਲ ਦਾ ਸਬੰਧ। ਇੱਕ ਬੜੀਆਂ ਰਾਗਣੀਆਂ ਗਾ ਰਿਹਾ ਹੈ, ਰਾਗ ਦੇ ਨੇੜੇ ਵੀ ਨਹੀਂ ਜਾਂਦਾ ਰੱਬ।

*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ ॥ ਅੰਗ – ੪੫੦*

ਇੱਕ ਨਚਦੇ ਨੇ, ਗਰਮੀ-ਗਰਮੀ ਹੋਏ ਪਏ ਨੇ, ਸਾਹ ਨਹੀਂ ਲੈ ਰਹੇ, ਘੰਟੇ ਖੜਕਾ ਰਹੇ ਨੇ, ਬੇਅੰਤ ਸਾਜ ਵੱਜ ਰਹੇ ਨੇ, ਨਚਦੇ ਨੇ ਟੱਪਦੇ ਨੇ, ਮਹਾਰਾਜ ਕਹਿੰਦੇ ਇਹਦੇ ਨਾਲ ਤਾਂ ਨਹੀਂ। ਜੇ ਲਾਹਾ ਸੰਸਾਰ ਦੇ ਅੰਦਰ ਹੈ ਪ੍ਰਮੇਸ਼ਰ ਦੀ ਯਾਦ ਦੇ ਵਿੱਚ ਜਿਹਨੂੰ 'ਨਾਮ' ਕਹਿੰਦੇ ਹਨ। ਪਿਆਰ ਜਿਹਦੇ ਹਿਰਦੇ 'ਚ ਪੈਦਾ ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਮਝਾਇਆ ਕਿ ਬੀਬੀ! ਤੂੰ ਗੁਰੂ ਮਹਾਰਾਜ ਨਾਲ ਪਿਆਰ ਕਰ। ਹੋਰ ਕਿਸੇ ਗੱਲ ਦੇ ਨਾਲ ਨਹੀਂ ਉਹ ਭਿੱਜਦੇ, ਉਹ ਪਿਆਰ ਨਾਲ ਭਿੱਜਣੇ ਹਨ। ਦੇਖ ਤੈਨੂੰ ਮੈਂ ਬਚਨ ਸੁਣਾਉਂਦਾ ਹਾਂ, ਭਗਤ ਹੋਏ ਨੇ ਨਾਮਦੇਵ! ਆਪ ਦਾ ਘਰ ਕਿਸੇ ਨੇ ਜਾਲ ਦਿੱਤਾ, ਨਾਮਦੇਵ ਜੀ ਨੂੰ ਪਤਾ ਲੱਗਿਆ ਕਿ ਘਰ ਨੂੰ ਅੱਗ ਲਾ ਦਿੱਤੀ ਕਿਸੇ ਈਰਖਾ ਵਾਲੇ ਨੇ। ਘਰ ਵਿੱਚ ਆਪ ਆ ਗਏ, ਬ੍ਰਹਮ ਬਿਰਤੀ ਵਿਚ ਨੇ –

*ਆਪੇ ਪਾਵਕੁ ਆਪੇ ਪਵਨਾ ॥*
*ਜਾਰੈ ਖਸਮੁ ਤ ਰਾਖੈ ਕਵਨਾ ॥ ਅੰਗ – ੩੨੯*

ਉਹਨੂੰ ਮਾੜਾ ਨਹੀਂ ਕਹਿ ਰਹੇ, ਅੱਗ ਲਾਉਣ ਵਾਲੇ ਨੂੰ। ਅੱਗ ਨੂੰ ਕਹਿ ਰਹੇ ਨੇ, ਕਹਿੰਦੇ ਹੇ ਪ੍ਰਭੂ! ਤੁਸੀਂ ਦਰਸ਼ਨ ਹੋਰ ਰੂਪ ਵਿੱਚ ਦੇ ਰਹੇ ਓ? ਜਿਹੜਾ ਸਮਾਨ ਕੱਢ ਕੇ ਰੱਖਿਆ ਸੀ, ਸਾਰਾ ਹੀ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ। ਸਭ ਜਾਲ ਦਿਤਾ। ਭੋਰਾ ਜਿੰਨਾਂ ਵੀ ਮਨ ਵਿੱਚ ਸ਼ੰਕਾ ਨਹੀਂ ਆਇਆ, ਕਿਉਂਕਿ ਹਰ ਵਕਤ ਪਿਆਰ 'ਚ ਲੀਨ ਰਹਿੰਦੇ ਸੀ, ਅੱਗ ਵਿੱਚ ਵੀ ਵਾਹਿਗੁਰੂ ਨੂੰ ਦੇਖ ਰਹੇ ਸੀ। ਆਰਾਮ ਦੇ ਨਾਲ ਪਾਸੇ ਹੋ ਕੇ ਬੈਠ ਗਏ, ਰਾਤ ਲੰਘ ਗਈ, ਦੂਜਾ ਦਿਨ ਹੋਇਆ ਤਾਂ ਉਨ੍ਹਾਂ ਦੇ ਨਾਨਾ ਜੀ ਨੇ ਕਿਹਾ, ਨਾਮਦੇਵ! ਕੋਈ ਉਪਰਾਲਾ ਕਰੀਏ, ਸਿਰ ਢਕਣ ਨੂੰ ਤਾਂ ਕੋਈ ਥਾਂ ਚਾਹੀਦਾ ਹੈ ਬੇਟਾ! ਆਹ ਫੜ ਵੀਹ ਰੁਪਏ ਤੇ ਸਮਾਨ ਲੈ ਕੇ ਆ। ਉਹ ਵੀਹ ਰੁਪਏ ਓਸ ਵਕਤ ਦੇ ਦੱਸ ਹਜ਼ਾਰ ਦੇ ਬਰਾਬਰ ਹੋਣੇ।

ਨਾਮਦੇਵ ਜੀ ਚਲੇ ਗਏ, ਅੱਗੇ ਸੰਤਾਂ ਦੀ ਇੱਕ ਮੰਡਲੀ ਕਈ ਦਿਨਾਂ ਦੀ ਭੁੱਖੀ ਮਿਲੀ, ਸਾਰੇ ਹੀ ਪੈਸਿਆਂ ਦਾ ਉਨ੍ਹਾਂ ਨੂੰ ਰਾਸ਼ਨ ਲਿਆ ਕੇ ਦੇ ਕੇ, ਆਪ ਉਜਾੜ ਵਿੱਚ ਜਾ ਕੇ ਬਹਿ ਗਏ ਤੇ ਪ੍ਰਭੂ ਨੂੰ ਯਾਦ ਕਰਨ ਲੱਗ ਗਏ। ਇਧਰ ਵਾਹਿਗੁਰੂ ਜੀ ਪਿਆਰ ਦੇ ਬੰਨ੍ਹੇ ਹੋਏ ਬੇਢੀ ਦਾ ਰੂਪ ਧਾਰ ਕੇ ਆ ਗਏ ਤੇ ਛਪਰੀ ਬਣਾ ਦਿੱਤੀ। ਨਾਮਦੇਵ ਜੀ ਨੂੰ ਜਾ ਕੇ ਦੱਸ ਦਿੱਤਾ ਕਿ ਨਾਮਦੇਵ ਜਾਹ, ਕਹਿੰਦਾ ਹੇ ਪ੍ਰਭੂ! ਮੈਂ ਹੁਣ ਸਮਾਨ ਕਿੱਥੋਂ ਲਵਾਂ, ਸਰਕੜਾ ਵਗੈਰਾ। ਪੈਸੇ ਤਾਂ ਤੇਰੇ ਸੰਤਾਂ ਨੂੰ ਛਕਾ ਦਿੱਤੇ। ਉਹ ਕਹਿੰਦੇ, ਤੇਰਾ ਕੰਮ ਬਣਿਆ ਪਿਆ ਹੈ।

ਵਾਹਿਗੁਰੂ ਤਾਂ ਪਿੱਛੇ-ਪਿੱਛੇ ਲੱਗਿਆ ਫਿਰਦਾ ਹੈ, ਕੋਈ ਓਹਦਾ ਕੰਮ ਕਰਕੇ ਦੇਖ ਲਓ, ਉਹ ਆਪ ਕਰਦਾ ਹੈ।

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ ॥ ਅੰਗ – ੧੩੮੨*

ਸਾਰਾ ਸੰਸਾਰ ਤੇਰਾ ਬਣ ਜਾਏਗਾ, ਜੇ ਵਾਹਿਗੁਰੂ ਦਾ ਤੂੰ ਬਣ ਗਿਆ। ਘਰ ਆ ਗਿਆ, ਦੇਖ ਲਿਆ ਕਿ ਛਪਰੀ ਬਣਾ ਗਏ, ਬੜੀ ਪ੍ਰਸੰਸਾ ਹੋ ਰਹੀ ਹੈ। ਪੜੋਸਣ ਉਨ੍ਹਾਂ ਦੀ ਕਹਿਣ ਲੱਗੀ, ਨਾਮਦੇਵ! ਆਹ ਤਾਂ ਕਮਾਲ ਦਾ ਕਾਰੀਗਰ ਤੂੰ ਭੇਜਿਆ ਹੈ, ਦੇਖ ਤਾਂ ਸਹੀ ਐਹੋ ਜਿਹਾ ਤਾਂ ਪੱਕਾ ਮਹੱਲ ਵੀ ਨਹੀਂ ਹੁੰਦਾ, ਜਿਹੋ ਜਿਹੀ ਤੇਰੀ ਛੱਪਰੀ ਹੈ। ਤੂੰ ਮੈਨੂੰ ਦੱਸ ਸਕਦਾ ਹੈਂ ਕਿ ਕਿਸ ਤੋਂ ਬਣਵਾਈ ਹੈ?

*ਪਾੜ ਪੜੋਸਣਿ ਪੂਛਿ ਲੇ ਨਾਮਾ*
*ਕਾ ਪਹਿ ਛਾਨਿ ਛਵਾਈ ਹੋ ॥*
*ਤੋ ਪਹਿ ਦੁਗਣੀ ਮਜੂਰੀ ਦੈਹਉ*
*ਮੋ ਕਉ ਬੇਢੀ ਦੇਹੁ ਬਤਾਈ ਹੋ ॥ ਅੰਗ – ੬੫੭*

ਮੈਨੂੰ ਦੱਸ ਦੇ ਉਹ ਰਹਿੰਦਾ ਕਿੱਥੇ ਹੈ, ਜਿਹਨੇ ਤੇਰੀ ਛਪਰੀ ਬਣਾਈ ਹੈ। ਨਾਮਦੇਵ ਜੀ ਕਹਿਣ ਲੱਗੇ, ਮਜੂਰੀ ਦੁਗਣੀ, ਚੌਗਣੀ,

ਦੱਸ ਗੁਣੀ ਉਹ ਨਹੀਂ ਮੰਗਦਾ, ਨਾ ਬੀਬੀ ਤੇਰੇ ਤੋਂ ਦੇ ਹੋਵੇ। ਕਹਿਣ ਲੱਗੀ, ਨਾਮਦੇਵ, ਤੂੰ ਮੈਨੂੰ ਗਰੀਬ ਸਮਝ ਲਿਆ? ਕਹਿੰਦੇ, ਨਾ ਬੀਬੀ! ਮੈ ਗਰੀਬ ਨਹੀਂ ਸਮਝਦਾ, ਲੇਕਿਨ ਸੰਤਾਂ ਦੀ ਨਿਗ੍ਹਾਂ ਦੇ ਅੰਦਰ ਨਿਰਧਨ ਉਹ ਹੁੰਦਾ ਹੈ, ਜਿਹਦੇ ਹਿਰਦੇ 'ਚ ਨਾਮ ਨਾ ਹੋਵੇ। ਜਿਹੜਾ ਨਾਮ ਵਾਲਾ ਹੈ –

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ – ੫*

ਪਾਤਸ਼ਾਹਾਂ ਦਾ ਪਾਤਸ਼ਾਹ ਹੁੰਦਾ ਹੈ –

*ਭਾਗਠੜੇ ਹਰਿ ਸੰਤ ਤੁਮ੍ਾਰੇ*
*ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ*
*ਸਫਲ ਤਿਨਾ ਕੇ ਕਾਮਾ ॥ ਅੰਗ – ੭੪੯*

ਸੰਤ ਤਾਂ, ਪ੍ਰਮੇਸ਼ਰ ਦੇ ਪਿਆਰੇ ਨੂੰ, ਧਨੀ ਕਹਿੰਦੇ ਨੇ, ਬਾਕੀ ਤਾਂ ਕੰਗਾਲ ਦੁਨੀਆਂ ਫਿਰਦੀ ਹੈ, ਕਿਉਂਕਿ ਮੰਗਤੇ ਨੇ ਸਾਰੇ, ਉਹ ਦਾਤਾ ਹੈ। ਉਹ ਕਦੇ ਵੀ ਨਹੀਂ ਮੰਗਦਾ, ਪ੍ਰਮੇਸ਼ਰ ਦੇ ਪਿਆਰ 'ਚ ਲੀਨ ਹੋਇਆ, ਪਿਆਰ ਦਾ ਹੀ ਰੂਪ ਬਣਿਆ ਹੋਇਆ ਹੈ, ਮੰਗਣਾ ਕਿਸ ਤੋਂ ਹੈ। ਸੋ ਇਹ ਗੱਲ ਬੀਬੀ ਨੂੰ ਤਾਂ ਸਮਝ ਵਿੱਚ ਨਾ ਆਈ। ਕਹਿੰਦੀ, ਮੈਨੂੰ ਦੱਸ ਬੇਢੀ, ਮੈਂ ਮਜੂਰੀ ਦੇ ਦੇਵਾਂਗੀ। ਮੈਨੂੰ ਐਉਂ ਦੱਸ ਤੇਰੇ ਮਿਲਣ ਵਾਲਾ ਹੈ। ਕਹਿੰਦੇ, ਬੀਬੀ! ਮੇਰੇ ਮਿਲਣ ਵਾਲਾ, ਤੂੰ ਕਹਿੰਦੀ ਹੈਂ, ਮੇਰੇ ਤਾਂ ਪ੍ਰਾਣਾਂ ਦਾ ਆਧਾਰ ਹੈ। ਉਹ ਮੇਰੇ ਨਾਲੋਂ ਜੇ ਜ਼ਰਾ ਕੁ ਵੀ ਵਿਛੜ ਜਾਵੇ ਨਾ, ਤਾਂ ਮੌਤ ਹੋ ਜਾਂਦੀ ਹੈ, ਐਨਾ ਮੈਨੂੰ ਪਿਆਰ ਹੈ ਉਹਦੇ ਨਾਲ।

*ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ – ੯*

ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਪ੍ਰਾਣਾਂ ਦਾ ਅਧਾਰ ਬੇਢੀ*
*ਹਮਰੋ–ਬੇਢੀ ਹਮਰੋ।*

*ਰੀ ਬਾਈ ਬੇਢੀ ਦੇਨੁ ਨ ਜਾਈ ॥ ਅੰਗ – ੬੫੭*

ਕਹਿੰਦੀ ਕਿਉਂ ਨਹੀਂ ਉਹ ਦੱਸਿਆ ਜਾਂਦਾ। ਮੈਨੂੰ ਤੂੰ ਉਹਦਾ ਘਰ ਦਸ ਦੇ, ਮੈਂ ਆਪੇ ਚਲੀ ਜਾਵਾਂਗੀ। ਕਹਿੰਦੇ –

*ਦੇਖੁ ਬੇਢੀ ਰਹਿਓ ਸਮਾਈ ॥ ਅੰਗ – ੬੫੭*

ਜਿਧਰ ਵੀ ਤੂੰ ਦੇਖਦੀ ਹੈਂ ਹਰ ਪਾਸੇ ਓਹੀ ਹੈ, ਦੂਜਾ ਨਹੀਂ ਕੋਈ। ਸਾਰਿਆਂ ਦੇ ਅੰਦਰ ਬੇਢੀ ਬੋਲਦਾ ਹੈ। ਕੋਈ ਵੀ ਓਸ ਤੋਂ ਬਾਹਰ ਨਹੀਂ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿੱਚ ਰਾਮ ਬੋਲਦੈ।*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥ ਅੰਗ – ੯੮੮*

ਕਹਿਣ ਲੱਗੇ, ਬੀਬੀ! ਕਿੱਥੋਂ ਮੈਂ ਦੱਸਾਂ, ਆਹ ਜਿੰਨਾਂ ਬੋਲਦਾ ਹੈ –

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ – ੧੨੬੫*

ਸਾਰਿਆ 'ਚ ਮੇਰਾ ਜਿਹੜਾ ਬੇਢੀ ਹੈ ਨਾ ਪਿਆਰਾ, ਉਹ ਬੋਲਦਾ ਹੈ।

*ਰੀ ਬਾਈ ਬੇਢੀ ਦੇਨੁ ਨ ਜਾਈ ॥ ਅੰਗ – ੬੫੭*

ਉਹਨੂੰ ਮੈਂ ਕਿਵੇਂ ਦੇ ਦੇਵਾਂ, ਕਿੱਥੋਂ ਕਹਿ ਦੇਵਾਂ, ਉਹ ਤਾਂ ਸਾਰੇ ਹੀ ਹੈ, ਕੋਈ ਥਾਂ ਐਸਾ ਨਹੀਂ ਜਿੱਥੇ ਉਹ ਨਾ ਹੋਵੇ, ਲੇਕਿਨ ਉਹ ਮੇਰੇ ਪ੍ਰਾਣਾਂ ਦਾ ਅਧਾਰ ਹੈ, ਮੈਂ ਉਹਦੇ ਬਿਨਾਂ ਜੀਉਂਦਾ ਨਹੀਂ ਰਹਿੰਦਾ। ਮਹਾਰਾਜ ਵੀ ਇਸ ਤਰ੍ਹਾਂ ਹੀ ਕਹਿੰਦੇ ਨੇ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ – ੧੪੨*

ਕਹਿੰਦੇ, ਜੀਉਂਦਾ ਉਹ ਹੈ ਜਿਹਦੇ ਹਿਰਦੇ 'ਚ ਨਾਮ ਵੱਸਦਾ ਹੈ, ਪਿਆਰਾ ਵੱਸਦਾ ਹੈ। ਕਿਉਂਕਿ ਉਹ ਨਿਰਾ ਜੀਵਨ ਹੈ, ਜ਼ਿੰਦਗੀ ਹੈ, ਜਿਹਦੇ 'ਚ ਪਰਮ ਜੀਵਨ ਵਸ ਗਿਆ ਉਹ ਜੀਉਂਦਿਆਂ 'ਚ ਹੋ ਗਿਆ। ਕਹਿੰਦੇ, ਮੇਰੇ ਤਾਂ ਪ੍ਰਾਣਾਂ ਦਾ ਆਧਾਰ ਹੈ।

*ਹਮਾਰੈ ਬੇਢੀ ਪ੍ਰਾਨ ਅਧਾਰਾ ॥ ਅੰਗ – ੬੫੭*

ਕਹਿੰਦੀ, ਨਾਮਦੇਵ! ਤੈਨੂੰ ਵੀ ਤਾਂ ਕਿਸੇ ਤਰੀਕੇ ਨਾਲ ਮਿਲ ਗਿਆ, ਤੂੰ ਮੈਨੂੰ ਮਜੂਰੀ ਕਿਉਂ ਨਹੀਂ ਦੱਸਦਾ, ਮੈਂ ਮਜੂਰੀ ਦੀ ਗੱਲ ਕਰਦੀ ਹਾਂ, ਤੂੰ ਹੋਰ ਗੱਲ ਕਰਦਾ ਹੈ। ਜਿਹੜੀ ਮਜੂਰੀ ਤੂੰ ਦਿੱਤੀ ਹੈ ਕੀ ਮੇਰੇ ਤੋਂ ਨਹੀਂ ਦੇ ਹੋਏਗੀ। ਮਾਨਸ ਜਨਮ ਹੈ ਮੇਰਾ ਵੀ, ਕਹਿੰਦੇ ਬੀਬੀ! ਜੇ ਫੇਰ ਮਜੂਰੀ ਦੇਣੀ ਹੈ, ਤਾਂ ਮੈਂ ਤੈਨੂੰ ਦੱਸ ਦਿੰਦਾ ਹਾਂ। ਪ੍ਰਾਣਾ ਦਾ ਆਧਾਰ ਬਣਾ ਓਸ ਨੂੰ। ਸਾਡਾ ਆਧਾਰ ਕੀ ਹੈ ਪੈਸਾ, ਪੈਸਾ ਚਲਿਆ ਜਾਵੇ, ਮਰਨ ਵਾਲਾ ਹੋ ਜਾਂਦਾ ਹੈ। ਕਿਸੇ ਦੇ ਜੀਵਨ ਦਾ ਆਧਾਰ ਪੁੱਤਰ, ਧੀਆਂ ਨੇ, ਕਿਸੇ ਨੂੰ ਕੁਛ ਹੋ ਜਾਵੇ, ਮਰਨ ਵਾਲਾ ਹੋ ਜਾਂਦਾ ਹੈ। ਕਿਸੇ ਦਾ ਆਧਾਰ ਪ੍ਰਭਤਾ ਹੈ, ਪ੍ਰਭਤਾ ਜਾਂਦੀ ਰਹੇ, ਨਿੰਦਿਆ ਹੋਣ ਲੱਗ ਜਾਏ, ਮਰਨ ਵਾਲਾ ਹੋ ਜਾਂਦਾ ਹੈ। ਕਹਿੰਦੇ, ਪਹਿਲਾਂ ਨਾਮ ਨੂੰ ਆਧਾਰ ਬਣਾ, ਪ੍ਰਮੇਸ਼ਰ ਦੇ ਪਿਆਰ ਨੂੰ ਆਧਾਰ ਬਣਾ। ਜਦੋਂ ਪ੍ਰਮੇਸ਼ਰ ਨੂੰ ਆਧਾਰ ਬਣਾ ਲਏਂਗੀ, ਫੇਰ ਸਮਝ ਲੈ ਕਿ ਤੂੰ ਉਹ ਮਜੂਰੀ ਦੇਣ ਦੇ ਕਾਬਲ ਹੋ ਜਾਏਂਗੀ।

ਕਹਿਣ ਲੱਗੀ, ਨਾਮਦੇਵ! ਫੇਰ ਮਜੂਰੀ ਕੀ ਮੰਗਦਾ ਹੈ, ਐਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਮੰਗਦਾ ਹੈ ਬੇਢੀ ਪ੍ਰੀਤ ਮਜ਼ਦੂਰੀ।*

*ਬੇਢੀ ਪ੍ਰੀਤਿ ਮਜੂਰੀ ਮਾਂਗੈ*
*ਜਉ ਕੋਊ ਛਾਨਿ ਛਵਾਵੈ ਹੋ ॥ ਅੰਗ – ੬੫੭*

ਇੱਕ ਛੱਪਰੀ ਕੀ ਬਣਾਉਣੀ ਹੈ, ਸਾਰੇ ਕੰਮ ਕਰਦਾ ਫਿਰਦਾ ਹੈ, ਜੇ ਮਨਸੁਖ ਨੇ ਪ੍ਰੀਤ ਦੀ ਮਜੂਰੀ ਦੇ ਕੇ ਗੁਰੂ ਨਾਨਕ ਨੂੰ ਅਰਾਧਿਆ, ਤਾਂ ਗੁਰੂ ਨਾਨਕ ਪਾਤਸ਼ਾਹ ਸਮੁੰਦਰ 'ਚੋਂ ਉਹਦਾ

ਜਹਾਜ਼ ਕੱਢ ਰਹੇ ਨੇ। ਜੇ ਭਾਈ ਮੱਖਣਸ਼ਾਹ ਨੇ ਗੁਰੂ ਨੌਵੇਂ ਪਾਤਸ਼ਾਹ ਨੂੰ ਅਰਾਧਿਆ, ਪਿਆਰ ਦੇ ਨਾਲ, ਗੁਰੂ ਨੌਵੇਂ ਪਾਤਸ਼ਾਹ ਸਮੁੰਦਰ ਵਿੱਚ ਡੁੱਬਦਾ ਬੇੜਾ ਬੰਨੇ ਲਾ ਰਹੇ ਹਨ। ਕਿਉਂਕਿ ਪ੍ਰੀਤ ਦੀ ਮਜੂਰੀ ਦਿੱਤੀ ਹੋਈ ਹੈ।

ਪ੍ਰੀਤ ਕੀ ਹੁੰਦੀ ਹੈ ਸਾਧਸੰਗਤ ਜੀ! ਪਿਆਰ ਕੀ ਹੁੰਦਾ ਹੈ, ਇਹ ਬੜਾ ਔਖਾ ਹੈ ਸਮਝਣਾ। ਪਿਆਰ ਖਿੱਚ ਦਾ ਨਾਉਂ ਹੈ, ਜਿਹਦੇ ਨਾਲ ਪਿਆਰ ਹੋਏਗਾ ਉਹਦੀ ਖਿੱਚ ਹਿਰਦੇ 'ਚ ਹਰ ਵਕਤ ਰਹੇਗੀ। ਜਿਹਦੇ ਹਿਰਦੇ 'ਚ ਖਿੱਚ ਪੈ ਜਾਵੇ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ। ਭਾਈ ਵੀਰ ਸਿੰਘ*

ਉਨ੍ਹਾਂ ਦਾ ਮਿਲਾਪ ਤੋਂ ਉਰ੍ਹੇ ਕੋਈ ਥਾਂ ਹੀ ਨਹੀਂ ਹੈ, ਟਿਕਦੇ ਹੀ ਨਹੀਂ ਹਨ, ਵੱਧਦੇ ਹੀ ਤੁਰੇ ਜਾਂਦੇ ਨੇ, ਜਦੋਂ ਮਿਲਾਪ ਹੁੰਦਾ ਹੈ, ਫੇਰ ਮੈਂ ਤੇ ਤੂੰ ਦਾ ਭੇਦ ਹੱਟ ਜਾਂਦਾ ਹੈ। ਨਾ ਮੈਂ ਰਹਿੰਦੀ ਹੈ, ਨਾ ਤੂੰ ਰਹਿੰਦੀ ਹੈ। ਇੱਕ ਰਹਿ ਜਾਂਦਾ ਹੈ। ਸੋ ਪਿਆਰ ਦੇ ਮਰਜ਼ ਹੋ ਜਾਂਦਾ ਹੈ, ਘੁਲ ਜਾਂਦਾ ਹੈ।

ਸੋ ਕਹਿਣ ਲੱਗੇ, ਭੈਣ ਜੀ! ਉਹ ਤਾਂ ਪਿਆਰ ਦੀ ਮਜੂਰੀ ਮੰਗਦਾ ਹੈ, ਪਿਆਰ ਉਹ ਹੁੰਦਾ ਹੈ ਜਿਸ ਵਿੱਚ ਹਰ ਵਕਤ ਖਿੱਚ ਰਹੇ, ਜਿੰਨਾ ਪਿਆਰ ਜ਼ਿਆਦਾ, ਓਨੀਂ ਉਹਦੀ ਖਿੱਚ ਜ਼ਿਆਦਾ। ਜਿਹੜਾ ਹਰ ਵਕਤ ਧਿਆਨ ਦੇ ਮੂਹਰੇ ਆਈ ਜਾਂਦਾ ਹੈ, ਉਹਦੇ ਨਾਲ ਪਿਆਰ ਹੋਇਆ ਕਰਦਾ ਹੈ। ਗਰਜ਼ ਵਾਲਾ ਬੰਦਾ ਨਹੀਂ ਆਉਂਦਾ। ਗਰਜ਼ ਤੋਂ ਉਪਰ ਹੋ ਕੇ ਪਿਆਰ ਹੋਇਆ ਕਰਦਾ ਹੈ। ਪਿਆਰ ਵਾਲਾ ਕੁਛ ਨਹੀਂ ਕਦੇ ਮੰਗਿਆ ਕਰਦਾ, ਦਿੰਦਾ ਹੀ ਦਿੰਦਾ ਰਹਿੰਦਾ ਹੈ, ਪਿਆਰ ਦਾ ਕੰਮ ਦੇਣਾ ਹੀ ਹੁੰਦਾ ਹੈ, ਆਪਣਾ ਸਭ ਕੁਛ, ਲੈਣਾ ਕੁਛ ਨਹੀਂ ਹੁੰਦਾ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥੨॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੁਖ ਮਨਾਈ ॥ ਅੰਗ - ੭੫੭*

ਕਿੱਡੀ ਵੱਡੀ ਮਹਾਰਾਜ ਨੇ ਗੱਲ ਕਹਿ ਦਿੱਤੀ। ਮੰਗਿਆ ਤਾਂ ਨਹੀਂ ਹੈ ਨਾ ਕਿ ਸੱਚੇ ਪਾਤਸ਼ਾਹ! ਜੇ ਦੁਖ ਦਿੰਦਾ ਹੈਂ ਤਾਂ ਮੈਂ ਤੇਰਾ ਧਿਆਨ ਛੱਡ ਦੇਵਾਂਗਾ। ਅਸੀਂ ਤਾਂ ਕਹਿੰਦੇ ਹਾਂ ਕਿ ਅਸੀਂ ਤਾਂ ਸੇਵਾ ਵੀ ਕਰੀ ਜੀ, ਦਾਨ ਵੀ ਕਰਿਆ, ਸਾਡਾ ਫਲਾਣਾ ਕੰਮ ਤਾਂ ਬਣਿਆ ਨਹੀਂ। ਭਾਈ ਠੇਕੇਦਾਰੀ ਤਾਂ ਇੱਥੇ ਹੈ ਨਹੀਂ, ਸੌਦੇਬਾਜ਼ੀ ਨਹੀਂ ਹੈ। ਕਹਿੰਦਾ ਹੈ ਕਿ ਮੈਂ ਐਨੇ ਪਾਠ ਕਰੇ, ਮੇਰੇ ਪੁੱਤਰ ਹੀ ਨਹੀਂ ਹੋਇਆ। ਭਾਈ, ਤੁਸੀਂ ਤਾਂ ਸੌਦੇਬਾਜ਼ੀ ਕਰਦੇ ਓ, ਪਿਆਰ ਵਿੱਚ ਤਾਂ ਨਾ ਆਏ, ਜਿਹੜਾ ਪਿਆਰ 'ਚ ਆਉਂਦਾ ਹੈ, ਉਹ ਤਾਂ ਕਹਿੰਦਾ ਮੈਂ ਮੰਗਣਾ ਹੀ ਤੈਨੂੰ ਹੈ, ਚਾਹੀਦਾ ਹੀ ਕੁਛ ਨਹੀਂ ਇੱਕ ਤੂੰ ਚਾਹੀਦਾ ਹੈਂ। ਹੋਰ ਮੈਨੂੰ ਚਾਹੀਦਾ ਹੀ ਨਹੀਂ ਕੁਛ। ਮੈਂ ਨਹੀਂ ਚਾਹੁੰਦਾ।

*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ ॥ ਅੰਗ - ੫੩੪*

ਮੈਂ ਕੁਛ ਨਹੀਂ ਚਾਹੁੰਦਾ, ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਜੀ ਮੈਂ ਰਾਜ ਮੁਕਤ ਨਹੀਂਓਂ ਮੰਗਦਾ,*
*ਪ੍ਰੀਤੀ ਮੰਗਾਂ ਚਰਨਾਂ ਦੀ।*

ਦੋ ਚੀਜ਼ਾਂ ਬਹੁਤ ਵੱਡੀਆ ਨੇ। ਕੌਣ ਹੈ ਜਿਹੜਾ ਰਾਜ ਛੱਡ ਦੇਵੇ। ਕਿਹੜਾ ਹੈ ਜਿਹੜਾ ਮੁਕਤੀ ਛੱਡ ਦੇਵੇ। ਕਹਿੰਦੇ, ਮੈਨੂੰ ਤਾਂ ਜੇ ਦੇਣਾ ਹੈ ਤਾਂ ਕਿਤੇ ਰੱਖ ਲੈ। ਜਿੱਥੇ ਤੇਰਾ ਜੀ ਕਰਦਾ ਹੈ। ਜੇ ਤੂੰ ਪਿਆਰ ਕਰੇਂ ਬਖਸ਼ ਦੇਵੇਂ ਤਾਂ ਤੇਰੀ ਉਪਮਾ ਹੈ, ਜੇ ਮੈਨੂੰ ਧੱਕੇ ਮਾਰ ਕੇ ਕੱਢ ਦੇਵੇਂ ਤਾਂ ਵੀ ਮੈਂ ਤੇਰੇ ਨਾਲ ਹੀ ਪਿਆਰ ਕਰਨਾ ਹੈ, ਮੈਂ ਤਾਂ ਕਿਤੇ ਨਹੀਂ ਜਾਣਾ।

ਬੁੱਲ੍ਹੇ ਨੂੰ ਅਨਾਇਤ ਸ਼ਾਹ ਨੇ ਧੱਕੇ ਮਾਰ ਕੇ ਕੱਢ ਦਿੱਤਾ, ਨਾਲ ਹੁਕਮ ਦੇ ਦਿੱਤਾ ਕਿ ਸਾਡੇ ਮੱਥੇ ਨਾ ਲੱਗੇ। ਬੁਰਾ ਭਲਾ ਕਿਹਾ, ਸਭ ਕੁਛ ਕਹਿ ਦਿੱਤਾ। ਧੱਕੇ ਮਾਰ ਕੇ ਕੱਢ ਦਿੱਤਾ। ਹੁਣ ਬੁੱਲ੍ਹਾ ਪਿਆਰ ਵਾਲਾ ਸੀ, ਜੇ ਤਾਂ ਸਾਡੇ ਵਰਗਾ ਹੁੰਦਾ, ਤਾਂ ਕਹਿੰਦੇ ਕਿ ਮੈਂ ਸੀਗਾ ਸੱਯਦ ਤੇ ਇਹ ਹੈ ਅਰਾਂਈਂ। ਅਰਾਂਈਂ ਦੇ ਪਿੱਛੇ ਲਗ ਕੇ ਮੈਂ ਕਿੰਨਾਂ ਸਮਾਂ ਖਰਾਬ ਕਰ ਲਿਆ।

ਅਨਾਇਤ ਸ਼ਾਹ ਨੂੰ ਗਾਉਣ, ਸੁਣਨ ਦਾ ਸ਼ੌਕ ਸੀਗਾ। ਮਾਰਫਤ ਗਾਣੇ, ਕੀਰਤਨ ਸੁਣਿਆ ਕਰਦਾ ਸੀ, ਤੇ ਉਹਨੂੰ ਕੀਰਤਨ ਸੁਣਾਉਣ ਵਾਸਤੇ ਬਹੁਤ ਵਾਰੀ ਵੇਸਵਾਵਾਂ ਆ ਜਾਇਆ ਕਰਦੀਆਂ ਸੀ, ਤੇ ਮਾਰਫਤ ਦੇ ਗਾਣੇ ਸੁਣ ਕੇ ਮਸਤ ਰਹਿੰਦਾ ਸੀ। ਇਹ ਬੁਲ੍ਹੇਸ਼ਾਹ ਬਾਰ੍ਹਾਂ ਸਾਲ ਨੱਚਦਾ ਰਿਹਾ, ਜਿੱਥੇ ਉਹਨੇ ਠਹਿਰਣਾ, ਦੋ ਸੌ ਗਜ਼ ਦੇ ਉਤੇ ਆ ਕੇ ਆਪ ਹਨ੍ਹੇਰੇ ਵਿੱਚ ਆ ਜਾਣਾ ਤੇ ਸਾਰੀ ਰਾਤ ਗਾਉਂਦੇ ਰਹਿਣਾ, ਅਖੀਰ ਇੱਕ ਵਾਰੀ ਇਹ ਬਾਰ੍ਹਾਂ ਸਾਲਾਂ ਬਾਅਦ ਆਪ ਚਲਿਆ ਗਿਆ, ਕਿ ਦੇਖਾਂ ਤਾਂ ਸਹੀ ਇਹ ਗਾਉਂਦਾ ਕੌਣ ਹੈ, ਸਾਲਾਂ ਦੇ ਸਾਲ ਲੰਘ ਗਏ। ਅੱਗੇ ਜਾ ਕੇ ਦੇਖਿਆ ਤਾਂ ਬੁੱਲ੍ਹਾ। ਕਹਿੰਦਾ, ਬੁੱਲ੍ਹਿਆ! ਤੂੰ। ਹਾਂ ਪੀਰ ਜੀ। ਉਸ ਵੇਲੇ ਪਿਆਰ ਉਭੱਰਿਆ ਬਖਸ਼ ਦਿੱਤਾ, ਅਗਮ ਨਿਗਮ ਦੀ ਸੋਝੀ ਕਰਾ ਦਿਤੀ, ਪੂਰਨ ਪਦ ਦੇ ਉਤੇ ਬੁੱਲ੍ਹਾਂ ਪਹੁੰਚਾ ਦਿੱਤਾ।

ਸੋ ਇਹ ਚੀਜ਼ ਸੌਦੇਬਾਜ਼ੀ ਨਹੀਂ ਹੁੰਦੀ ਪਿਆਰ ਵਿਚ, ਕਿੱਡੀਆਂ-ਕਿੱਡੀਆਂ ਤਕਲੀਫਾਂ ਸਹੀਆਂ, ਭਾਈ ਮਨੀ ਸਿੰਘ ਨੇ ਪਿਆਰ ਦੇ ਵਿੱਚ ਹੀ ਬੰਦ-ਬੰਦ ਕਟਵਾ ਲਏ। ਭਾਈ ਤਾਰੂ ਸਿੰਘ ਨੇ ਪਿਆਰ ਦੇ ਵਿਚ ਹੀ ਖੋਪਰੀ ਲੁਹਾ ਲਈ। ਭਾਈ ਮਤੀ ਦਾਸ ਨੇ ਪਿਆਰ ਦੇ ਨਾਲ ਹੀ ਆਰਾ ਸਿਰ ਦੇ ਉਤੇ ਫਿਰਾ ਲਿਆ ਨਾ, ਦੋ ਫਾੜ ਹੋ ਗਏ ਪਿਆਰ ਦੇ ਅੰਦਰ।

*ਜਉ ਤਨੁ ਚੀਰਹਿ ਅੰਗੁ ਨ ਮੋਰਉ ॥*
*ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ਅੰਗ - ੪੮੪*

ਸਾਨੂੰ ਤਾਂ ਮਾੜਾ ਜਿਹਾ ਝਿੜਕ ਮਾਰ ਦਿਓ, ਧੱਕੇ ਮਾਰ ਕੇ ਕੱਢ ਦਿਓ, ਖਬਰਦਾਰ ਜੇ ਇਥੇ ਆਇਆ ਹੈਂ, ਮੁੜ ਕੇ ਕਿਧਰੇ ਪਿਆਰ ਗਿਆ, ਕਿੱਧਰੇ ਗੱਲਾਂ ਗਈਆਂ। ਸਭ ਖਤਮ ਹੋ ਗਿਆ। ਕਹਿਣ ਲੱਗੇ, ਬੀਬੀ! ਪਿਆਰ ਹੋਣਾ ਚਾਹੀਦਾ ਹੈ, ਜਿਹਨੂੰ ਪਿਆਰ ਕਹਿੰਦੇ ਨੇ।

*ਜੇ ਗੁਰੁ ਝਿੜਕੇ ਤ ਮੀਠਾ ਲਾਗੈ*
*ਜੇ ਬਖਸੇ ਤ ਗੁਰ ਵਡਿਆਈ ॥ ਅੰਗ - ੭੫੮*

ਜੇ ਧੱਕੇ ਮਾਰ ਕੇ ਕੱਢ ਦੇਵੇ ਤਾਂ ਵੀ ਉਸਦੀ ਹੀ ਵਡਿਆਈ ਹੈ, ਜੇ ਪਿਆਰ ਕਰਦਾ ਹੈ ਤਾਂ ਵੀ, ਜੇ ਝਿੜਕਦਾ ਹੈ ਤਾਂ ਮੈਨੂੰ ਮਿੱਠਾ ਲੱਗਦਾ ਹੈ। ਸੋ ਪਿਆਰ ਚੀਜ਼ ਹੀ ਹੋਰ ਹੈ। ਪਿਆਰ ਬਦਲਾ ਨਹੀਂ ਮੰਗਦਾ। ਪਿਆਰ, ਪਿਆਰ ਹੀ ਹੁੰਦਾ ਹੈ। ਕੁਛ ਹੋ ਜਾਏ ਜਿਹੜਾ ਕੁਛ ਹੋਣਾ ਹੈ। ਸੋ ਇਸ ਤਰ੍ਹਾਂ ਕਹਿਣ ਲੱਗੇ -

*ਬੇਢੀ ਪ੍ਰੀਤਿ ਮਜੂਰੀ ਮਾਂਗੈ*
*ਜਉ ਕੋਊ ਛਾਨਿ ਛਵਾਵੈ ਹੋ ॥*
*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭*

ਜਦੋਂ ਸਾਰਿਆਂ ਨਾਲੋਂ ਟੁੱਟ ਜਾਏਗੀ -

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥*
*ਅੰਗ - ੬੫੯*

ਤੇਰੇ ਨਾਲ ਜੋੜ ਲਈ ਤੇ ਸਾਰੇ ਸੰਸਾਰ ਨਾਲ ਤੋੜ ਦਿੱਤੀ। ਹੁਣ ਮੈਨੂੰ ਸੰਸਾਰ ਦਾ ਨਹੀਂ ਵਾਸਤਾ, ਤੇਰਾ ਵਾਸਤਾ ਹੈ। ਤੂੰ ਖੁਸ਼ ਚਾਹੀਦਾ ਹੈਂ, ਮੈਂ ਸੰਸਾਰ ਨਹੀਂ ਹੁਣ ਰੱਖਣਾ। ਅਸੀਂ ਤਾਂ ਆ ਗਏ ਜਿੱਥੇ ਆਉਣਾ ਸੀ। ਕਹੀ ਜਾਓ ਬੁਰਾ ਕਹਿਣ ਵਾਲੇ ਬੁਰਾ, ਭਲਾ ਕਹਿਣ ਵਾਲੇ ਭਲਾ ਕਹੀ ਜਾਓ। ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ -

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭*

ਸੋ ਮਹਾਂਪੁਰਸ਼ ਕਹਿਣ ਲੱਗੇ, ਬੀਬਾ! ਐਹੋ ਜਿਹਾ ਪਿਆਰ ਜੇ ਗੁਰੂ ਨਾਲ ਹੋ ਜਾਵੇ ਨਾ, ਫੇਰ ਗੁਰੂ ਆਪ ਆ ਕੇ ਮਿਲਦੇ ਨੇ। ਸਭ ਕੁਛ ਬਖਸ਼ ਦਿੰਦੇ ਨੇ, ਤੂੰ ਪਿਆਰ ਕਰ, ਹੋਰ ਕਿਸੇ ਗੱਲ ਵਿੱਚ ਨਾ ਆ।

ਭਾਈ ਗੋਂਦਾ ਗੁਰੂ ਸਤਵੇਂ ਪਾਤਸ਼ਾਹ ਵੇਲੇ, ਆਪ ਕਾਬਲ ਵਿੱਚ ਰਿਹਾ ਕਰਦੇ ਸੀ, ਤੇ ਬਹੁਤ ਪਿਆਰ ਸੀ ਉਨ੍ਹਾਂ ਦੇ ਹਿਰਦੇ ਵਿੱਚ, ਗੁਰੂ ਸਤਵੇਂ ਪਾਤਸ਼ਾਹ ਲਈ। ਇੱਕ ਸਕਿੰਟ ਵੀ ਉਨ੍ਹਾਂ ਤੋਂ ਬਗੈਰ ਨਹੀਂ ਸੀ ਰਹਿਣਾ ਚਾਹੁੰਦੇ। ਧੰਨ ਗੁਰੂ ਹਰਿਰਾਇ ਸਾਹਿਬ, ਧੰਨ ਗੁਰੂ ਹਰਿਰਾਇ ਸਾਹਿਬ। ਆਪ ਦੀ ਜ਼ੁਬਾਨ ਤੇ ਹਰ ਵਕਤ ਹੁੰਦਾ ਰਹਿੰਦਾ ਸੀ। ਅੱਜ ਆਪ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਬੈਠੇ, ਬੈਠ ਕੇ ਚੌਂਕੜਾ ਮਾਰਿਆ, ਸੁਰਤੀ ਖਿੱਚੀ, ਟਿਕਾਈ, ਕਿੱਥੇ ਗਈ ਕੀਰਤਪੁਰ ਸਾਹਿਬ। ਜਾ ਕੇ ਗੁਰੂ ਮਹਾਰਾਜ ਦੇ ਚਰਨਾਂ ਨੂੰ ਜੱਫਾ ਪਾ ਲਿਆ। ਕੋਈ ਫੁਰਨਾ ਨਹੀਂ ਆ ਰਿਹਾ, ਬੈਠੇ ਨੇ ਸਮਾਂ ਭੁੱਲ ਗਿਆ। ਨਾ ਕੋਈ ਦੇਸ਼, ਨਾ ਕੋਈ ਮੌਸਮ ਕੁਛ ਨਹੀਂ ਪਤਾ। ਨਦੀ ਦੇ ਕੰਢੇ ਬੈਠੇ ਨੇ ਦਿਨ ਚੜ੍ਹ ਗਿਆ। ਦੱਸ ਵੱਜ ਗਏ, ਗਿਆਰ੍ਹਾਂ ਵੱਜ ਗਏ, ਬਾਰ੍ਹਾਂ ਵੱਜ ਗਏ, ਦੋ ਵੱਜ ਗਏ, ਚਾਰ ਵੱਜ ਗਏ; ਚਾਰ ਵਜੇ ਨੇਤਰ ਖੋਲ੍ਹੇ, ਇਧਰਲੇ ਪਾਸੇ ਗੁਰੂ ਹਰਿਰਾਇ ਸਾਹਿਬ ਮਹਾਰਾਜ ਅੱਜ ਅੰਮ੍ਰਿਤ ਵੇਲੇ ਬੈਠੇ ਨੇ ਸੰਗਤ ਦੇ ਅੰਦਰ, ਕੀਰਤਨ ਹੋ ਹਟਿਆ, ਅਰਦਾਸ ਹੋਈ ਆਪ ਨੇ ਨੇਤਰ ਨਹੀਂ ਖੋਲ੍ਹੇ। ਤਿਆਰ ਹੋ ਗਿਆ ਲੰਗਰ ਸਵੇਰ ਦਾ ਵਰਤਣ ਵਾਸਤੇ, ਹੁਕਮ ਲੈਣ ਵਾਸਤੇ ਆਏ ਸਿੱਖ, ਆਪ ਨੇ ਨੇਤਰ ਬੰਦ ਕਰੇ ਹੋਏ ਨੇ, ਚੁੱਪ ਕਰ ਰਹੇ ਕਿ ਪਤਾ ਨਹੀਂ ਕੀਹਦੇ ਪਿਆਰ ਦੇ ਬੰਨੇ ਹੋਏ ਬੈਠੇ ਨੇ। ਦੁਪਿਹਰ ਦਾ ਲੰਗਰ ਤਿਆਰ ਹੋ ਗਿਆ, ਫੇਰ ਦੁਬਾਰਾ ਆਏ, ਮਹਾਰਾਜ ਉਸੇ ਤਰ੍ਹਾਂ ਬੈਠੇ ਨੇ, ਲੰਗਰ ਨਹੀਂ ਵਰਤਿਆ, ਸਾਰੀ ਸੰਗਤ ਉਸੇ ਤਰ੍ਹਾਂ ਭੁੱਖੀ ਬੈਠੀ ਰਹੀ, ਚਾਰ ਵਜੇ ਗੁਰੂ ਪਾਤਸ਼ਾਹ ਨੇ ਤਿੰਨ ਵਾਰੀ ਕਿਹਾ ਨਿਹਾਲ ਸਿੱਖਾ ਨਿਹਾਲ! ਨਿਹਾਲ! ਨਿਹਾਲ। ਉਸੇ ਵੇਲੇ ਬੇਨਤੀ ਕੀਤੀ ਕਿ ਪਾਤਸ਼ਾਹ! ਅੱਜ ਦੋ ਵਜੇ ਤੋਂ ਚਾਰ ਵੱਜ ਗਏ, ਚੌਦਾਂ ਘੰਟੇ ਦੇ ਆਪ ਬੈਠੇ ਓ।

ਕਹਿਣ ਲੱਗੇ, ਪਿਆਰਿਓ! ਰੱਸਿਆ ਨਾਲ ਤਾਂ ਬੰਨ੍ਹਿਆਂ ਜਾਂਦਾ ਹੈ ਸਭ ਨੂੰ, ਬੰਦਾ ਵੀ ਬੰਨ੍ਹ ਹੋ ਜਾਂਦਾ ਹੈ। ਜਾਨਵਰ ਵੀ ਬੰਨ੍ਹ ਹੋ ਜਾਂਦੇ ਨੇ। ਭਰ੍ਹੇ ਵੀ ਬੰਨ੍ਹ ਹੋ ਜਾਂਦੇ ਨੇ, ਹੋਰ ਚੀਜ਼ਾਂ ਵੀ ਬੰਨ੍ਹ ਹੋ ਜਾਂਦੀਆਂ ਨੇ, ਪਰ ਇੱਕ ਡੋਰੀ ਐਸੀ ਹੈ, ਜਿਹੜੀ ਦਿਸਦੀ ਨਹੀਂ ਹੈ, ਲੇਕਿਨ ਉਹ ਬੰਨ੍ਹ ਕੇ ਬਹਾਲ ਦਿੰਦੀ ਹੈ ਤੇ ਵੱਸ ਆ ਜਾਂਦਾ ਹੈ, ਹਿੱਲ ਨਹੀਂ ਸਕਦਾ -

*ਧਾਰਨਾ - ਰੱਬ ਵੱਸ ਭਗਤਾਂ ਨੇ ਕੀਤਾ*
*ਪਾ ਕੇ ਤੇ ਪ੍ਰੇਮ ਡੋਰੀਆਂ।*

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥*
*ਅੰਗ - ੯੬੨*

ਬੰਨੇ ਹੋਏ ਬੈਠੇ ਨੇ। ਇਸੇ ਤਰ੍ਹਾਂ ਦੇ ਨਾਲ ਸਭ ਤੋਂ ਵੱਡੀ ਸ਼ਕਤੀ ਜੋ ਵਾਹਿਗੁਰੂ ਦੀ ਹੈ, ਉਹ ਬੰਨ੍ਹੀ ਜਾਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪ ਸਮਝਾਉਂਦੇ ਨੇ ਕਿ ਮਾਤਾ! ਗੁਰੂ ਦੇ ਨਾਲ ਤੂੰ ਪਿਆਰ ਕਰ, ਗੁਰੂ ਬਹੁਤ ਵੱਡੇ ਨੇ, ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੇ, ਰਾਜਿਆਂ ਦੇ ਮਹਾਰਾਜੇ ਨੇ, ਵੱਡੇ-ਵੱਡੇ ਰਾਜੇ ਦਹਿਲੀਜ਼ ਤੇ ਆ ਕੇ ਨੱਕ ਰਗੜਦੇ ਨੇ। ਕਹਿਣ ਲੱਗੀ, ਗੁਰਮੁਖੋ! ਮੈਨੂੰ ਕੌਣ ਪੁਛੇਗਾ ਉਥੇ? ਕਹਿੰਦੇ, ਮਾਤਾ! ਪਿਆਰ ਦੇ ਬੰਨ੍ਹੇ ਹੋਏ ਇੱਥੇ ਆ ਜਾਣਗੇ ਤੇਰੇ ਕੋਲ। ਪਿਆਰ ਪਰ ਪੂਰਾ ਹੋਣਾ

ਚਾਹੀਦਾ ਹੈ। ਕਿਹੋ ਜਿਹਾ ਪਿਆਰ? ਕਹਿੰਦੇ, ਮੱਛੀ ਸੁਣੀ ਹੈ ਨਾ ਤੂੰ ਪਾਣੀ ਤੋਂ ਬਗੈਰ ਇੱਕ ਸਕਿੰਟ ਨਹੀਂ ਰਹਿੰਦੀ। ਜੇ ਐਨਾ ਪਿਆਰ ਉਹਦੇ ਨਾਲ ਪੈ ਜਾਵੇ। ਤਾਂ ਕਹਿੰਦੇ ਫੇਰ ਵੱਸ ਆ ਜਾਇਆ ਕਰਦਾ –

*ਧਾਰਨਾ – ਐਸੀ ਪ੍ਰੀਤੀ ਕਰ ਲੈ,*
*ਜੈਸੇ ਮੱਛੀ ਅਤੇ ਨੀਰ ਦੀ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ – ੭੦੮*

ਐਸਾ ਪਿਆਰ ਜੇ ਗੁਰੂ ਦੇ ਨਾਲ ਹੋ ਜਾਵੇ, ਕਹਿਣ ਲੱਗੇ, ਮਾਤਾ! ਫੇਰ ਤੈਨੂੰ ਜਾਣ ਦੀ ਲੋੜ ਨਹੀਂ ਹੈ। ਜਿਹਨੂੰ ਤੂੰ ਪਿਆਰ ਕਰਦੀ ਹੈਂ ਉਹ ਸਮਰੱਥ ਹੈ। ਦਰਸ਼ਨ ਦੇਵੇਗਾ ਤੈਨੂੰ। ਸੋ ਐਸਾ ਉਪਦੇਸ਼ ਦੇ ਕੇ ਮਹਾਂਪੁਰਸ਼ ਚਲੇ ਗਏ। ਸਾਨੂੰ ਵੀ ਐਸਾ ਉਪਦੇਸ਼ ਹੁੰਦਾ ਹੈ ਪਰ ਸਾਡੇ ਤੋਂ ਮੰਨ ਨਹੀਂ ਹੁੰਦਾ। ਭਾਗਾਂ ਵਾਲੀ ਮਾਤਾ ਹੈ ਜਿਹਨੇ ਇਸ ਉਪਦੇਸ਼ ਨੂੰ ਮੰਨ ਲਿਆ। ਉਸ ਵੇਲੇ ਉਸੇ ਘੜੀ ਤੋਂ ਪਿਆਰ ਹੋ ਗਿਆ, ਅਣਡਿੱਠੇ ਸਤਿਗੁਰੂ ਦੇ ਨਾਲ। ਮਨ ਵਿਚ ਖਿਆਲ ਆਇਆ ਕਿ ਮੈਂ ਗਰੀਬਣੀ ਹਾਂ ਕੀ ਭੇਟਾ ਕਰਾਂ। ਉਥੇ ਤਾਂ ਵੱਡੇ-ਵੱਡੇ ਦੁਸ਼ਾਲੇ, ਵੱਡੀਆਂ-ਵੱਡੀਆਂ ਚੀਜ਼ਾਂ ਦੱਸੀਆਂ ਨੇ, ਬੇਅੰਤ ਰਾਜੇ ਆ ਕੇ ਨਿੰਵਦੇ ਨੇ, ਮਹਾਰਾਜੇ ਵੱਡੇ-ਵੱਡੇ ਨਿੰਵਦੇ ਨੇ ਤੇ ਮੈਂ ਤਾਂ ਗਰੀਬਣੀ ਹਾਂ, ਪਤੀ ਵੀ ਨਹੀਂ ਹੈ ਮੇਰਾ, ਬੱਚੇ ਵੀ ਨਹੀਂ ਹਨ ਮੇਰੇ। ਮਿਹਨਤ ਮਜੂਰੀ ਕਰਕੇ ਖਾਣ ਵਾਲੀ ਹਾਂ, ਓਸ ਵੇਲੇ ਸਾਧਸੰਗਤ ਜੀ! ਉਸ ਨੇ ਕਪਾਹ ਲਈ ਬਹੁਤ ਵਧੀਆ। ਲੈ ਕੇ ਉਸ ਨੂੰ ਵੇਲਾਇਆ, ਵੇਲ ਕੇ ਕੱਤਿਆ, ਕੱਤ ਕੇ ਸੂਤ ਤਿਆਰ ਕੀਤਾ। ਬਹੁਤ ਵਧੀਆਂ ਸੂਤ ਕੱਤਿਆ ਤੇ ਹਰ ਤੰਦ ਦੇ ਨਾਲ ਗੁਰੂ ਮਹਾਰਾਜ ਦਾ ਧਿਆਨ। ਤੰਦ ਹੀ ਨਹੀਂ ਸੀ ਕੱਤਦੀ, ਨੇਤਰਾਂ ਦੇ ਵਿੱਚ ਜਲ ਜਾ ਰਿਹਾ ਸੀ, ਚਰਖਾ ਘੂੰਕਦਾ ਸੀ, ਨਾਲ ਗੁਰੂ ਦੀ ਧੁਨ ਚਲਦੀ ਸੀ। ਜਿਉਂ-ਜਿਉਂ ਕੱਤਦੀ ਸੀ ਤਿਉਂ-ਤਿਉਂ ਹਿਰਦੇ ਦੇ ਅੰਦਰੋਂ ਨਾਦ ਬਣ ਕੇ ਐਸੀ ਅਰਦਾਸ ਹੁੰਦੀ ਸੀ –

*ਧਾਰਨਾ – ਹਰਿ ਦਰਸ਼ਨ ਕੀ ਆਸਾ ਮੇਰੇ ਮਨ,*
*ਹਰਿ ਦਰਸ਼ਨ ਕੀ ਆਸਾ।*

ਐਸੀਆਂ ਅਨੇਕਾਂ ਅਰਦਾਸਾਂ ਕਰਦੀ, ਚਰਖਾ ਚਲਾਉਂਦੀ ਹੈ, ਕੱਤਦੀ ਹੈ ਤੇ ਨਾਲ ਦੀ ਨਾਲ ਗੁਰੂ ਦੇ ਚਰਨਾਂ 'ਚ ਧਿਆਨ ਧਰ ਕੇ ਆਪਣੇ ਦਿਲ ਦੇ ਭਾਵ ਬਾਰ-ਬਾਰ ਗੁਰੂ ਚਰਨਾਂ 'ਚ ਭੇਜਦੀ ਹੈ–

*ਧਾਰਨਾ – ਨਿੱਤ ਰਸਤੇ ਉਡੀਕਾਂ ਤੇਰੇ,*
*ਏਨ੍ਹੀਂ ਰਾਹੀਂ ਆ ਜਾ ਮਾਲਕਾ।*

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥*
*ਉਰ ਨਾ ਭੀਜੈ ਪਗੁ ਨ ਖਿਸੈ*
*ਹਰਿ ਦਰਸਨ ਕੀ ਆਸਾ ॥ ਅੰਗ – ੩੩੮*

ਰਸਤੇ ਵਲ ਨੂੰ ਦੇਖ ਰਹੀ ਹੈ ਕਿ ਮੇਰਾ ਪਿਆਰਾ ਆ ਰਿਹਾ ਹੈ।

*ਉਡਹੁ ਨ ਕਾਗਾ ਕਾਰੇ ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥*
*ਅੰਗ – ੩੩੮*

*ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥*
*ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ॥*
*ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ*
*ਜੋ ਮੈ ਪਿਰੀ ਦਿਖਾਵਏ ॥*
*ਨਾਨਕ ਹਰਿ ਹੋਇ ਦਇਆਲੁ*
*ਤਾਂ ਗੁਰੁ ਪੂਰਾ ਮੇਲਾਵਏ ॥ ਅੰਗ – ੧੪੨੨*

ਕੁਰਬਾਨ ਕਰ ਦੇਵਾਂ ਆਪਣਾ ਜੀਅ, ਜਿਹੜਾ ਮੈਨੂੰ ਆਪਣੇ ਪਿਆਰੇ ਦੇ ਦਰਸ਼ਨ ਕਰਾ ਦੇਵੇ। ਝਉਲੇ ਪੈਂਦੇ ਨੇ ਰਾਤ ਨੂੰ ਨੀਂਦ ਨਹੀਂ ਆਉਂਦੀ। ਨੀਂਦ ਆਉਂਦੀ ਹੈ, ਅੱਜ ਸੁਭਾਗੀ ਰਾਤ ਆਈ, ਲਿਸ਼ਕਾਰਾ ਵੱਜਿਆ, ਪ੍ਰਕਾਸ਼ ਹੋ ਗਿਆ ਸੁਪਨੇ ਦੇ ਅੰਦਰ। ਤਿੰਨ ਤਰ੍ਹਾਂ ਦੇ ਦਰਸ਼ਨ ਹੁੰਦੇ ਨੇ ਇੱਕ ਤਾਂ ਦਰਸ਼ਨ ਉਹ ਹੁੰਦੇ ਨੇ ਜਿਹੜੇ ਅੱਖਾਂ ਖੁਲ੍ਹੀਆਂ ਨਾਲ ਹਰ ਵਕਤ ਹੁੰਦੇ ਰਹਿੰਦੇ ਨੇ। ਪਿਆਰਾ ਕਦੇ ਅੱਖਾਂ ਤੋਂ ਓਹਲੇ ਹੋਇਆ ਹੀ ਨਹੀਂ ਕਰਦਾ। ਹਰ ਚੀਜ਼ ਦੇ ਅੰਦਰ ਉਹਦੇ ਦਰਸ਼ਨ ਹੁੰਦੇ ਨੇ। ਇੱਕ ਦਰਸ਼ਨ ਉਹ ਹੁੰਦੇ ਨੇ ਕਿ ਥੋੜ੍ਹੀ ਦੇਰ ਵਾਸਤੇ ਆਏ, ਦਰਸ਼ਨ ਦਿੱਤੇ ਤੇ ਫੇਰ ਅਲੋਪ ਹੋ ਗਏ। ਇੱਕ ਦਰਸ਼ਨ ਹੋਇਆ ਕਰਦੇ ਨੇ ਕਿ ਸੁਪਨੇ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਉਹਨੂੰ ਸੁਪਨ ਦਰਸ਼ਨ ਕਹਿੰਦੇ ਨੇ, ਅਨੁਭਵ ਦੇ ਦਰਸ਼ਨ ਹੁੰਦੇ ਨੇ। ਉਹ ਪ੍ਰਤੱਖ ਸੁਪਨਾ ਹੁੰਦਾ ਹੈ। ਸੁਪਨੇ ਦੇ ਅੰਦਰ ਗੁਰੂ ਮਹਾਰਾਜ ਜੀ ਦੇ ਦਰਸ਼ਨ ਹੁੰਦੇ ਨੇ, ਸੇਵਾ ਕਰਦੀ ਹੈ, ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਨੇਤਰ ਖੁਲ੍ਹ ਗਏ, ਅੱਖੀਆਂ ਉਘੜ ਗਈਆਂ, ਨਜ਼ਰ ਨਹੀਂ ਆ ਰਹੇ, ਓਸ ਵੇਲੇ ਵੈਰਾਗ ਹੋ ਜਾਂਦਾ ਹੈ, ਵੈਰਾਗ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਹੁੰਦਾ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਸੁਪਨੇ ਆਇਆ ਭੀ ਗਿਆ*
*ਮੈਂ ਜਲ ਭਰਿਆ ਰੋਇ।*

*ਸੁਪਨੈ ਆਇਆ ਭੀ ਗਇਆ*
*ਮੈ ਜਲੁ ਭਰਿਆ ਰੋਇ ॥*
*ਆਇ ਨ ਸਕਾ ਤੁਝ ਕਨਿ*
*ਪਿਆਰੇ ਭੇਜਿ ਨ ਸਕਾ ਕੋਇ ॥*
*ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥*
*ਅੰਗ – ੫੫੮*

ਸੋ ਐਸੇ ਝਲਾਵੇ ਪੈਂਦੇ ਨੇ, ਪ੍ਰਤੱਖ ਦਰਸ਼ਨ ਨਹੀਂ ਇਹਦੇ ਹੋ ਰਹੇ। ਓਸ ਵੇਲੇ ਆਪ ਦੇ ਕੰਨਾਂ ਨੇ ਕੀ ਸੁਣਿਆ, ਬਾਹਰ

ਆਵਾਜ਼ ਆ ਰਹੀ ਹੈ, ਪਿਰਹੁ-ਪਿਰਹੁ, ਬੱਦਲ ਆ ਰਹੇ ਨੇ, ਉਪਰ ਨੂੰ ਮੂੰਹ ਚੁੱਕਿਆ ਹੋਇਆ ਹੈ, ਆਵਾਜ਼ ਬੰਦ ਨਹੀਂ ਹੁੰਦੀ, ਮੂੰਹ ਹਨ੍ਹੇਰੇ ਤੋਂ ਆਵਾਜ਼ ਆਉਣੀ ਬੰਦ ਹੋ ਗਈ, ਸ਼ਾਮ ਹੋ ਗਈ, ਨਾ ਕੁਛ ਪੰਛੀਆਂ ਨੇ ਖਾਧਾ ਹੈ, ਨਾ ਕੁਛ ਪੀਤਾ ਹੈ, ਲੇਕਿਨ ਆਵਾਜ਼ ਆਉਂਦੀ ਹੈ ਪਿਰਹੁ-ਪਿਰਹੁ, ਜੋ ਬਿਰਹੀ ਪੁਰਸ਼ ਹੁੰਦਾ ਹੈ, ਉਹਦੇ ਹਿਰਦੇ ਨੂੰ ਇਹ ਆਵਾਜ਼ਾਂ ਵਿੰਨ ਕੇ ਰੱਖ ਦਿੰਦੀਆ ਨੇ, ਓਸ ਵੇਲੇ ਮਨ ਦੇ ਵਿੱਚੋਂ ਅਰਦਾਸ ਨਿਕਲਦੀ ਹੈ, ਹੇ ਪ੍ਰਭੂ! ਮੇਰੀ ਵੀ ਐਸੀ ਹੀ ਅਵਸਥਾ ਹੈ -

*ਧਾਰਨਾ - ਮੇਰੀ ਕੂਕ ਪਪੀਹੇ ਵਾਲੀ*
*ਕੰਨ ਦੇ ਕੇ ਸੁਣ ਲੈ ਮਾਲਕਾ।*
*ਬਾਬੀਹਾ ਬੇਨਤੀ ਕਰੇ ਕਰਿ ਕਿਰਪਾ*
*ਦੇਹੁ ਜੀਅ ਦਾਨ ॥*
*ਜਲ ਬਿਨੁ ਪਿਆਸ ਨ ਊਤਰੈ*
*ਛੁਟਕਿ ਜਾਂਹਿ ਮੇਰੇ ਪ੍ਰਾਨ ॥ ਅੰਗ - ੧੨੮੪*

ਹੇ ਪ੍ਰਭੂ! ਮੇਰੇ ਪ੍ਰਾਣ ਛੁਟ ਜਾਣਗੇ। ਮੈਂ ਜੀਉਂ ਨਹੀਂ ਸਕਦਾ, ਜਲ ਤੋਂ ਬਗੈਰ, ਕ੍ਰਿਪਾ ਕਰ ਮੈਨੂੰ ਦਾਨ ਦੇ।

*ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ ॥*
*ਨਾਨਕ ਗੁਰਮੁਖਿ ਬਖਸਿ ਲਏ*
*ਅੰਤਿ ਬੇਲੀ ਹੋਇ ਭਗਵਾਨੁ ॥ ਅੰਗ - ੧੨੮੪*

ਸੋ ਐਸ ਤਰ੍ਹਾਂ ਅਰਦਾਸਾਂ ਕਰਦਾ ਹੈ। ਇਹ ਅਵਸਥਾ ਨੂੰ ਜਾਣਦਾ ਨਹੀਂ ਕੋਈ -

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

ਕੋਈ ਨਹੀਂ ਜਾਣ ਸਕਦਾ ਦੂਸਰੇ ਦੀ ਅਵਸਥਾ ਨੂੰ। ਕਬੀਰ ਸਾਹਿਬ ਲਿਖਦੇ ਨੇ ਕਿ ਐਸੀ ਅਵਸਥਾ ਵਾਲਾ ਇੱਕ ਤਰ੍ਹਾਂ ਨਾਲ ਬਉਰਾ ਲੱਗਣ ਲੱਗ ਜਾਂਦਾ ਹੈ ਸੰਸਾਰ ਨੂੰ -

*ਧਾਰਨਾ - ਬਉਰਾ ਹੋ ਜਾਂਦਾ ਹੈ,*
*ਰਾਮ ਬਿਉਗੀ ਪਿਆਰੇ।*
*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*
*ਅੰਗ - ੧੩੬੮*

ਬਉਰਾ ਕਹਿਣ ਲੱਗ ਜਾਂਦਾ ਹੈ ਸੰਸਾਰ। ਮਹਾਰਾਜ ਕਹਿੰਦੇ ਮੈਨੂੰ ਵੀ ਦੀਵਾਨਾ ਕਹਿੰਦੇ ਸੀ। ਗੁਰੂ ਨਾਨਕ ਨੂੰ ਦੀਵਾਨਾ ਕਹਿੰਦੇ ਸੀ। ਕਹਿੰਦੇ ਅਸੀਂ ਤਾਂ ਵਾਹਿਗੁਰੂ ਦੇ ਪਿਆਰ 'ਚ ਦੀਵਾਨੇ ਹੋਏ ਹਾਂ, ਦੁਨੀਆਂ ਵਾਂਗਣ ਨਹੀਂ ਦੀਵਾਨੇ ਹੋਏ, ਮਾਇਆ ਇੱਕਠੀ ਕਰਨ ਲਈ। ਕਿਉਂਕਿ ਦੁਨੀਆਂ ਵੀ ਦੀਵਾਨੀ ਹੈ, ਇਨ੍ਹਾਂ ਦੀ ਦੀਵਾਨਗੀ ਪਾਗਲਪੁਣਾ ਹੈ, ਰੱਬ ਦੇ ਪਿਆਰੇ ਦੀ ਦੀਵਾਨਗੀ ਜਿਹਨੂੰ ਸੰਸਾਰ ਕਹਿੰਦਾ ਹੈ, ਉਹ ਜੀਵਨ ਦਾ ਮੰਤਵ ਹੈ।

ਅੱਜ ਆਪ ਚਾਦਰ ਤਿਆਰ ਹੋ ਚੁੱਕੀ ਹੈ, ਚਾਦਰਾ ਬਹੁਤ ਸੋਹਣਾ ਹੱਥਾਂ ਨਾਲ ਕੱਤਿਆ ਤੇ ਬਣਾਇਆ। ਬਣਾ ਕੇ ਤਹਿ ਲਾ ਕੇ ਰੱਖ ਦਿੱਤਾ ਕਿ ਜਦ ਮੇਰੇ ਪਾਤਸ਼ਾਹ ਆਉਣਗੇ ਤੇ ਮੈਂ ਇਹ ਚਾਦਰਾ ਭੇਟ ਕਰਾਂਗੀ।

ਅੱਜ ਪਿਆਰ ਐਨਾ ਵਧਿਆ ਕਿ ਅੰਮ੍ਰਿਤ ਵੇਲੇ ਤੋਂ ਉਠ ਕੇ ਪਹਿਲਾਂ ਚੱਕੀ ਨਾਲ ਆਟਾ ਪੀਸ ਕੇ, ਮਿੱਸਾ ਪ੍ਰਸ਼ਾਦਾ ਲਾਹਿਆ। ਓਸ ਤੋਂ ਬਾਅਦ ਦਿਨ ਚੜ੍ਹਿਆ ਤੇ ਮੱਖਣ ਗਰਮ ਕਰਕੇ ਸੋਹਣਾ ਤਾਜ਼ਾ ਘਿਉ ਕੱਢਿਆ, ਤੇ ਖੰਡ ਸ਼ੁੱਧ ਲਿਆਂਦੀ, ਉਹ ਖੰਡ ਘਿਉ ਰਲਾ ਕੇ ਰੱਖ ਲਿਆ। ਨੇਤਰਾਂ 'ਚੋਂ ਜਲ ਜਾਂਦਾ ਹੈ ਹੇ ਪ੍ਰਭੂ! ਇਹ ਪ੍ਰਸ਼ਾਦਾ ਤੁਸੀ ਛੱਕਣਾ ਹੈ। ਤੁਸੀਂ ਛਕੋਂਗੇ ਫੇਰ ਮੈਂ ਛਕਾਂਗੀ। ਅੱਜ ਓਸ ਸਿਖਰ ਤੇ ਪਿਆਰ ਪਹੁੰਚ ਗਿਆ, ਜਿਥੇ ਭਗਵਾਨ ਤੋਂ ਫੇਰ ਬੈਠ ਨਹੀਂ ਹੋਇਆ ਕਰਦਾ। ਵਾਹਿਗੁਰੂ ਕਹਿੰਦਾ ਹੈ ਕਿ ਮੈਨੂੰ ਮੇਰੇ ਪਿਆਰੇ ਖਿੱਚ ਲੈਂਦੇ ਨੇ।

ਓਸ ਵੇਲੇ ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਦੀਵਾਨ ਲੱਗਿਆ ਹੋਇਆ ਹੈ, ਦੀਵਾਨ ਦੀ ਸਮਾਪਤੀ ਹੋਈ। ਅੱਜ ਆਪ ਘੋੜੇ 'ਤੇ ਛੇਤੀ ਦੇ ਕੇ ਚੜ੍ਹ ਗਏ। ਪਹਿਲਾਂ ਵੀ ਜਾਇਆ ਕਰਦੇ ਸੀ, ਕੁਛ ਅਟਕ ਕੇ ਜਾਇਆ ਕਰਦੇ ਸੀ, ਕੁਛ ਸਿੱਖਾਂ ਨੂੰ ਨਾਲ ਲਿਆ ਕਰਦੇ ਸੀ ਤੇ ਫੇਰ ਜੰਗਲ ਵਲ ਨੂੰ ਚਲੇ ਜਾਂਦੇ ਸੀ, ਆਪਣੀ ਮੌਜ ਨਾਲ ਜੰਗਲ ਵਲ ਨੂੰ ਨਿਕਲ ਜਾਣਾ। ਅੱਜ ਆਪ ਘੋੜੇ 'ਤੇ ਸਵਾਰ ਹੋਏ, ਇੱਕ ਦਮ ਘੋੜੇ ਨੂੰ ਅੱਡੀ ਲਾ ਦਿੱਤੀ, ਗੈਲਪ ਕਰ ਲਿਆ। ਸੱਠ ਮੀਲ ਦੀ ਰਫਤਾਰ 'ਤੇ ਘੋੜਾ ਉਡਿਆ ਜਾ ਰਿਹਾ ਹੈ, ਪਿੱਛਲੇ ਪਾਸੇ ਸਿੱਖਾਂ ਨੇ ਦੇਖਿਆ ਕਿ ਮਹਾਰਾਜ ਅੱਜ ਐਨੀ ਤੇਜ਼ੀ ਨਾਲ ਘੋੜਾ ਨਠਾ ਰਹੇ ਨੇ, ਤੇ ਕਿਸ ਦਿਸ਼ਾ ਨੂੰ ਜਾ ਰਹੇ ਨੇ, ਜੰਗਲ ਵਲ ਨੂੰ ਨਹੀਂ ਜਾ ਰਹੇ। ਅਬਾਦੀਆਂ ਵੱਲ ਨੂੰ ਜਾ ਰਹੇ ਹਨ। ਸਮਝ ਗਏ ਪਿਆਰ ਵਾਲੇ ਕਿ ਕੋਈ ਕੌਤਕ ਵਰਤ ਰਿਹਾ ਹੈ।

ਓਸ ਵੇਲੇ ਮਹਾਰਾਜ ਇੱਕ ਪਿੰਡ ਵਿੱਚ ਪਹੁੰਚ ਗਏ, ਗਰਦ ਨੂੰ ਦੇਖ-ਦੇਖ ਕੇ ਪਿੱਛੇ ਗੁਰਸਿੱਖ ਆ ਰਹੇ ਨੇ, ਤੇ ਮਹਾਰਾਜ ਗਲੀ ਵਿੱਚ ਵੜ ਗਏ, ਅੱਗੇ ਇੱਕ ਕੱਚਾ ਕੋਠਾ ਹੈ, ਮੂਹਰੇ ਇੱਕ ਛੋਟੇ ਜਿਹੇ ਵਿਹੜੇ ਦੀ ਕੰਧ ਕਰੀ ਹੋਈ ਹੈ, ਵਿਹੜੇ ਨੂੰ ਦਰਵਾਜ਼ਾ ਕੋਈ ਨਹੀਂ ਲਾਇਆ ਹੋਇਆ, ਖੁਲ੍ਹਾ ਹੀ ਹੈ ਤੇ ਛੋਟਾ ਜਿਹਾ ਵਿਹੜਾ ਹੈ, ਤੇ ਉਹਦੇ ਮੂਹਰੇ ਜਾ ਕੇ ਮਹਾਰਾਜ ਜੀ ਨੇ ਘੋੜਾ ਅੰਦਰ ਵਾੜਿਆ ਤੇ ਨਾਲ ਆਵਾਜ਼ ਦਿੱਤੀ ਮਾਤਾ ਸਾਨੂੰ ਭੁੱਖ ਬਹੁਤ ਲੱਗੀ ਹੋਈ ਹੈ, ਜੋ ਕੁਛ ਤੇਰੇ ਕੋਲ ਤਿਆਰ ਹੈ ਉਹ ਲੈ ਕੇ ਆ।

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆ ਗਏ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ।*
*ਅਪੁਨੇ ਸੇਵਕ ਕੀ ਆਪੇ ਰਾਖੈ*
*ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥ ਅੰਗ - ੪੦੩*

'ਧਾਵੈ' ਕਹਿੰਦੇ ਨੇ ਪੂਰੇ ਜ਼ੋਰ ਨਾਲ, ਪੂਰੀ ਤੇਜ਼ੀ ਨਾਲ। ਸੋ ਘੋੜਾ ਦਰਵਾਜ਼ੇ ਅੱਗੇ ਖੜ੍ਹ ਗਿਆ। ਵਿਹੜੇ 'ਚ ਵੜ ਗਏ, ਆਵਾਜ਼

ਦਿੱਤੀ, ਮਾਤਾ! ਭੁੱਖ ਲੱਗੀ ਹੋਈ ਹੈ, ਖਾਣ ਨੂੰ ਲਿਆ। ਮਾਤਾ ਦੇ ਨੇਤਰ ਬੰਦ ਨੇ, ਅਰਦਾਸ ਵਿੱਚ ਜੁੜੀ ਹੋਈ ਹੈ।

ਕਹਿਣ ਲੱਗੀ, ਹੈਂ! ਆਵਾਜ਼ ਕਿਥੋਂ ਆਈ?

ਪ੍ਰਸ਼ਾਦਾ ਤਿਆਰ ਕਰਕੇ, ਗਰਮ-ਗਰਮ ਅਜੇ ਰੱਖਿਆ ਹੋਇਆ ਹੈ, ਤੇ ਖੰਡ ਘਿਓ ਉਤੇ ਪਾਇਆ ਹੋਇਆ ਹੈ, ਦੋਵੇਂ ਹੱਥਾਂ ਵਿਚ ਲਈਂ ਖੜ੍ਹੀ ਹੈ, ਨੇਤਰ ਖੋਲ੍ਹੇ, ਕਿੰਨੀ ਭਾਗਾਂ ਵਾਲੀ ਹੈ, ਕੀ ਦੇਖਦੀ ਹੈ ਕਿ ਜਿਹਨੂੰ ਮੈਂ ਯਾਦ ਕਰਦੀ ਸੀ, ਅੱਜ ਤੱਕ ਜਿਹਦੇ ਮੈਂ ਦਰਸ਼ਨ ਨਹੀਂ ਕਰੇ, ਉਹ ਤਾਂ ਆਪ ਆ ਕੇ ਮੇਰੇ ਤੋਂ ਪ੍ਰਸ਼ਾਦੇ ਮੰਗ ਰਿਹਾ ਹੈ। ਉਸੇ ਤਰ੍ਹਾਂ ਪਿਆਰ ਦੇ ਵਿੱਚ ਮਸਤਾਨੀ ਹੋਈ ਨੇ ਜਾ ਕੇ ਗੁਰੂ ਮਹਾਰਾਜ ਦੇ ਹੱਥਾਂ 'ਚ ਪ੍ਰਸ਼ਾਦੇ ਫੜਾ ਦਿੱਤੇ। ਭੁੱਲ ਗਈ ਕਹਿਣਾ ਕਿ ਪਾਤਸ਼ਾਹ! ਘੋੜੇ ਤੋਂ ਹੇਠਾਂ ਉਤਰ ਆਓ, ਅੰਦਰ ਲੰਘ ਆਓ, ਬੈਠ ਜਾਓ, ਆਸਣ ਲਓ, ਭੁੱਲ ਗਈ ਕੋਈ ਆਸਣ ਵਿਛਾਣਾ ਹੈ; ਕੁਛ ਨਹੀਂ ਯਾਦ।

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ।***
***ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।***
***ਸੁਰਤਿ ਮੈ ਨ ਸੁਰਤਿਔ ਧਯਾਨ ਮੈ ਨ ਧਯਾਨ ਰਹਯੋ,***
***ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਸੁੱਧ ਬੁੱਧ ਦੋਵੇਂ ਹੀ ਵਿਸਰ ਗਈਆਂ। ਮਹਾਰਾਜ ਜੀ ਨੇ ਪਿਆਰ ਦੇ ਨਾਲ, ਦੋਵੇਂ ਹੱਥਾਂ ਦੇ ਵਿੱਚ ਪ੍ਰਸ਼ਾਦਾ ਲਿਆ ਹੋਇਆ ਹੈ ਤੇ ਬੜੇ ਹੀ ਪਿਆਰ ਦੇ ਨਾਲ ਬੁਰਕੀ ਤੋੜਦੇ ਨੇ, ਖੰਡ ਘਿਓ ਦੇ ਨਾਲ ਲਾ ਲੈਂਦੇ ਨੇ ਤੇ ਛੱਕ ਲੈਂਦੇ ਨੇ। ਮਾਤਾ ਵੱਲ ਦੇਖ ਰਹੇ ਨੇ, ਅੰਦਰ ਹੀ ਅੰਦਰ ਮਹਾਰਾਜ ਬੇਅੰਤ ਵਰ ਦੇ ਰਹੇ ਨੇ। ਐਨੇ ਨੂੰ ਸਿੱਖ ਵੀ ਪਹੁੰਚ ਗਏ, ਹੈਰਾਨ ਹੁੰਦੇ ਨੇ ਕਿ ਪਾਤਸ਼ਾਹ! ਨਾ ਹੱਥ ਧੋਤੇ ਨੇ, ਗਿਲਾਸਾਂ ਵਾਲੇ, ਘੋੜੇ ਵਾਲੇ ਹੱਥ ਨੇ ਤੇ ਨਾ ਸੁੱਚੇ ਆਸਣ ਤੇ ਬੈਠੇ ਨੇ, ਨਾ ਚੌਂਕਾ ਕੀਤਾ ਹੈ, ਨਾ ਕੋਈ ਬਰਤਨ ਹੈ ਤੇ ਹੱਥਾਂ ਦੇ ਵਿੱਚ ਪ੍ਰਸ਼ਾਦੇ ਰੱਖੇ ਹੋਏ ਛੱਕ ਰਹੇ ਨੇ, ਉਸ ਵੇਲੇ ਨਜ਼ਾਰਾ ਸਾਮ੍ਹਣੇ ਆ ਗਿਆ ਕਿ ਠੀਕ ਏਸੇ ਤਰ੍ਹਾਂ ਬਲ ਰਾਜੇ ਦੇ ਦਰ ਦੇ ਉਤੇ, ਪਾਰਬ੍ਰਹਮ ਪ੍ਰਮੇਸ਼ਰ ਪਿਆਰ ਦਾ ਬੰਨ੍ਹਿਆ ਹੋਇਆ ਖੜ੍ਹਾ ਹੈ -

***ਧਾਰਨਾ - ਖੜ੍ਹਾ ਹੈ ਦੁਆਰੇ ਹਰਿ ਜੀ***
***ਬੰਨ੍ਹਿਆ ਪ੍ਰੇਮ ਦਾ।***
***ਨਾਮਾ ਕਹੈ ਭਗਤਿ ਬਸਿ ਕੇਸਵ***
***ਅਜਹੂੰ ਬਲਿ ਕੇ ਦੁਆਰ ਖਰੋ ॥ ਅੰਗ - ੧੧੦੫***

ਸੋ ਬਲਿ ਰਾਜੇ ਦੇ ਦਰ 'ਤੇ ਜਿਵੇਂ ਖੜ੍ਹਾ ਹੈ ਪਾਰਬ੍ਰਹਮ ਪ੍ਰਮੇਸ਼ਰ, ਐਸ ਤਰ੍ਹਾਂ ਗੁਰੂ ਹਰਿ ਰਾਇ ਸਾਹਿਬ ਮਾਈ ਦੇ ਦਰ ਦੇ ਸਾਮ੍ਹਣੇ, ਘੋੜੇ 'ਤੇ ਚੜ੍ਹੇ ਹੋਏ ਪ੍ਰਸ਼ਾਦਾ ਛਕ ਰਹੇ ਨੇ, ਪਿਆਰ ਦੇ ਵਿੱਚ ਬੰਨ੍ਹੇ ਹੋਏ ਖੜ੍ਹੇ ਨੇ, ਨਾ ਆਪ ਨੂੰ ਇਹ ਸਿਮਰਨ ਹੈ ਕਿ ਅਸੀਂ ਅੰਦਰ ਜਾਈਏ, ਪਲੰਘ 'ਤੇ ਬੈਠੀਏ, ਹੱਥ ਧੋਈਏ ਫੇਰ ਕਿਸੇ ਬਰਤਨ ਵਿੱਚ ਪ੍ਰਸ਼ਾਦਾ ਛਕੀਏ, ਨਾ ਮਾਤਾ ਨੂੰ ਸੁੱਧ ਹੈ ਕਿ ਮੈਂ ਅੰਦਰ ਬੁਲਾਵਾਂ ਤੇ ਪ੍ਰਸ਼ਾਦਾ ਪੂਰੇ ਸਤਿਕਾਰ ਨਾਲ ਦੇਵਾਂ, ਸੋ ਸਾਰੇ ਦੇਖ ਕੇ ਹੈਰਾਨ ਹੋ ਰਹੇ ਨੇ। ਓਸ ਤੋਂ ਬਾਅਦ ਮਹਾਰਾਜ ਜੀ ਨੇ ਪ੍ਰਸ਼ਾਦ ਛੱਕ ਲਿਆ, ਨਾ ਹੱਥ ਧੋਣ ਦੀ ਉਹਨੂੰ ਸੁਧ ਹੈ ਤੇ ਨਾ ਮਹਾਰਾਜ ਜੀ ਨੇ ਕਿਹਾ। ਹੱਥ ਉਚਾ ਉਠਿਆ ਮਾਤਾ ਦੇ ਸਿਰ 'ਤੇ ਰੱਖਿਆ, ਮਾਤਾ! ਨਿਹਾਲ! ਨਿਹਾਲ! ਨਿਹਾਲ! ਕੋਈ ਕਰਮ ਧਰਮ ਕਰਨ ਦੀ ਲੋੜ ਨਹੀਂ ਪਈ, ਕੋਈ ਤੱਪ ਕਰਨ ਦੀ ਲੋੜ ਨਹੀਂ ਪਈ, ਵੱਡੇ-ਵੱਡੇ ਯੋਗੀਆਂ ਨੂੰ ਜੋ ਗਤੀ ਪ੍ਰਾਪਤ ਹੁੰਦੀ ਹੈ, ਪ੍ਰਭੂ ਲੋਕ ਦੀ ਉਸ ਦੇ ਵਿੱਚ ਮਾਤਾ ਦਾ ਨਿਵਾਸ ਕਰਾ ਦਿੱਤਾ। ਦੂਸਰਾ ਦਿਨ ਆ ਗਿਆ, ਸਾਰੇ ਸੇਵਾਦਾਰਾਂ ਨੇ ਸੋਚਿਆ ਕਿ ਮਹਾਰਾਜ ਨੂੰ ਭੁੱਖ ਲੱਗੀ ਤੇ ਜਾ ਕੇ ਪ੍ਰਸ਼ਾਦਾ ਮੰਗਿਆ ਇਨ੍ਹਾਂ ਨੇ ਤੇ ਕਿਉਂ ਨਾ ਪ੍ਰਸ਼ਾਦਾ ਨਾਲ ਲੈ ਕੇ ਚੱਲਿਆ ਕਰੀਏ। ਉਸ ਵੇਲੇ ਲਾਂਗਰੀ ਸਿੰਘ ਨੇ (ਸ੍ਰੀ ਮਾਨ) ਨੇ ਪ੍ਰਸ਼ਾਦੇ ਲਾਹੇ ਤੇ ਜੋ ਮੁਖੀ ਸੇਵਕ ਸੀ ਉਨ੍ਹਾਂ ਨੂੰ ਦਿੱਤੇ, ਮਹਾਰਾਜ ਘੋੜੇ 'ਤੇ ਜਾ ਰਹੇ ਨੇ, ਉਨ੍ਹਾਂ ਨੇ ਪ੍ਰਸ਼ਾਦੇ ਬੰਨ੍ਹੇ ਹੋਏ ਨੇ ਨਾਲ, ਪਾਣੀ ਬੰਨ੍ਹਿਆ ਹੋਇਆ ਹੈ ਹੱਥ ਧੋਣ ਵਾਸਤੇ ਤੇ ਅੱਗੇ ਜੰਗਲ ਵਿੱਚ ਚਲੇ ਗਏ, ਜਾ ਕੇ ਘੋੜੇ ਰੁਕੇ, ਮਹਾਰਾਜ ਜੀ ਦੇ ਅੱਗੇ ਗਏ, ਤਾਂ ਕਹਿਣ ਲੱਗੇ, ਸੱਚੇ ਪਾਤਸ਼ਾਹ! ਆਸਣ ਵਿਛਾਈਏ। ਕਹਿੰਦੇ ਕੀ ਗੱਲ? ਕਹਿੰਦੇ, ਪਾਤਸ਼ਾਹ! ਸਾਡੇ ਮਨ ਵਿੱਚ ਕੋਈ ਸ਼ੰਕਾ ਵਿਆਪ ਗਿਆ। ਆਪ ਲੰਗਰ ਦੀ ਸੁੱਚਤਾ ਦੇ ਵਿੱਚ ਐਨੀ ਜ਼ਿਆਦਾ ਤਾਕੀਦ ਕਰਦੇ ਓ, ਕਿ ਬਿਲਕੁਲ ਸਾਫ ਸੁੱਥਰੇ ਹੱਥ ਹੋਣ, ਸੁੱਧ ਥਾਂ ਹੋਵੇ ਤੇ ਫੇਰ ਜਾ ਕੇ ਪ੍ਰਸ਼ਾਦੇ ਦੀ ਗ੍ਰਾਹੀ ਮੂੰਹ ਵਿੱਚ ਪਾਉਣੀ ਚਾਹੀਦੀ ਹੈ। ਸੁੱਧ ਬਣਾਇਆ ਹੋਵੇ, ਪਾਤਸ਼ਾਹ! ਕੱਲ੍ਹ ਆਪ ਨੇ ਇੱਕ ਅਣਜਾਣ ਘਰ ਦੇ ਅੱਗੇ ਜਾ ਕੇ ਪ੍ਰਸ਼ਾਦਾ ਛਕਿਆ। ਨਾ ਆਪ ਨੇ ਹੱਥ ਧੋਤੇ ਰਾਸਾਂ ਵਾਲੇ, ਨਾ ਪ੍ਰਸ਼ਾਦਾ ਛੱਕਣ ਤੋਂ ਬਾਅਦ ਧੋਤੇ, ਤੇ ਨਾ ਇਹ ਦੇਖਿਆ ਕਿ ਇਹ ਜੋ ਪ੍ਰਸ਼ਾਦਾ ਤਿਆਰ ਕੀਤਾ ਗਿਆ ਹੈ, ਸੁੱਚ ਨਾਲ ਤਿਆਰ ਹੋਇਆ ਹੈ ਜਾਂ ਐਵੇਂ ਹੀ ਤਿਆਰ ਹੋਇਆ ਹੈ। ਪਾਤਸ਼ਾਹ! ਮਨ ਵਿੱਚ ਸ਼ੰਕਾ ਆ ਗਿਆ ਤੇ ਅਸੀਂ ਅੱਜ ਪ੍ਰਸ਼ਾਦਾ ਤਿਆਰ ਕਰਕੇ ਲਿਆਏ ਹਾਂ, ਕਹਿੰਦੇ ਓ, ਪ੍ਰੇਮੀਓ! ਸਾਨੂੰ ਭੁੱਖ ਨਹੀਂ ਹੈ ਪ੍ਰਸ਼ਾਦਿਆਂ ਦੀ, ਸਾਨੂੰ ਜੇ ਭੁੱਖ ਹੈ ਸੱਚੀ-ਮੁਚੀ ਦੀ, ਉਹਨੂੰ ਦੁਨੀਆਂ ਨਹੀਂ ਸਮਝਦੀ-

***ਧਾਰਨਾ - ਭਾਉ ਭਗਤਿ ਦਾ ਭੁੱਖਾ ਗੋਬਿੰਦ,***
***ਭਾਉ ਭਗਤ ਦਾ ਭੁੱਖਾ।***

ਪ੍ਰੇਮੀਓ! ਭੁੱਖ ਨਹੀਂ ਸਾਨੂੰ ਲੱਗੀ ਸੀ, ਇਹ ਤਾਂ ਜਿਸ ਚੀਜ਼ ਦੇ ਅਸੀਂ ਭੁੱਖੇ ਹਾਂ -

ਗੋਬਿੰਦ ਭਾਉ ਭਗਤਿ ਦਾ ਭੁੱਖਾ ਤੇ ਧਿਰ ਦੇ ਚਲਿਆ ਗਿਆ ਸੀ ਨਾ ਕ੍ਰਿਸ਼ਨ, ਕੋਈ ਮਰਿਆਦਾ ਰੱਖੀ ਸੀ ਓਸਨੇ? ਸਭ ਰਾਜੇ ਛੱਡ ਦਿੱਤੇ ਸੀ -

***ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।***
***ਭੀਖਮੁ ਦੂਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।***
***ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।***
***ਭਾਈ ਗੁਰਦਾਸ ਜੀ, ਵਾਰ ੧੦/੭***

***(ਬਾਕੀ ਪੰਨਾ 24 'ਤੇ)***

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਗੁਰੁ ਸਾਗਰੁ ਰਤਨੀ ਭਰਪੂਰੇ ॥*
*ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥*
*ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥*
*ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥*
*ਕਿਆ ਬਗੁ ਬਪੁੜਾ ਛਪੜੀ ਨਾਇ ॥*
*ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥*
*ਰਖਿ ਰਖਿ ਚਰਨ ਧਰੇ ਵੀਚਾਰੀ ॥*
*ਦੁਬਿਧਾ ਛੋਡਿ ਭਏ ਨਿਰੰਕਾਰੀ ॥*
*ਮੁਕਤਿ ਪਦਾਰਥੁ ਹਰਿ ਰਸ ਚਾਖੇ ॥*
*ਆਵਣ ਜਾਣ ਰਹੇ ਗੁਰਿ ਰਾਖੇ ॥੨॥*
*ਸਰਵਰ ਹੰਸਾ ਛੋਡਿ ਨ ਜਾਇ ॥*
*ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥*
*ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥*
*ਅਕਥ ਕਥਾ ਗੁਰ ਬਚਨੀ ਆਦਰੁ ॥੩॥*
*ਸੁੰਨ ਮੰਡਲ ਇਕੁ ਜੋਗੀ ਬੈਸੇ ॥*
*ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥*
*ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥*
*ਸੁਰਿ ਨਰ ਨਾਥ ਸਚੇ ਸਰਣਾਈ ॥੪॥*
*ਆਨੰਦ ਮੂਲੁ ਅਨਾਥ ਅਧਾਰੀ ॥*
*ਗੁਰਮੁਖਿ ਭਗਤਿ ਸਹਜਿ ਬੀਚਾਰੀ ॥*
*ਭਗਤਿ ਵਛਲ ਭੈ ਕਾਟਣਹਾਰੇ ॥*
*ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥*
*ਅਨਿਕ ਜਤਨ ਕਰਿ ਕਾਲੁ ਸੰਤਾਏ ॥*
*ਮਰਣੁ ਲਿਖਾਇ ਮੰਡਲ ਮਹਿ ਆਏ ॥*
*ਜਨਮੁ ਪਦਾਰਥੁ ਦੁਬਿਧਾ ਖੋਵੈ ॥*
*ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥*
*ਕਹਤਉ ਪੜਤਉ ਸੁਣਤਉ ਏਕ ॥*
*ਧੀਰਜ ਧਰਮੁ ਧਰਣੀਧਰ ਟੇਕ ॥*
*ਜਤੁ ਸਤੁ ਸੰਜਮੁ ਰਿਦੈ ਸਮਾਏ ॥*
*ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥*
*ਸਾਚੇ ਨਿਰਮਲ ਮੈਲੁ ਨ ਲਾਗੈ ॥*
*ਗੁਰ ਕੈ ਸਬਦਿ ਭਰਮ ਭਉ ਭਾਗੈ ॥*
*ਸੂਰਤਿ ਮੂਰਤਿ ਆਦਿ ਅਨੂਪੁ ॥*
*ਨਾਨਕੁ ਜਾਚੈ ਸਾਚੁ ਸਰੂਪੁ ॥ ਅੰਗ - ੬੮੬*

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਅੰਮ੍ਰਿਤ ਵੇਲੇ ਤੋਂ ਆਪ ਇਸ ਜੁਗ ਦੇ ਅੰਦਰ ਜਿਸ ਨੂੰ ਕਲਜੁਗ ਆਖਿਆ ਜਾਂਦਾ ਹੈ ਜੋ ਜੋੜਨ ਵਾਲਾ ਜੁੱਗ ਨਹੀਂ, ਤੋੜਨ ਵਾਲਾ ਜੁੱਗ ਹੈ। ਉਹ ਯਾਦ ਵਿੱਚ ਰੱਖਣ ਵਾਲਾ ਜੁਗ ਨਹੀਂ ਹੈ, ਇਹ ਪੈਰ-ਪੈਰ ਤੇ ਭੁਲਾਉਣ ਵਾਲਾ ਜੁਗ ਹੈ। ਭਾਗਾਂ ਵਾਲਿਆਂ ਨੂੰ ਪਿੱਛਲੇ ਪੂਰਬਲੇ ਕਰਮ ਜਦੋਂ ਜਾਗਦੇ ਨੇ, ਤਾਂ ਸਤਿਸੰਗ ਦੀ ਪ੍ਰਾਪਤੀ, ਅੰਮ੍ਰਿਤ ਵੇਲੇ ਹਰੀ ਦਾ ਜੱਸ ਸੁਣਨਾ ਇਹ ਸ੍ਰੇਸ਼ਟ ਕਰਮ ਪ੍ਰਾਪਤ ਹੁੰਦੇ ਨੇ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨*

ਕਲਜੁਗ ਦੇ ਅੰਦਰ ਸਤਿਸੰਗ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ, ਪੂਰਬਲੇ ਪਹਿਲੇ ਜੁਗਾਂ ਦੇ ਕੀਤੇ ਹੋਏ ਕਰਮ ਕਲਜੁਗ ਵਿੱਚ ਆ ਕੇ ਫਲ ਦਿੰਦੇ ਨੇ। ਇੱਕ ਤਰ੍ਹਾਂ ਦੇ ਨਾਲ ਇਹ ਸਭ ਤੋਂ ਮਾੜਾ ਜੁੱਗ ਹੈ, ਇੱਕ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ ਇਹ ਉਤਮ ਜੁੱਗ ਹੈ। ਇਸ ਦੇ ਵਿੱਚ ਥੋੜ੍ਹਾ ਜਿਹਾ ਵੀ ਭਜਨ ਕੀਤਾ ਹੋਇਆ ਮਨ ਚਿਤ ਲਾ ਕੇ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨਾ ਆਇਓ।*

ਕਾਲ ਦੀ ਫਾਂਸੀ ਗਲ ਵਿੱਚੋਂ ਕੱਟੀ ਜਾਂਦੀ ਹੈ, ਜੇ ਚਿਤ ਨੂੰ ਇਕਾਗਰ ਕਰਕੇ ਫੇਰ ਬਾਣੀ ਨੂੰ ਮੰਨ ਕੇ ਹਰੀ ਦਾ ਜਸ ਕਰੇ। ਮਹਾਰਾਜ ਜੀ ਨੇ ਏਸ ਲੰਮੇ ਸ਼ਬਦ ਦੇ ਅੰਦਰ ਫੁਰਮਾਨ ਕੀਤਾ ਹੈ, ਕਿ ਗੁਰੂ ਦੇ ਦਰਬਾਰ ਵਿੱਚ, ਗੁਰੂ ਦੇ ਖਜ਼ਾਨੇ ਦੇ ਅੰਦਰ ਰਤਨ ਭਰਪੂਰ ਨੇ, ਕੋਈ ਕਮੀ ਨਹੀਂ ਆਉਂਦੀ ਲੇਕਿਨ ਇਨ੍ਹਾਂ ਨੂੰ ਚੁਗਦੇ ਕੌਣ ਨੇ ਜੋ ਹੰਸ ਰੂਪ ਸਾਧੂ ਨੇ, ਜਗਿਆਸੂ ਨੇ ਉਹ ਚੁਗਣ ਵਾਸਤੇ ਨੀਂਦ ਨੂੰ ਪਰ੍ਹੇ ਸੁੱਟ ਕੇ, ਵਿਚਾਰ ਦਾ, ਸ਼ਰਧਾ ਦਾ ਸਹਾਰਾ ਲੈ ਕੇ ਦੋਹਾਂ ਦੀ ਮਦਦ ਦੇ ਨਾਲ ਬਾਣੀ ਦੇ ਜੋ ਅੰਮ੍ਰਿਤ ਰੂਪੀ ਮੋਤੀ ਨੇ, ਉਨ੍ਹਾਂ ਨੂੰ ਚੁਗਦੇ ਨੇ, ਤੇ ਆਪਣੇ ਜੀਵਨ ਨੂੰ ਸਫਲ ਕਰਦੇ ਨੇ। ਕੇਵਲ ਅੰਮ੍ਰਿਤ ਵੇਲੇ ਜਾਗਣ, ਵਿਧੀ-ਪੂਰਵਕ ਇਸ਼ਨਾਨ ਕਰਨਾ, ਜੇ ਪੁੰਨ ਦੇ ਲਿਹਾਜ਼ ਤੋਂ ਦੇਖਿਆ ਜਾਵੇ, ਤਾਂ ਸਵਾ ਮਣ ਸੋਨਾ ਪੁੰਨ ਕਰੇ, ਤੇ ਇੱਕ ਪਾਸੇ ਅੰਮ੍ਰਿਤ ਵੇਲੇ ਜਾਗ ਕੇ ਚਿੱਤ-ਬਿਰਤੀ ਇਕਾਗਰ ਕਰਕੇ ਪ੍ਰਭੂ ਦਾ ਧਿਆਨ ਕਰੇ। ਉਸ ਤੋਂ ਥੋੜ੍ਹੀ ਦੇਰ ਬਾਅਦ ਸਵਾ ਮਣ ਚਾਂਦੀ ਦਾਨ ਕਰਨ ਦਾ ਫਲ, ਚਾਰ ਘੜੀਆਂ ਲੰਘਣ ਤੋਂ ਬਾਅਦ ਸਵਾ ਮਣ ਤਾਂਬਾ ਦਾਨ ਕਰਨ ਦਾ ਫਲ, ਦਿਨ ਚੜ੍ਹਨ ਤੋਂ ਡੇਢ ਘੰਟਾ ਪਹਿਲਾਂ ਜਿਹੜਾ ਇਸ਼ਨਾਨ ਕਰਕੇ ਬੈਠਦਾ ਹੈ ਉਸ ਨੂੰ ਸਵਾ ਮਣ ਦੁੱਧ ਜਾਂ ਅਨਾਜ ਦਾਨ ਕਰਨ ਦਾ ਫਲ ਸਹਿਜ-ਸੁਭਾਅ ਪ੍ਰਾਪਤ ਹੋ ਜਾਇਆ ਕਰਦਾ ਹੈ। ਜੇ ਮਨ ਚਿਤ ਲਾ ਕੇ ਹਰੀ ਦਾ ਜਸ ਸੁਣੇ ਤਾਂ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਜਗਾਂ ਦਾ ਫਲ ਮਿਲਦਾ ਹੈ ਪਰ ਉਹ ਫਲ ਸਾਡਾ ਜਾਂਦਾ ਕਿੱਥੇ ਹੈ? ਜੇ ਐਨਾ ਫਲ ਮਿਲਦਾ ਹੋਵੇ ਕੀਰਤਨ ਕਰਨ ਵਾਲਿਆਂ ਨੂੰ, ਸੁਣਨ ਵਾਲਿਆਂ ਨੂੰ ਫੇਰ ਤਾਂ ਬਹੁਤ ਜ਼ਿਆਦਾ ਹੋ ਗਿਆ, ਆਖਿਰ ਉਹ ਫਲ ਜਾਂਦਾ ਕਿੱਥੇ ਹੈ? ਜਮ੍ਹਾਂ ਹੋ ਜਾਂਦਾ ਹੈ ਜਾਂ ਕਿਤੇ ਹੋਰ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਪੁੰਨ ਕਰਮ ਕਰਕੇ ਜੇ ਇੱਕ ਵਾਰੀ ਵੀ ਕਿਸੇ ਦੀ ਨਿੰਦਿਆਂ ਕਰ ਲਓ -

*ਕਰੈ ਨਿੰਦ ਸਭ ਬਿਰਥਾ ਜਾਵੈ ॥ ਅੰਗ - ੮੭੫*

ਦੂਜੇ ਪਾਸੇ ਜੇ ਸਾਵਧਾਨੀ ਨਹੀਂ ਵਰਤਦੇ, ਕਿਸੇ ਨਾਲ ਈਰਖਾ ਕਰਦੇ ਨੇ। ਮਹਾਰਾਜ ਜੀ ਕਹਿੰਦੇ ਈਰਖਾ ਕੀ ਕਰਦੀ ਹੈ, ਜਿਹੜਾ ਪੁੰਨ ਕੀਤਾ ਹੋਇਆ ਹੈ ਉਸ ਨੂੰ ਖਤਮ ਹੀ ਨਹੀਂ ਕਰਦੀ, ਖਤਮ ਕਰਨ ਤੋਂ ਬਾਅਦ ਪਾਪ ਸਿਰ ਚਾੜ੍ਹਦੀ ਹੈ।

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮*

ਕਦੇ ਵੀ ਨਹੀਂ-ਕਦੇ ਵੀ ਨਹੀਂ, ਦੋਵੇਂ ਪਾਸੇ ਦੇਖੋ ਇੱਕ ਪਾਸੇ ਪੁੰਨਾਂ ਦੇ ਅੰਬਾਰ ਲੱਗੇ ਹੋਏ ਨੇ, ਇੱਕ ਪਾਸੇ ਇਸ ਨੂੰ ਖਤਮ ਕਰਨ ਦੀਆਂ ਵੱਡੀਆਂ-ਵੱਡੀਆਂ ਸ਼ਕਤੀਆਂ ਨੇ। ਦਸ ਹਜ਼ਾਰ ਮਣ ਹੈ। ਇਸ ਤਰ੍ਹਾਂ ਹੀ ਤੀਰਥ-ਯਾਤਰਾ ਕੀਤੀ ਹੈ, ਅਠਾਹਟ ਤੀਰਥਾਂ ਦਾ ਇਸ਼ਨਾਨ ਕਰਕੇ ਆਇਆ ਹੈ, ਵਿੱਧੀ-ਪੂਰਬਕ ਦਾਨ ਦਿੱਤਾ ਹੈ, ਇੱਥੇ ਆ ਕੇ ਗੁਰਦਵਾਰੇ ਵਾਸਤੇ 10-20 ਏਕੜ ਜ਼ਮੀਨ ਦੇ ਦਿੱਤੀ ਤੇ ਆਪਣੇ ਘਰ ਦਾ ਸਾਰਾ ਸਮਾਨ ਦੇ ਦਿੱਤਾ। ਐਨਾ ਕੁਝ ਕਰਨ ਤੇ ਜਿੰਨਾ ਪੁੰਨ ਬਣਨਾ ਸੀ ਉਹ ਬਣ ਗਿਆ, ਮਹਾਰਾਜ ਜੀ ਕਹਿੰਦੇ ਜੇ ਇੱਕ ਵਾਰੀ ਨਿੰਦਿਆ ਕਰ ਦੇਵੇ, ਸਿਰਫ ਇਕ ਵਾਰੀ ਤਾਂ ਸਭ ਕੁਝ ਬਿਰਥਾ ਚਲਿਆ ਜਾਂਦਾ ਹੈ, ਕਿਉਂਕਿ ਅਸੀਂ ਅਨੁਮਾਨ ਲਾਉਂਦੇ ਹਾਂ। ਸਾਨੂੰ ਕੋਈ ਪਤਾ ਨਹੀਂ ਕਿ ਕੌਣ ਕਿਹੋ ਜਿਹਾ ਹੈ, ਕੌਣ ਕਿਹੋ ਜਿਹਾ ਹੈ? ਮਾੜੇ ਬੰਦਿਆਂ ਨੂੰ ਤਾਂ ਕੋਈ ਦੇਖਦਾ ਨਹੀਂ ਹੈ, ਗੁਰਸਿੱਖ ਤਾਂ ਬਿਲਕੁਲ ਨਹੀਂ ਦੇਖਦਾ, ਦੇਖ ਕੇ ਅਣਡਿੱਠ ਕਰਦਾ ਹੈ, ਉਹ ਨਹੀਂ ਕਿਸੇ ਦੇ ਔਗੁਣ ਵਿਚਾਰਦਾ। ਜਿਹੜਾ ਔਗੁਣ ਵਿਚਾਰਦਾ ਹੈ, ਕਿਸੇ ਨੂੰ ਮਾੜਾ ਕਹਿੰਦਾ ਹੈ, ਉਸ ਦੇ ਨਾਲੋਂ ਮਾੜਾ ਬੰਦਾ ਹੋਰ ਕੋਈ ਨਹੀਂ ਹੁੰਦਾ। ਚਾਹੇ ਉਹ ਕਿੰਨਾ ਹੀ ਉਚਾ ਹੈ, ਕਿੰਨਾ ਹੀ ਨਿਤਨੇਮੀ ਹੈ, ਕਿੰਨਾ ਹੀ ਉਹ ਪਾਠ ਕਰਨ ਵਾਲਾ ਹੈ। ਮਹਾਰਾਜ ਜੀ ਕਹਿੰਦੇ ਜਿਹੜਾ ਦੂਸਰੇ ਨੂੰ ਬੁਰਾ ਕਹਿੰਦਾ ਹੈ, ਉਸ ਦੇ ਸਾਰੇ ਪੁੰਨ ਖੀਣ ਹੋ ਜਾਂਦੇ ਨੇ, ਖਤਮ ਹੋ ਜਾਇਆ ਕਰਦੇ ਨੇ। ਇਸੇ ਕਰਕੇ ਮਹਾਰਾਜ ਜੀ ਕਹਿੰਦੇ ਨੇ ਪਿਆਰਿਓ ਦੂਜੇ ਨੂੰ ਬੁਰਾ ਨਾ ਕਹੋ, ਸਗੋਂ ਆਏਂ ਕਹੋ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਅੰਗ - ੭੨੮*

ਜੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਮੋਤੀ ਚੁਗਣੇ ਨੇ ਫੇਰ ਤਾਂ ਸਮਝ ਲਓ। ਜੋ ਲੰਘ ਗਿਆ, ਲੰਘ ਗਿਆ। ਜੇ ਕੱਲ੍ਹ ਨਿੰਦਿਆਂ ਕਰੀ ਹੈ ਤਾਂ ਪਿਛਲੇ ਸਾਰੇ ਪੁੰਨ ਖਤਮ ਕਰ ਦਿੱਤੇ ਉਸ ਨੇ। ਕੱਲ੍ਹ ਤੱਕ ਤਾਂ ਉਸ ਨੇ ਬਰਾਬਰ ਕਰ ਦਿੱਤਾ ਬਕਾਇਆ, ਤੇ ਹੁਣ ਅੱਗੇ ਵਾਸਤੇ ਸਮਝ ਕੇ ਚੱਲੋ। ਜੇ ਈਰਖਾ ਕਿਸੇ ਨਾਲ ਕਰੀ ਹੈ ਤਾਂ ਸਾਰੇ ਪੁੰਨ ਜਿਹੜੇ ਸੀ ਉਹ ਖਤਮ ਕਰ ਦਿੱਤੇ ਉਸ ਨੇ, ਜੇ ਵੈਰ-ਵਿਰੋਧ ਕਰਿਆ ਹੈ ਕਿਸੇ ਨਾਲ, ਕਿਸੇ ਦੀਆਂ ਬੁਰਿਆਈਆਂ ਮਨ ਵਿੱਚ ਲਈ ਬੈਠਾ ਹੈ ਤਾਂ ਅੰਤਸ਼ਕਰਣ ਦੇ ਅੰਦਰ ਬੇਅੰਤ ਮੈਲ ਜਮ੍ਹਾਂ ਕਰ ਦਿੱਤੀ। ਇਹ ਫੁਰਸਤ ਸਾਡੇ ਅੰਦਰ ਕਿਉਂ ਹੈ? ਕਿਉਂਕਿ ਭਜਨ ਕਰਦੇ ਹਾਂ, ਕੀਰਤਨ ਕਰਦੇ ਹਾਂ, ਬਾਣੀ ਪੜ੍ਹਦੇ ਹਾਂ, ਵੱਡੇ-ਵੱਡੇ ਲੈਕਚਰ ਦਿੰਦੇ ਹਾਂ ਫੇਰ ਦੂਸਰੇ ਦੀ ਬੁਰਿਆਈ ਨੂੰ ਚਿੱਤ ਵਿਚ ਰੱਖੀਂ ਬੈਠੇ ਹਾਂ, ਫੇਰ ਕਿਵੇਂ ਸਫਾਈ ਹੋ ਜਾਏਗੀ? ਇਕ ਖੂਹ ਹੈ ਉਸ ਦੇ ਵਿੱਚੋਂ ਪਾਣੀ ਕੱਢ ਕੇ ਪੀਂਦੇ ਹਾਂ ਪਰ ਉਸ ਦੇ ਵਿੱਚ ਮਰੀ ਹੋਈ ਬਿੱਲੀ ਸੁੱਟ ਦਿੱਤੀ। ਪੁੱਛਿਆ ਕਿਸੇ ਸਿਆਣੇ ਨੂੰ ਜਾ ਕੇ ਕਿ ਪਾਣੀ ਵਿੱਚ ਬਦਬੂ ਫੈਲ ਗਈ। ਉਸ ਨੇ ਕਿਹਾ ਕਿ ਖੂਹ ਖਾਲੀ ਕਰ ਦਿਓ ਪੂਰੀ ਤਰ੍ਹਾਂ ਦੇ ਨਾਲ। ਸਾਰਾ ਪਿੰਡ ਲੱਗ ਗਿਆ, ਖੂਹ ਖਾਲੀ ਕਰ ਦਿੱਤਾ। ਦੁਬਾਰਾ ਫੇਰ ਪਾਣੀ ਭਰ ਗਿਆ ਫੇਰ ਬਦਬੂ ਹੋ ਗਈ, ਜਾ ਕੇ ਫੇਰ ਪਾਣੀ ਦਿਖਾਇਆ। ਕਹਿੰਦੇ ਕਿ ਦੇਖੋ ਮਹਾਰਾਜ! ਪੀਣ ਜੋਗਾ ਪਾਣੀ ਨਹੀਂ ਹੈ। ਅਸੀਂ ਤਾਂ ਮਿਹਨਤ ਕਰੀ ਹੈ, ਕੱਲ੍ਹ ਸਾਰਾ ਦਿਨ ਲੱਗੇ ਰਹੇ ਡੋਲ ਤੇ ਬਾਲਟੀਆਂ ਲੈ ਕੇ, ਖੂਹ ਖੁਣਜ ਦਿੱਤਾ ਸਾਰਾ। ਇਹ ਤਾਂ ਫੇਰ ਉਸੇ ਤਰ੍ਹਾਂ ਦੇ ਨਾਲ ਹੈ। ਉਹ ਕਹਿਣ ਲੱਗੇ ਕਿ ਫੇਰ ਤੋਂ ਚੰਗੀ ਤਰ੍ਹਾਂ ਕਰੋ। ਜੇ ਥੋੜ੍ਹਾ-ਥੋੜ੍ਹਾ ਰੇਤਾ ਆਇਆ ਹੋਇਆ ਹੈ, ਚਾਰ-ਚਾਰ ਉਂਗਲ ਉਹ ਵੀ ਚੁੱਕ ਦਿਓ। ਉਹ ਗਾਡ ਵੀ ਕੱਢ ਦਿਤਾ, ਪਾਣੀ ਹੇਠਾਂ ਚਲਿਆ ਗਿਆ। ਸ਼ੁੱਧ ਰੇਤਾ ਆ ਗਿਆ, ਫੇਰ ਪਾਣੀ ਭਰ ਗਿਆ ਜਦੋਂ ਪੀਤਾ ਤਾਂ ਫੇਰ ਬਦਬੂਦਾਰ।

ਕਹਿਣ ਲੱਗੇ, ਮਹਾਰਾਜ! ਤੁਹਾਡੀ ਦੱਸੀ ਹੋਈ ਜੁਗਤ ਨਾਲ ਤਾਂ ਪਾਣੀ ਦੀ ਬਦਬੂ ਹਟੀ ਨਹੀਂ।

ਉਹ ਕਹਿੰਦੇ, ਫੇਰ ਮੈਨੂੰ ਜਾਣਾ ਪੈਣਾ ਹੈ ਪਿਆਰਿਓ! ਮੈਂ ਖੁਦ ਦੇਖਦਾ ਹਾਂ ਕਿ ਨੁਕਸ ਕੀ ਹੈ?

ਜਦੋਂ ਉਸ ਥਾਂ ਤੇ ਆਉਂਦੇ ਨੇ, ਤਾਂ ਕੀ ਦੇਖਦੇ ਨੇ, ਕਿ ਇੱਕ ਬਿੱਲੀ ਮਰੀ ਹੋਈ ਖੂਹ ਦੇ ਵਿੱਚ ਪਈ ਹੈ, ਉਸ ਨੂੰ ਨਹੀਂ ਕੱਢ ਰਹੇ ਹੋਰ ਸਾਰੇ ਉਪਾਅ ਕਰ ਲਏ।

ਉਹ ਕਹਿਣ ਲੱਗੇ, ਆਹ! ਬਿੱਲੀ ਕੱਢ ਦਿਓ। ਬਿੱਲੀ ਕੱਢ ਦਿੱਤੀ ਤੇ ਜਿਹੜਾ ਪਾਣੀ ਸੀ ਉਹ ਵੀ ਕੱਢ ਦਿੱਤਾ। ਦੁਬਾਰਾ ਪਾਣੀ ਭਰ ਗਿਆ, ਤੇ ਬਦਬੂ ਆਉਣੀ ਹੱਟ ਗਈ ਕਿਉਂਕਿ ਬਦਬੂ ਉਸ ਮਰੀ ਹੋਈ ਬਿੱਲੀ ਨੇ ਪਾਈ ਹੋਈ ਸੀ।

ਇਸ ਤਰ੍ਹਾਂ ਦੇ ਨਾਲ ਅਸੀਂ ਯਤਨ ਕਰਦੇ ਹਾਂ, ਕਿ ਸਾਡਾ ਅੰਤਸ਼ਕਰਣ ਸ਼ੁੱਧ ਹੋ ਜਾਵੇ, ਅਸੀਂ ਕੀਰਤਨ ਕਰੀਏ, ਅੰਮ੍ਰਿਤ ਵੇਲੇ ਜਾਗੀਏ, ਪੁੰਨ ਕਰੀਏ, ਦਾਨ ਕਰੀਏ, ਸੇਵਾ ਕਰੀਏ, ਹੋਰ ਵੀ ਅਨੇਕਾਂ ਕਰਮ ਕਰੀਏ ਤੇ ਸਤਿਸੰਗਾਂ ਵਿੱਚ ਜਾਈਏ। ਪਰ ਜੋ ਨਿੰਦਿਆ ਰੂਪ ਬਿੱਲੀ ਹੈ, ਨਿੰਦਿਆ ਕਰਨੀ ਕਿਸੇ ਨੂੰ ਮਾੜਾ ਕਹਿਣਾ, ਕਿਸੇ ਨਾਲ ਈਰਖਾ ਰੱਖਣੀ, ਝੂਠ ਬੋਲਣਾ ਹੋਰ ਅਨੇਕਾਂ ਐਸੇ ਕਰਮ ਕਰਨੇ, ਹਉਮੈ ਕਾਰਨ ਆਪਣੇ ਅੰਦਰ ਨਾ ਜਾਣਾ, ਓਸ ਥਾਂ ਤੇ ਜਿੱਥੇ ਗੁਰੂ ਸਾਹਿਬ ਦਸ ਕੇ ਹਟੇ ਨੇ ਕਿ 'ਸੁੰਨ ਨਗਰ' ਜੋ ਥਾਂ ਹੈ ਉਸ ਥਾਂ ਤੇ ਇਕ ਯੋਗੀ ਵੱਸਦਾ ਹੈ। ਉਹ ਨਾ ਨਾਰ ਹੈ ਨਾ ਪੁਰਖ ਹੈ, ਉਸ ਨੂੰ ਕੀ ਕਿਹਾ ਜਾਵੇ -

*ਸੁੰਨ ਮੰਡਲ ਇਕੁ ਜੋਗੀ ਬੈਸੇ ॥ ਅੰਗ - ੬੮੫*

ਉਹ ਸਾਡੇ ਅੰਦਰ ਵੱਸਦਾ ਹੈ ਜਿਸ ਨੂੰ ਰਾਮ, ਅੱਲਾ, ਵਾਹਿਗੁਰੂ ਕਹਿੰਦੇ ਨੇ ਉਹ ਕਿੱਤੇ ਬਾਹਰ ਨਹੀਂ ਹੈ ਹਰੇਕ ਦੇ ਅੰਦਰ

ਦਸਵੇਂ ਦੁਆਰ ਵਿੱਚ ਉਸ ਦਾ ਵਾਸਾ ਹੈ। ਫੇਰ ਉਹ ਨਿਰਮਲ ਹੈ, ਉਥੇ ਮੈਲ ਕੋਈ ਨਹੀਂ ਹੈ। ਉਥੇ ਤੱਕ ਅਸੀਂ ਪਹੁੰਚ ਨਹੀਂ ਸਕਦੇ ਕਿਉਂਕਿ ਅਜੇ ਅਸੀਂ ਆਪਣਾ ਅੰਤਸ਼ਕਰਣ ਸਾਫ ਨਹੀਂ ਕਰਿਆ, ਚਿਹਰੇ ਦਾ ਪ੍ਰਤੀਬਿੰਬ ਤਾਂ ਪੈਂਦਾ ਹੈ ਜੇ ਨਿਰਮਲਤਾਈ ਅੰਦਰ ਆ ਜਾਵੇ। ਸੋ ਇਸ ਕਰਕੇ ਮੋਤੀ ਤਾਂ ਅਸੀਂ ਚੁਗਦੇ ਹਾਂ, ਕੀਰਤਨ ਵੀ ਅਸੀਂ ਕਰਦੇ ਹਾਂ, ਸੁਣਦੇ ਵੀ ਹਾਂ ਹੋਰ ਵੀ ਬੜੀਆਂ ਖੇਚਲਾਂ ਕਰਦੇ ਹਾਂ ਪਰ ਸਾਡੇ ਦਿਲ ਦੇ ਅੰਦਰ ਸਫਾਈ ਨਹੀਂ ਆਉਂਦੀ, ਨਫਰਤ ਰਹਿੰਦੀ ਹੈ, ਦੂਜੇ ਨੂੰ ਮਾੜਾ ਕਹਿਣ ਦੀ ਰੁਚੀ ਰਹਿੰਦੀ ਹੈ। ਮਹਾਰਾਜ ਜੀ ਕਹਿੰਦੇ ਅਸੀਂ ਤੈਨੂੰ ਹਟਾਉਂਦੇ ਨਹੀਂ ਹਾਂ, ਮਾੜਾ ਕਹਿਣ ਤੋਂ, ਕਹਿ ਜੀਅ ਭਰ ਕੇ, ਪਰ ਇਸ ਤਰ੍ਹਾਂ ਸਿੱਖ ਲੈ ਕਿ ਕਿਸ ਨੂੰ ਕਹਿਣਾ ਹੈ। ਮਹਾਰਾਜ ਜੀ ਕਹਿੰਦੇ ਜੇ ਮਾੜਾ ਕਹਿਣ ਤੋਂ ਨਹੀਂ ਹਟਦਾ, ਤਾਂ ਤੂੰ ਆਪਣੇ ਆਪ ਨੂੰ ਹੀ ਕਹਿ, ਕਿ ਮੈਥੋਂ ਮਾੜਾ ਨਹੀਂ ਹੈ ਦੁਨੀਆਂ ਵਿੱਚ ਕੋਈ -

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ॥ ਅੰਗ - ੧੩੬੪***

ਜਿਸ ਨੇ ਇਹ ਗੱਲ ਮੰਨ ਲਈ, ਕਿ ਮੈਂ ਹੀ ਬੁਰਾ ਹਾਂ, ਸਾਰਿਆਂ ਨਾਲੋਂ, ਬਾਕੀ ਸਾਰੇ ਹੀ ਮੈਥੋਂ ਚੰਗੇ ਨੇ। ਜਦੋਂ ਗਿਆਨ ਦੀ ਦ੍ਰਿਸ਼ਟੀ ਆਉਂਦੀ ਹੈ, ਤਾਂ ਇਹ ਪਰਿਭਾਸ਼ਾ ਹਟ ਜਾਇਆ ਕਰਦੀ ਹੈ, ਨਾ ਕੋਈ ਚੰਗਾ ਹੈ, ਨਾ ਕੋਈ ਬੁਰਾ ਹੈ, ਸਾਰੇ ਹੀ ਚੰਗੇ ਹਨ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦***

ਜਿਸ ਦੀ ਅੱਖ ਖੱਲ੍ਹ ਗਈ, ਤੇ ਜਿਸ ਨੇ ਪ੍ਰਮੇਸ਼ਰ ਦੇ ਦਰਸ਼ਨ ਸਾਰਿਆਂ ਵਿੱਚੋਂ ਕਰ ਲਏ ਉਸ ਦੀ ਦ੍ਰਿਸ਼ਟੀ ਨਿਰਮਲਤਾਈ 'ਤੇ ਹੋਇਆ ਕਰਦੀ ਹੈ, ਗੰਦੇ ਥਾਂ ਨਹੀਂ ਹੋਇਆ ਕਰਦੀ, ਮਾੜੇ ਥਾਂ ਨਹੀਂ ਹੁੰਦੀ, ਉਸ ਦੀ ਦ੍ਰਿਸ਼ਟੀ ਫੁੱਲਾਂ ਤੇ ਹੋਇਆ ਕਰਦੀ ਹੈ। ਸੋ ਇਸੇ ਤਰ੍ਹਾਂ ਦੇ ਨਾਲ, ਦੂਸਰੇ ਦੇ ਗੁਣ, ਤੇ ਆਪਣੇ ਔਗੁਣ, ਇਹ ਹਮੇਸ਼ਾ ਹੀ ਆਦਮੀ ਨੂੰ, ਸਾਮ੍ਹਣੇ ਰੱਖਣੇ ਚਾਹੀਦੇ ਨੇ। ਦੁਨੀਆਂ ਵਿਚ ਕੋਈ ਬੁਰਾ ਆਦਮੀ ਨਹੀਂ ਹੈ। ਇੱਕ ਨੂੰ ਓਹੀ ਬਹੁਤ ਬੁਰਾ ਲੱਗਦਾ ਹੈ, ਦੂਸਰੇ ਨੂੰ ਓਹੀ ਬਹੁਤ ਚੰਗਾ ਲਗਦਾ ਹੈ, ਉਹ ਆਪਣਾ ਨਜ਼ਰੀਆਂ ਹੈ। ਜੇ ਉਹ ਉਸ ਦੇ ਹਿਤਾਂ ਦੇ ਮੁਤਾਬਿਕ ਨਹੀਂ ਹੈ, ਤਾਂ ਉਹ ਉਸ ਨੂੰ ਬੁਰਾ ਲੱਗੇਗਾ, ਕਿ ਗਲਤ ਹੈ ਉਹ ਬੰਦਾ, ਈਰਖਾ ਕਰੇਗਾ। ਜੇ ਕੋਈ ਕਹੇ ਕਿ ਮੇਰੇ ਵਿਚ ਤਾਂ ਇਹ ਗੱਲ ਹੈ ਨਹੀਂ। ਇਹ ਬਿਲਕੁਲ ਗਲਤ ਹੈ। ਇਹ ਕੋਈ ਨਹੀਂ ਕਹਿ ਸਕਦਾ, ਕਿ ਮੇਰੇ ਵਿੱਚ ਈਰਖਾ ਨਹੀਂ ਹੈ, ਮੈਂ ਨਿੰਦਿਆ ਨਹੀਂ ਕਰਦਾ। ਨਿੰਦਿਆ ਕਰਦੇ ਨੇ ਵੱਡੇ-ਵੱਡੇ ਮੈਂ ਦੇਖੇ ਨੇ ਨਿੰਦਿਆ ਕਰਦੇ। ਉਹ ਕੁਝ ਵੀ ਨਹੀ ਹੋਇਆ ਕਰਦਾ ਕਿਉਂਕਿ ਉਨ੍ਹਾਂ ਦੇ ਅੰਦਰ ਬਿੱਲੀ ਮਰੀ ਪਈ ਹੈ, ਸ਼ੁੱਧ ਨਹੀਂ ਹੁੰਦਾ ਅੰਤਸ਼ਕਰਣ। ਜਦੋਂ ਤੱਕ ਸ਼ੁੱਧ ਨਹੀਂ ਹੁੰਦਾ, ਓਨੀਂ ਦੇਰ ਤੱਕ ਜਿਹੜੇ ਕਰਮ ਨੇ 'ਨਿਰਮਲ ਕਰਮ', ਇਹ ਫਲ ਨਹੀਂ ਦਿਆ ਕਰਦੇ। ਜਿਵੇਂ ਹਜ਼ਾਰ ਮਣ ਲੱਕੜੀ ਅਸੀਂ ਸਾਰੇ ਦਿਨ ਵਿਚ ਇਕੱਠੀ ਕਰੀ, ਦੋ ਟਰੱਕਾਂ ਦੇ ਵਿੱਚ ਤੇ ਰਾਤ ਨੂੰ ਉਸ ਨੂੰ ਅੱਗ ਲਾ ਦਿੱਤੀ, ਸਵੇਰੇ ਉਥੇ ਸੁਆਹ ਤੋਂ ਬਿਨਾਂ ਕੁਝ ਨਹੀਂ ਹੋਏਗਾ।

ਸੋ ਇਸ ਤਰ੍ਹਾਂ ਆਦਮੀ ਜਦੋਂ ਅੰਦਰੋਂ ਸੁਚੇਤ ਨਹੀਂ ਹੁੰਦਾ, ਬੁਰਾ ਕਹਿੰਦਾ ਹੈ, ਨਿੰਦਿਆ ਕਰਦਾ ਹੈ, ਈਰਖਾ ਕਰਦਾ ਹੈ, ਮਾੜੀਆਂ ਗੱਲਾਂ ਕਰਦਾ ਹੈ, ਦੂਜੇ ਦੇ ਦੋਸ਼ ਦੇਖਦਾ ਹੈ, ਆਪਣੇ-ਆਪ ਨੂੰ ਗੁਣਵਾਨ ਸਮਝਦਾ ਹੈ, ਤਾਂ ਮਹਾਰਾਜ ਜੀ ਕਹਿੰਦੇ ਪਿਆਰਿਆ! ਤੇਰੇ ਪੱਲੇ ਖੇਚਲ ਪੈ ਰਹੀ ਹੈ, ਕਿਉਂਕਿ ਤੂੰ ਜਾਗਿਆ ਨਹੀਂ ਅਜੇ। ਉਨ੍ਹਾਂ ਸਾਧੂਆਂ ਦੀ ਸੰਗਤ ਕਰ ਜਿਨ੍ਹਾਂ ਦੇ ਨੇਤਰ ਖੁਲ੍ਹ ਗਏ ਨੇ, ਜਿਨ੍ਹਾਂ ਦੀ ਦ੍ਰਿਸ਼ਟੀ ਵਿੱਚ ਕੋਈ ਵੀ ਬੁਰਾ ਨਹੀਂ ਹੈ, ਜਿਹੜੇ ਇਹ ਕਹਿੰਦੇ ਨੇ -

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥ ਅੰਗ - ੨੭੮***

ਜਿੰਨਾਂ ਚਿਰ ਆਪਣਾ ਤੇ ਬਿਗਾਨਾ ਦਿਸਦਾ ਹੈ ਓਨਾਂ ਚਿਰ ਨਿਰਮਲ ਚਿਤ ਨਹੀਂ ਹੈ, ਤੇ ਹੱਟਦਾ ਕਦੋਂ ਹੈ -

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥ ਅੰਗ - ੧੨੯੯***

ਸਾਧੂ ਦੀ ਸੰਗਤ ਵਿੱਚ ਤਾਂ ਦੁਨੀਆਂ ਹੀ ਜਾਂਦੀ ਹੈ ਲੇਕਿਨ ਉਹ ਸਾਧ-ਸੰਗਤ ਮਿਲਦੀ ਨਹੀਂ ਹੈ, ਅੰਦਰ ਅਸਰ ਨਹੀਂ ਕਰਦੀ। ਸਾਡੇ ਦਰਵਾਜ਼ੇ ਬੰਦ ਨੇ, ਅਸੀਂ ਉਨ੍ਹਾਂ ਦੇ ਬਚਨ ਅੰਦਰ ਨਹੀਂ ਜਾਣ ਦਿੰਦੇ, ਉਤਲੀ ਤਹਿ ਤੇ ਹੀ ਰੱਖਦੇ ਹਾਂ ਜਿਹੜੇ ਛੇਤੀ ਹੀ ਸਾਫ ਹੋ ਜਾਂਦੇ ਨੇ। ਜੇ ਉਹ ਸਾਧ-ਸੰਗਤ ਮਿਲ ਜਾਵੇ ਤਾਂ-

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***

ਫੇਰ ਦੁਨੀਆਂ ਵਿੱਚ ਵੈਰੀ ਕਿਹੜਾ ਰਹਿ ਜਾਏਗਾ, ਕੋਈ ਵੀ ਵੈਰ ਉਨ੍ਹਾਂ ਨਾਲ ਨਹੀਂ ਕਰਦਾ, ਜੇ ਕਰਦਾ ਵੀ ਹੈ ਤਾਂ ਉਸੇ ਨੂੰ ਪੈਂਦਾ ਹੈ ਜਾ ਕੇ। ਜਿਹੜੇ ਸਾਰਿਆਂ ਦਾ ਭਲਾ ਮਨਾਉਂਦੇ ਨੇ, ਸੁਚੇਤ ਹੋ ਕੇ ਕਹਿੰਦੇ ਨੇ ਕਿ -

***ਨਾਨਕ ਨਾਮ ਚੜ੍ਹਦੀ ਕਲਾ।***
***ਤੇਰੇ ਭਾਣੇ ਸਰਬੱਤ ਕਾ ਭਲਾ।***

ਐਸਾ ਕੋਈ-ਕੋਈ ਬੰਦਾ ਹੈ ਸੰਸਾਰ ਦੇ ਅੰਦਰ, ਜਿਹੜਾ ਇਸ ਸ਼ਬਦ ਨੂੰ ਸਹੀ ਤਰੀਕੇ ਨਾਲ ਕਹਿੰਦਾ ਹੈ, ਬਾਕੀ ਤਾਂ ਆਏਂ ਬੋਲਦੇ ਨੇ ਜਿਵੇਂ ਤੋਤਾ ਬੋਲਦਾ ਹੈ, ਉਵੇਂ ਹੀ ਤੋਤੇ ਵਾਲੀ ਬੋਲੀ ਬੋਲੀ ਜਾਂਦੇ ਨੇ। ਤੋਤੇ ਨੂੰ ਰਾਮ-ਰਾਮ ਦਾ ਕੋਈ ਫਰਕ ਹੀ ਨਹੀਂ ਪੈਂਦਾ ਕਿਉਂਕਿ ਰਟਿਆ ਹੋਇਆ ਹੁੰਦਾ ਹੈ, ਟੇਪ-ਰਿਕਾਰਡਰ ਵਾਂਗ ਚਲਦਾ ਹੈ, ਕਹੀ ਜਾਵੇ, ਬਾਣੀ ਪੜ੍ਹੀ ਜਾਵੇ, ਉਸਨੂੰ ਤਾਂ ਕੋਈ ਅਸਰ ਨਹੀਂ। ਕਿੰਨੇ ਵੀ ਸੁਆਦੂ ਭੋਜਨ ਬਣਾ ਲਓ, ਪਰ ਜੋ ਕੜਛੀ ਫਿਰਦੀ ਹੈ ਪਤੀਲੇ ਦੇ ਵਿੱਚ ਉਸ ਨੂੰ ਕੋਈ ਪਤਾ ਨਹੀਂ ਹੈ, ਉਹ ਸੁਆਦ ਭੋਜਨਾਂ ਵਿੱਚ ਤਾਂ ਰਹਿੰਦੀ ਹੈ ਪਰ ਸੁਆਦ ਭੋਜਨਾਂ ਦਾ, ਉਸਨੂੰ ਆਪ ਨੂੰ ਕੋਈ ਪਤਾ ਨਹੀਂ ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਤੱਕ ਅਸੀਂ ਜਾਣਦੇ ਨਹੀਂ ਹਾਂ ਓਨੀਂ ਦੇਰ ਤਕ ਇਹ ਜੋ ਗੁਰੂ ਦਾ ਸਾਗਰ ਹੈ, ਰਤਨਾਂ ਦਾ ਭਰਿਆ ਹੋਇਆ, ਇਸ ਦੇ ਵਿੱਚੋਂ ਅਸੀਂ ਹੰਸ ਰੂਪ ਬਿਰਤੀ ਧਾਰ ਕੇ ਮੋਤੀ ਨਹੀਂ ਚੁੱਗ

ਸਕਦੇ। ਜੇ ਭਲਾ ਥੋੜ੍ਹੀ ਦੇਰ ਵਾਸਤੇ ਬਿਰਤੀ ਇਕਾਗਰ ਵੀ ਹੋ ਜਾਵੇ, ਯਾਦ ਵੀ ਰਹਿ ਜਾਵੇ, ਮੁੜ ਕੇ ਸਾਡੀਆਂ ਆਦਤਾਂ ਐਸੀਆਂ ਨੇ, ਤਿੰਨਾਂ ਗੁਣਾਂ ਵਿੱਚ ਹੋਣ ਕਰਕੇ ਅਸੀਂ ਜ਼ਰੂਰ ਕਿਸੇ ਨੂੰ ਮਾੜਾ ਕਹਾਂਗੇ, ਕਿਸੇ ਨੂੰ ਚੰਗਾ ਕਹਾਂਗੇ, ਕਿਸੇ ਨੂੰ ਆਪਣਾ, ਕਿਸੇ ਨੂੰ ਬੇਗਾਨਾ, ਕਿਸੇ ਨਾਲ ਸਾਡਾ ਪਿਆਰ ਹੋਏਗਾ, ਕਿਸੇ ਨਾਲ ਸਾਡਾ ਵਿਰੋਧ ਹੋਏਗਾ। ਸੋ ਜਦੋਂ ਤੱਕ ਇਹ ਸਮਾਨ ਨਹੀਂ ਹੁੰਦਾ ਓਨੀਂ ਦੇਰ ਤੱਕ ਜੋ -

***ਸੁੰਨ ਮੰਡਲ ਇਕੁ ਜੋਗੀ ਬੈਸੇ ॥ ਅੰਗ - ੬੮੫***

ਉਸ ਤੱਕ ਨਹੀਂ ਪਹੁੰਚ ਸਕਦਾ, ਦਰਵਾਜ਼ੇ ਬੰਦ ਰਹਿੰਦੇ ਨੇ, ਖੁਲ੍ਹਦੇ ਨਹੀਂ ਕਿਉਂਕਿ ਉਹ purified ਨਹੀਂ ਹੋਇਆ, ਜਿੰਨਾਂ ਚਿਰ purified ਨਹੀਂ ਹੁੰਦਾ, ਓਨੀਂ ਦੇਰ ਤੱਕ ਸਬੰਧ ਨਹੀਂ ਜੁੜਦਾ, ਕਿਉਂਕਿ ਉਹ ਆਪ ਨਿਰਮਲ ਹੈ। ਦੋਹਾਂ ਦਾ ਮਿਲਾਪ ਤਾਂ ਹੀ ਹੁੰਦਾ ਹੈ ਜੇ ਦੋਵੇਂ ਇੱਕੋ-ਜਿਹੇ ਹੋਣ। ਜੇ ਇੱਕ ਚਿੱਟਾ ਹੈ ਦੂਜਾ ਪੀਲਾ ਹੈ, ਤਾਂ ਦੋਹਾਂ ਦਾ ਮਿਲਾਪ ਤਾਂ ਹੀ ਹੋਏਗਾ, ਜੇ ਦੋਵੇਂ ਇੱਕ ਰੰਗ ਹੋ ਜਾਣਗੇ। ਜਿੰਨੀ ਦੇਰ ਦੋ ਰੰਗ ਸਾਡੇ ਵਿੱਚ ਨੇ, ਨਿਰਮਲਤਾਈ ਸਾਡੇ ਹਿਰਦੇ ਵਿੱਚ ਆਈ ਨਹੀਂ ਹੈ, ਓਨੀ ਦੇਰ ਤੱਕ ਉਸ ਨਿਰਮਲ ਨੂੰ ਅਸੀਂ ਮਿਲ ਨਹੀਂ ਸਕਦੇ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥ ਅੰਗ - ੧੦੩੩***

ਉਹ ਨਿਰਮਲ ਥਾਂ ਹੈ ਜਦੋਂ ਨਿਰਮਲ ਹੋ ਜਾਂਦਾ ਹੈ, ਫੇਰ-

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥***
***ਪਾਛੈ ਲਾਗੋ ਹਰਿ ਫਿਰੈ***
***ਕਹਤ ਕਬੀਰ ਕਬੀਰ ॥ ਅੰਗ - ੧੩੬੭***

ਸੋ ਲੰਮਾ ਸ਼ਬਦ ਹੈ, ਇਹ ਇਸ ਨੂੰ ਵਿਚਾਰਨਾ ਚਾਹੀਦਾ ਹੈ। ਬਾਣੀ ਨੂੰ ਵਿਚਾਰੋ, ਪਰ ਮਹਾਰਾਜ ਜੀ ਕਹਿੰਦੇ ਕੋਈ ਵਿਰਲਾ ਪੁਰਸ਼ ਹੈ ਜਿਹੜਾ ਬਾਣੀ ਨੂੰ ਵਿਚਾਰਦਾ ਹੈ, ਉਹ ਭਾਗਾਂ ਵਾਲਾ ਹੈ। ਕੋਈ ਵਿਰਲਾ ਪੁਰਸ਼ ਹੈ ਲੱਖਾਂ ਦੇ ਵਿੱਚੋਂ ਇੱਕ ਜਿਹੜਾ ਇਸ ਬਾਣੀ ਨੂੰ ਜੀਅ ਤੋਂ ਜਾਣਦਾ ਹੈ। ਜਿਹੜਾ ਜੀਅ ਤੋਂ ਜਾਣਦਾ ਹੈ, ਉਸ ਦੇ ਅੰਦਰ ਫੇਰ ਨਾਮ ਦੇ ਲਹਿਰੇ ਆਉਂਦੇ ਨੇ, ਨਾਮ ਦੀਆਂ ਝੂੰਮਣੀਆਂ ਆਉਂਦੀਆਂ ਨੇ।

***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭***

ਸੋ ਇਸ ਕਰਕੇ ਅਸੀਂ ਅੰਮ੍ਰਿਤ ਵੇਲੇ ਜਾਗਦੇ ਹਾਂ, ਠੀਕ ਹੈ ਦੂਜੇ ਪਾਸੇ ਫਲ ਬੜਾ ਜ਼ਬਰਦਸਤ ਹੈ, ਪਰ ਉਥੇ ਦੇ ਉਥੇ ਤਾਂ ਰਹਿੰਦੇ ਹਾਂ ਕਿਉਂਕਿ ਅਸੀਂ ਥਾਂ ਛੱਡਣਾ ਨਹੀਂ ਚਾਹੁੰਦੇ। ਕੋਹਲੂ ਦਾ ਜੋ ਬੈਲ ਹੈ ਉਹ ਘੁੰਮਦਾ ਬੜਾ ਹੈ, ਜ਼ੋਰ ਬੜਾ ਲੱਗ ਜਾਂਦਾ ਹੈ ਉਸਦਾ, ਘੁੰਮਦਾ-ਘੁੰਮਦਾ ਥੱਕ ਜਾਂਦਾ ਹੈ, ਪਰ ਜਦੋਂ ਖੋਪੇ ਖੋਲ੍ਹ ਕੇ ਦੇਖਦਾ ਹੈ, ਤਾਂ ਉਥੇ ਦਾ ਉਥੇ ਪਹਿਲਾਂ ਉਸ ਦਾ ਅਨੁਮਾਨ ਸੀ ਕਿ ਪਤਾ ਨਹੀਂ ਮੈਂ 20 ਮੀਲ ਪੈਂਡਾ ਕੱਢ ਲਿਆ ਜਾਂ 30 ਮੀਲ ਕੱਢ ਲਿਆ, ਫੇਰ ਕੀ ਦੇਖਦਾ ਹੈ, ਉਸੇ ਪੈੜ ਵਿਚ ਖੜ੍ਹਾ ਹੈ ਜਿੱਥੇ ਲਿਆ ਕੇ ਖੋਪੇ ਲਾਏ ਸੀ। ਜਿੰਨੀ ਦੇਰ ਤੱਕ ਸਾਡੇ ਅਨੁਭਵ ਉਤੇ ਖੋਪੇ ਲੱਗੇ ਹੋਏ ਨੇ, ਸਾਡੀ ਰੂਹਾਨੀ ਚਾਲ ਸਾਨੂੰ ਕਿਸੇ ਕਿਨਾਰੇ ਨਹੀਂ ਪਹੁੰਚਾਉਂਦੀ।

ਸੋ ਉਸ ਦੇ ਬਾਰੇ ਇੱਕ ਪੁਸਤਕ ਹੈ 'ਸੁਰਤਿ ਸਬਦਿ ਮਾਰਗ'। ਉਸ ਦੇ ਵਿੱਚ ਬੜੀਆਂ ਰਹਿਤਾਂ ਦੱਸੀਆਂ ਨੇ ਸੋ ਸਾਵਧਾਨੀ ਵਰਤੋਂ ਭਾਈ, ਜੇ ਤੁਸੀਂ ਉਸ ਜੋਗੀ ਦੇ ਘਰ ਤੱਕ ਪਹੁੰਚਣਾ ਹੈ, ਜਿਹੜਾ ਸੁੰਨ ਮੰਡਲ ਵਿੱਚ ਵੱਸਦਾ ਹੈ, ਜਿਹੜਾ ਸਾਡੇ ਅੰਦਰ ਹੀ ਹੈ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।

---

(ਪੰਨਾ 20 ਦਾ ਬਾਕੀ)

ਸੋ ਇਸ ਤਰ੍ਹਾਂ ਦੇ ਅੰਦਰ ਕਹਿਣ ਲੱਗੇ ਕੀ ਖਾਧਾ ਜਾ ਕੇ ਉਹਨੇ, ਅਲੂਣਾ ਸਾਗ। ਝੌਂਪੜੀ 'ਚ ਚਲੇ ਗਏ ਸੀ ਭੀਲਣੀ ਦੀ ਸ੍ਰੀ ਰਾਮ ਚੰਦਰ ਜੀ ਮਹਾਰਾਜ, ਕੀ ਓਥੇ ਜਾ ਕੇ ਖਾਧਾ? ਕਹਿੰਦੇ, ਜੂਠੇ ਬੇਰ। ਕਹਿੰਦੇ, ਸੁੱਚ ਜੂਠ ਹੁੰਦੀ ਹੈ ਪਿਆਰ ਦੇ ਅੰਦਰ? ਤੁਸੀਂ ਨਹੀਂ ਸਮਝ ਸਕਦੇ, ਸਾਨੂੰ ਭੁੱਖ ਨਹੀਂ ਪਿਆਰਿਓ! ਉਹ ਤਾਂ ਪਿਆਰ ਦੀ ਭੁੱਖ ਸੀ, ਪਿਆਰ ਦੇ ਅੰਦਰ ਕੋਈ ਮਰਿਆਦਾ ਨਹੀਂ, ਆਦਿ ਜੁਗਾਦਿ ਤੋਂ ਚਲਿਆ ਆਉਂਦਾ ਹੈ। ਸੋ ਇਸ ਕਰਕੇ ਗੁਰੂ ਭਿੱਜਦਾ ਹੈ ਤਾਂ ਪਿਆਰ ਨਾਲ ਭਿੱਜਦਾ ਹੈ, ਹੋਰ ਕੋਈ ਚੀਜ਼ ਉਨ੍ਹਾਂ ਨੂੰ ਰਿਝਾਉਣ ਨੂੰ ਸਮਰੱਥਾ ਨਹੀਂ ਰੱਖਦੀ। ਦਾਨ ਜੇ ਦੇ ਕੇ ਉਨ੍ਹਾਂ ਨੂੰ ਕਹੇ ਕੋਈ ਕਿ ਮੈਂ ਐਨੇ ਲੱਖ ਦੇ ਦਿੱਤਾ, ਉਹ ਤਾਂ ਉਨ੍ਹਾਂ ਕੋਲ ਸਭ ਹੁੰਦਾ ਹੈ, ਇੱਕ ਨਿਗ੍ਹਾ ਕਰ ਦੇਣ, ਸਾਰੀ ਧਰਤੀ ਨੂੰ ਸੋਨੇ ਦੀ ਬਣਾ ਦੇਣ, ਸਾਡਾ ਮੁੱਲ ਪੈਂਦਾ ਹੈ ਓਥੇ ਕੋਈ, ਨਾ ਪਿਆਰ ਹੈ ਸਿਰਫ -

***ਧਾਰਨਾ - ਨਹੀਂਓ ਭਿੱਜਦੇ ਹਰਿ ਜੀ***
***ਬਿਨਾਂ ਸੱਚੇ ਪਿਆਰ ਤੋਂ।***

***ਸਾਚੁ ਕਹੂੰ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਸੋ ਇਸ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਮਹਾਰਾਜ ਦਾ ਅੱਜ ਗੁਰਿਆਈ ਦਾ ਦਿਨ ਹੈ, ਜਿਨ੍ਹਾਂ ਦੇ ਜੀਵਨ ਦੇ ਵਿੱਚੋਂ ਇੱਕ ਪਿਆਰ ਦਾ ਵਰਕਾ ਆਪਾਂ ਅੱਜ ਪੜ੍ਹਿਆ ਹੈ। ਸੋ ਅੱਜ ਚੇਤ ਦੀ ਸੰਗਰਾਂਦ ਹੈ ਮਹਾਰਾਜ ਕਹਿੰਦੇ -

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥***
***ਅੰਗ - ੧੩੩***

ਆਰਾਧਣਾ ਹੁੰਦਾ ਹੈ, ਪਿਆਰ ਕਰਨਾ, ਚੇਤ ਦੇ ਅੰਦਰ ਗੋਬਿੰਦ ਨੂੰ ਪਿਆਰ ਕਰੋ। ਸਾਰੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਮੈਂ ਸਮਾਪਤ ਕਰਦਾ ਹਾਂ।

ਅਨੰਦ ਸਾਹਿਬ
ਗੁਰ ਸਤੋਤਰ
ਅਰਦਾਸ
ਹੁਕਮਨਾਮਾ
(******)

# ਪਿਆਰ ਪਰਵਾਨੇ

*ਭਾਈ ਸਾਹਿਬ ਭਾਈ ਵੀਰ ਸਿੰਘ*

**੫. ਤਰਸਦੇ ਨੈਣਾਂ ਵਿਚ ਸੁਹਣੇ ਨੈਣਾਂ ਦੀ ਨੈਣ-ਝਲਕ**

ਲਾਹੌਰ ਵਿਚ ਰਹਿੰਦਾ ਸੀ ਮਨਸੁਖ। ਕਦੇ ਮਨਸੁਖ ਸੀ ਮਨ ਦੇ ਸੁਖ ਦਾ ਲੋੜਕੂ ਤੇ ਫੇਰ ਮਨਸੁਖ ਪਾ ਚੁਕਾ ਸ੍ਰੀ ਗੁਰੂ ਤੋਂ, ਪਰ ਮਨ ਦੇ ਸੁਖ ਵਿਚ ਪ੍ਰੀਤਮ ਪਿਆਰੇ ਤੇ ਗੁਰੂ ਪਿਆਰੇ ਦੇ ਬਿਰਹਾ ਵਿਛੋੜੇ ਕਰਕੇ ਬਿਹਬਲਤਾ ਹੈਸੀ ਲਗ ਰਹੀ। ਹਾਂ ਅਕਾਂਖਯ ਸੀ ਮਿਲਣ ਦੀ, ਸਿੱਕ ਹੈ ਸੀ ਦਰਸ਼ਨਾਂ ਦੀ, ਉਡੀਕ ਹੈ ਸੀ ਕਿਵੇਂ ਪੂਰੀ ਹੋਵੇ। ਉਹ ਅੰਮ੍ਰਿਤ ਵੇਲੇ ਇਸੇ ਵੈਰਾਗ ਵਿਚ ਉਠ ਟੁਰਿਆ ਰਾਵੀ ਦੇ ਕਿਨਾਰੇ ਨੂੰ। ਕਦੇ ਗੁਰੂ ਕੇ ਸ਼ਬਦ ਜੋ ਲਿਖ ਲਏ ਹੋਏ ਸੂ ਕੋਈ ਕੋਈ ਪਦਿ ਗਾਉਂਦਾ, ਕਦੇ ਅਪਨੇ ਬਿਰਹੇ ਨੂੰ ਅਪਨੇ ਰੰਗਾਂ ਵਿਚ ਉਚਾਰਦਾ ਰਾਵੀ ਦੇ ਕੰਢੇ ਫਿਰਦਾ ਕਦੇ ਬੈਠਾ ਕਦੇ ਚਾਰ ਕਦਮ ਟੁਰਦਾ ਨਦੀ ਦੇ ਪ੍ਰਵਾਹ ਦੀ ਠੰਡ ਤੇ ਪੌਣ ਦੀ ਸੀਤਲ ਛੋਹ ਵਿਚ ਖੀਵਾ ਹੋ ਜਾਂਦਾ ਸੀ ਕਿ ਅਚਾਨਕ ਅਝਕਿਆ। ਪੂਰੇ ਵਲੋਂ ਸੂਰਜ ਦੀ ਟਿਕੀ ਨਿਕਲ ਰਹੀ ਸੀ ਕਿ ਇਸਨੂੰ ਝਾਂਵਲਾ ਪੈ ਗਿਆ ਪ੍ਰੀਤਮ ਦਾ। ਮਨ ਨੇ ਕਿਹਾ ਝਾਵਲਾ ਹੀ ਹੋਸੀ, ਪਰ ਫੇਰ ਤਕੇ ਤਾਂ ਸਾਮਰਤਖ ਦਿਸਣ ਲਗ ਪਏ ਪਿਆਰੇ ਜੀ। ਫੇਰ ਅੱਗੇ ਵਧਿਆ ਤੇ ਪ੍ਰੇਮ ਦੀ ਮਦਹੋਸ਼ੀ ਵਿਚ ਚਰਨਾਂ ਨੂੰ ਲਿਪਟ ਗਿਆ। ਆਪਣੇ ਲਾਏ ਰੱਬੀ ਰੰਗ ਨਾਲ ਰਤੇ ਪਿਆਰੇ ਨੂੰ ਆਪ ਨੇ ਪਯਾਰ ਦਿਤਾ ਵਰ ਦਿਤਾ 'ਸਿਮਰਨ ਧਯਾਨ ਪ੍ਰੇਮ ਰੰਗ ਸਵਾਏ। ਧੰਨ ਧੰਨ ਹੋ ਗਿਆ ਪ੍ਰੇਮੀ ਸ੍ਰੀ ਗੁਰੂ ਜੀ ਪਯਾਰ ਦੇ ਕੇ ਉਠਾ ਲਿਆ। ਸੁਖ ਸਾਂਦ ਪੁਛੀ। ਪਯਾਰ ਦੇ ਭਾਵਾਂ ਦੇ ਵਟਾਂਦਰੇ ਰਸਭਰੀਆਂ ਰਸਨਾ ਨਾਲ ਹੋਏ। ਪਯਾਰ ਵਿਚ ਬਿਹਬਲ ਹੋ ਹੋ, ਸ਼ੁਕਰ ਵਿਚ ਟਿਕ ਟਿਕ ਮਨਸੁਖ ਜੀ ਨੇ ਸਤਿਗੁਰੂ ਦੇ ਇਕ ਛੰਤ ਦਾ ਰਸ ਭਰੀ ਸੁਰ ਵਿਚ ਗਾਯਨ ਕਰਕੇ ਆਪ ਦਾ ਸੁਆਗਤ ਕੀਤਾ।

*ਮੇਰੀ ਇਛ ਪੁਨੀ ਜੀਉ*
*ਹਮ ਘਰਿ ਸਾਜਨੁ ਆਇਆ ॥*
*ਮਿਲਿ ਵਰੁ ਨਾਰੀ ਮੰਗਲੁ ਗਾਇਆ ॥*
*ਗੁਣ ਗਾਇ ਮੰਗਲੁ ਪ੍ਰੇਮਿ ਰਹਸੀ*
*ਮੁੰਧ ਮਨਿ ਓਮਾਹਓ ॥*
*ਸਾਜਨ ਰਹੰਸੇ ਦੁਸਟ ਵਿਆਪੇ*
*ਸਾਚੁ ਜਪਿ ਸਚੁ ਲਾਹਓ ॥*
*ਕਰ ਜੋੜਿ ਸਾ ਧਨ ਕਰੈ ਬਿਨਤੀ*
*ਰੈਣਿ ਦਿਨੁ ਰਸਿ ਭਿੰਨੀਆ ॥*
*ਨਾਨਕ ਪਿਰੁ ਧਨ ਕਰਹਿ ਰਲੀਆ*
*ਇਛ ਮੇਰੀ ਪੁੰਨੀਆ ॥ ਅੰਗ - ੨੪੩*

ਹੁਣ ਮਨਸੁਖ ਨੇ ਬੇਨਤੀ ਕੀਤੀ ਸਤਿਗੁਰੂ ਨੂੰ ਅਪਨੇ ਘਰ ਲੈ ਗਿਆ। ਜਿਤਨੇ ਕੁ ਪ੍ਰੇਮੀ ਲਾਹੌਰ ਵਿਚ ਸਨ ਜੋ ਬਹੁਤ ਨਹੀਂ ਸਨ ਸਾਰਿਆਂ ਨੂੰ ਖਬਰ ਪਹੁੰਚ ਪਈ ਕਿ ਬਰਸਾਂ ਦੇ ਵਿਛੋੜੇ ਦੇਣ ਵਾਲਾ ਦਾਤਾ ਆ ਗਿਆ ਹੈ। ਮਨਸੁਖ ਦੇ ਘਰ ਭੱਜੇ ਆਏ ਸਾਰੇ। ਦਰਸ਼ਨ ਕਰ ਕਰ ਚਰਨੀਂ ਲਗ ਲਗ ਸਾਰੇ ਖਿੜ ਗਏ। ਮਨਸੁਖ ਦਾ ਘਰ ਅਜ ਮਨਾਂ ਨੂੰ ਸੁਖ ਦੇਣ ਵਾਲਾ ਇਕ ਬੈਕੁੰਠ ਧਾਮ ਬਣ ਗਿਆ। ਮਰਦਾਨੇ ਦੇ ਘਰ ਰੰਗ ਲਗ ਗਿਆ ਕੋਈ ਕੋਈ ਹੋਰ ਢੂੰਡਾਊ ਬੀ ਕਿਸੇ ਕਿਸੇ ਦੇ ਨਾਲ ਲਗਾ ਆ ਗਿਆ। ਸਤਿਸੰਗ ਤੇ ਮੇਹਰਾਂ ਦੀ ਨਦਰ ਦਾ ਲਾਹਾ ਲਿਆ। ਕਿਸੇ ਨੇ ਆਪ ਜੀ ਤੋਂ ਪੁਛਿਆ-ਨਾਮ ਜਪਣੇ ਨਾਲ ਅੰਦਰ ਕਿੰਞ ਤੇ ਕੀ ਕੁਛ ਹੁੰਦਾ ਹੈ? ਸਤਿਗੁਰ ਜੀ ਨੇ ਫੁਰਮਾਇਆ, ਨਾਮ ਲਈਦਾ ਹੈ ਉਸਦਾ ਜੋ ਅੰਦਰ ਬੈਠਾ ਹੈ ਜੋ ਬਾਹਿਰ ਬੀ ਹੈ, ਜੋ ਸਾਰੇ ਬੀ ਹੈ। ਜੋ ਪਰੀਪੂਰਣ ਬੀ ਹੈ। ਉਸ ਦਾ ਨਾਮ ਜਪਦਿਆਂ ਉਹ ਅੰਦਰ ਯਾਦ ਵਿਚ ਇਸਥਿਤ ਹੋ ਜਾਂਦਾ ਹੈ। ਉਹ ਹੈ ਤਾਂ ਅੰਦਰ, ਯਾਦ ਨਾਲ ਭੁਲ ਦਾ ਪਰਦਾ ਜੋ ਹਰ ਵੇਲੇ ਪਿਆ ਰਹਿੰਦਾ ਹੈ, ਦੂਰ ਹੋ ਜਾਂਦਾ ਹੈ। ਇਉਂ ਯਾਦ ਨਾਲ ਭੁੱਲ ਵਿਚੋਂ ਹਟ ਕੇ ਉਸ ਨਾਲ ਮੇਲ ਹੋ ਜਾਂਦਾ ਹੈ। ਸਾਨੂੰ ਪ੍ਰਤੀਤ ਵਿਚ ਭਾਸਣ ਲਗ ਜਾਂਦਾ ਹੈ ਕਿ ਅਸੀਂ ਸਰੀਰ ਨਹੀਂ, ਸਰੀਰ ਤੋਂ ਵਖ ਅੰਦਰ ਉਸ ਨਾਲ ਲਗ ਰਹੇ ਹਾਂ। ਉਸ ਦਾ ਸੰਗ ਕਿ ਸਾਥ ਪ੍ਰਤੀਤੀ ਵਿਚ ਆ ਜਾਂਦਾ ਹੈ।ਇਸ ਨਾਲ ਮਨ ਵਿਚ ਸੁਖ ਤੇ ਟਿਕਾ ਭਾਸਣ ਲਗ ਜਾਂਦਾ ਹੈ। ਇਕ ਉਚਤਾ ਦੀ ਪ੍ਰਤੀਤੀ ਹੋ ਆਉਂਦੀ ਹੈ। ਵਿਆਪਕ ਹੋਂਦ ਨਾਲ ਮਾਨੋਂ ਅੰਦਰ ਅਵਿਛੜ ਤੇ ਅਵਿਥ ਵਿਚ ਹੋ ਜਾਈਦਾ ਹੈ। ਐਉਂ ਲਿਵ ਲਗ ਜਾਂਦੀ ਹੈ ਤੇ ਨਿਰੰਕਾਰ ਦੇ ਮਿਲਾਪ ਵਿਚ ਫੇਰ ਵਿਥ ਨਹੀਂ ਪੈਂਦੀ ਅਨੁਭਵ ਵਿਚ ਦਵੈਤ ਨਹੀਂ ਰਹਿੰਦੀ। ਇਹੋ ਮੁਕਤੀ ਹੈ। 'ਨਾਮ ਤੇਰੇ ਰਹੇ ਮਨ ਰਾਤਾ। ਇਹ ਕਲਿਆਨ ਨਾਨਕ....' ਦੇਖੋ ਭਾਈ ਹੋਰ ਸੋਚ ਕਰੋ ਜਿਸਦਾ ਨਾਮ ਸਿਮਰਦੇ ਹਾਂ, ਉਸਦੀ ਟੇਕ ਲੈਂਦੇ ਹਾਂ, ਉਸਨੂੰ ਭਾਵਨਾ ਨਾਲ ਯਾਦ ਕਰਦੇ ਹਾਂ ਸਾਡਾ ਭਾਵ ਭਾਵੇਂ ਕਿੰਨਾ ਨਿੱਕਾ ਹੋਵੇ, ਉਸਨੂੰ ਭਾਵਨਾ ਨਾਲ ਯਾਦ ਕਰਦੇ ਹਾਂ ਸਾਡਾ ਭਾਵ ਭਾਵੇਂ ਕਿੰਨਾ ਨਿੱਕਾ ਹੋਵੇ, ਉਹ ਭਾਵ ਹੈ, ਉਸ ਸਾਡੇ ਭਾਵ-ਪਿਆਰ ਨੂੰ ਸਾਂਈ ਜੋ ਆਪ ਪ੍ਰੇਮ ਸਰੂਪ ਹੈ ਜਾਣਦਾ ਹੈ, ਸਾਡੀ ਪ੍ਰੇਮ ਭਾਵਨਾ ਨਾਲ ਉਹ ਪਸੀਜਦਾ ਹੈ, ਸਾਡੇ ਨਿਤਾਣੇ ਯਤਨ ਉਤੇ ਉਸ ਵਿਚ ਭਾਵ ਹੋਣ ਕਰਕੇ, ਦਿਆਲੂ ਹੋ ਜਾਂਦਾ ਹੈ। ਉਸ ਦੀ ਮੇਹਰ ਉਸਦੀ ਰੰਚਕ ਪਿਆਰ ਦੀ ਨਜ਼ਰ ਸਾਨੂੰ ਖਿਚ ਲੈਂਦੀ ਹੈ ਤੇ ਤਾਰ ਲੈਂਦੀ ਹੈ। ਜਦ ਇਸ ਪ੍ਰਕਾਰ ਦੇ ਬਚਨ ਆਪ ਕਰ ਰਹੇ ਸਨ ਤਾਂ ਮਰਦਾਨੇ ਨੇ ਇਕ ਸਲੋਕ ਗਾ ਕੇ ਸਭ ਦੇ ਦਿਲਾਂ ਨੂੰ ਨਿਸਚੇ ਦੇ ਘਰ ਪੁਚਾ ਦਿਤਾ -

*ਨ ਭੀਜੈ ਰਾਗੀ ਨਾਦੀ ਬੇਦਿ ॥*
*ਨ ਭੀਜੈ ਸੁਰਤੀ ਗਿਆਨੀ ਜੋਗਿ ॥*
*ਨ ਭੀਜੈ ਸੋਗੀ ਕੀਤੈ ਰੋਜਿ ॥*
*ਨ ਭੀਜੈ ਰੂਪੀ ਮਾਲੀ ਰੰਗਿ ॥*
*ਨ ਭੀਜੈ ਤੀਰਥਿ ਭਵਿਐ ਨੰਗਿ ॥*
*ਨ ਭੀਜੈ ਦਾਤੀ ਕੀਤੈ ਪੁੰਨਿ ॥*
*ਨ ਭੀਜੈ ਬਾਹਰਿ ਬੈਠਿਆ ਸੁੰਨਿ ॥*
*ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥*
*ਨ ਭੀਜੈ ਕੇਤੇ ਹੋਵਹਿ ਧੂੜ ॥*
*ਲੇਖਾ ਲਿਖੀਐ ਮਨ ਕੈ ਭਾਇ ॥*
*ਨਾਨਕ ਭੀਜੈ ਸਾਚੈ ਨਾਇ ॥ ਅੰਗ - ੧੨੩੭*

ਸਾਰੰਗੀ ਦੀ ਸੁਹਣੀ ਸੁਰ ਵਿਚ ਗਾਵਿਆ ਇਹ ਸਲੋਕ ਅਪਨਾ ਅਸਰ ਕਰ ਗਿਆ। ਸਾਰੇ ਸਮਝ ਗਏ ਕਿ ਪਰਮੇਸੁਰ ਨੂੰ ਅਪਨੇ ਤੇ ਦਿਆਲੂ ਕਰਨ ਲਈ, ਉਸਨੂੰ ਅਪਨੇ ਤੇ ਪਸੀਜਵਾਂ ਪਯਾਰ ਵਿਚ ਲਿਆਉਣ ਲਈ ਉਸਦਾ ਨਾਮ ਸਿਮਰਣ ਜੀ ਉਪਾਉ ਹੈ ਹੋਰ ਉਪਾਵ ਬਿਰਥੇ ਹਨ।

ਮਰਦਾਨਾ ਕਾਹਲਾ ਸੀ ਕਿ ਘਰ ਪਹੁੰਚੀਏ। ਉਸਨੂੰ ਅਪਨੀ ਖਿੱਚ ਤਾਂ ਸੀ ਤੇ ਉਹ ਲੁਕਾ ਨਹੀਂ ਸੀ ਕਰਦਾ ਪਰ ਉਸਨੂੰ ਹੁਣ ਮਾਤਾ ਤ੍ਰਿਪਤਾ ਜੀ ਤੇ ਬਾਬੇ ਕਾਲੂ ਦਾ ਬਿਰਹੋਂ ਯਾਦ ਆਉਂਦਾ ਸੀ ਤੇ ਚਾ ਹੁੰਦਾ ਸੀ ਕਿਹੜਾ ਵੇਲਾ ਹੋਵੇ ਗੁਰੂ ਨਾਨਕ ਨੂੰ ਛਾਤੀ ਲਾ ਕੇ ਦੁਹਾਂ ਨੂੰ ਠਰਦਿਆਂ ਵੇਖਾਂ ਤੇ ਇਹ ਠਾਰਵਾਂ ਦ੍ਰਿਸ਼ ਦੇਖ ਕੇ ਮੈਂ ਸਾਰਾ ਠਰ ਜਾਵਾਂ। ਮਰਦਾਨਾ ਚਾਹੇ ਬਿਲਾਸ ਕਰ ਲੈਂਦਾ ਸੀ। ਚਾਹੇ ਉਦਾਸ ਹੋ ਹੋ ਜਾਂਦਾ ਸੀ, ਪਰ ਅਸਲ ਵਿਚ ਅਤਿ ਦਾ ਪ੍ਰੇਮੀ ਸੀ, ਜਿਸਦੇ ਪ੍ਰੇਮ ਨੂੰ ਗੁਰੂ ਨਾਨਕ ਹੀ ਸਮਝ ਸਕਦੇ ਸਨ। ਉਹ ਪਯਾਰ ਵੀ ਕਰਦਾ ਸੀ, ਅਪਨੇ ਚੋਜਾਂ ਨਾਲ ਖਿੜਾਉਂਦਾ ਤੇ ਖੁਸ਼ੀਆਂ ਵਿਚ ਹਸਾਉਂਦਾ ਵੀ ਉਹੋ ਸੀ। ਸੋ ਦੋ ਕੁ ਦਿਨ ਲਾਹੀਰ ਠਹਿਰ ਮਰਦਾਨਾ ਅਪਨੇ ਪ੍ਰੀਤਮ ਨੂੰ ਰਾਵੀਓਂ ਪਾਰ ਲੈ ਟੁਰਿਆ।

## ੬. ਮਰਦਾਨੇ ਦੇ ਪਯਾਰ ਦੀ ਡੂੰਘਾਈ

ਹੁਣ ਸਹਿਜੇ ਸਹਿਜੇ ਟੁਰਦੇ, ਰਾਹ ਵਿਚ ਕੋਈ ਅਧਿਕਾਰੀ ਮਿਲੇ ਤਾਂ ਸਾਂਈ ਸਦੇ ਨਾਲ ਜਗਾਉਂਦੇ ਟੁਰੇ ਜਾਂਦੇ ਮਰਦਾਨੇ ਨਾਲ ਬਿਲਾਸ ਕਰਦੇ, ਇਕ ਥਾਂ ਛਾਵੇਂ ਬੈਠੇ ਮੁਸਕਰਾ ਕੇ ਆਖਦੇ - ਮਰਦਾਨਿਆਂ ਘਰ ਨੇੜੇ ਆ ਗਿਆ ਹੈ, ਘਰ ਜਾ ਕੇ ਮੁੜੇਂਗਾ ਕਿ ਟੱਬਰਾਂ ਦੀ ਮੋਹ ਮਾਇਆ ਵਿਚ ਫਸ ਜਾਏਂਗਾ? ਬਹੁਤ ਵਰਹੇ ਘੁੰਮ ਕੇ ਆਇਆ ਹੈ, ਸਾਰੇ ਸਾਕ ਮਿਲਨਗੇ ਤੇ ਤੂੰ ਸੁਖ ਦੇਖੇਂਗਾ ਘਰਾਂ ਦੇ ਬਾਹਰ ਤਾਂ ਵੱਡੇ ਬਾਬਲ ਦੀ ਚਾਕਰੀ ਵਿਚ ਰਹੇ। 'ਸੇਵਾ ਕਰੇ ਸੁ ਚਾਕਰ ਹੋਇ....' ਚਾਕਰੀ ਵਿਚ 'ਚੰਗੀ ਕੀਤੀ ਚਾਕਰੀ ਦੇ ਅਪਨੇ ਅਨੁਭਵ ਦਾ' ਸੁਖ ਹੁੰਦਾ ਹੈ, ਬਾਕੀ ਤਾਂ ਖੇਚਲਾਂ ਹੀ ਖੇਚਲਾਂ ਹੁੰਦੀਆਂ ਹਨ, (ਨੈਣ ਮੁੰਦ ਕੇ) ਹਾਂ ਮਰਦਾਨਿਆਂ ਚਾਕਰ ਨੂੰ ਮਾਲਕ ਦੀ ਖੁਸ਼ੀ ਅਪਨੀ ਖੁਸ਼ੀ ਹੋ ਜਾਂਦੀ ਹੈ। ਦੁਖ ਸੁਖ, ਭੁਖ, ਉਨੀਂਦਾ ਉਸ ਚਾਉ ਵਿਚ ਲੰਘ ਜਾਂਦੇ ਹਨ। ਪਰ ਘਰ ਜਾ ਕੇ ਤਾਂ ਸਾਰਿਆਂ ਨੇ ਪਿਆਰ ਕਰਕੇ ਅਪਨੀ ਚਾਕਰੀ ਵਿਚ ਲਾਉਣਾ ਹੈ ਤੇ ਇਸ ਮਨ ਨੇ ਸੁਖ ਵੇਖ ਕੇ ਪਸਰ ਪੈਣਾ ਹੈ। ਦੱਸ ਸੁਹਣਿਆਂ ਕੀ ਵਿਚਾਰ ਹਈ? ਇਹ ਕਹਿ ਕੇ ਆਪ ਤਾੜੀ ਮਾਰ ਕੇ ਹੱਸੇ।

ਮਰਦਾਨਾ - ਹਾਂ ਤਾਂ ਇਹੋ ਜਿਹਾ ਹੀ ਕਿ ਫਸਾਂ ਤਾਂ ਫਸਿਆ ਹੀ ਰਹਿ ਜਾਵਾਂਗਾ, ਟੱਬਰ ਦਾ ਮੋਹ ਹੈ, ਜ਼ਰੂਰ ਹੈ, ਤੈਥੋਂ ਕੀਹ ਲੁਕਾ ਤੂੰ ਤਾਂ ਦਿਲ ਦੇ ਪੜਦੇ ਵੇਖ ਲੈਣਾ ਏਂ। ਪਰ ਸੁਹਣੇ ਸੁਹਣੇ ਨੈਣਾਂ ਵਾਲਿਆ। ਭੌਰਾ ਘਰਾਂ ਨੂੰ ਉਡ ਉਡ ਜਾਂਦਾ ਏ, ਹੈ ਨਾ, ਮੋਹ ਨਹੀਂ ਸੂ ਛੁਟਦਾ, ਪਰ ਸੁਹਣਿਆਂ ਗੁੰਜਾਰਾਂ ਕਰਦਾ ਕਿਸੇ ਹੋਰ ਦੇ ਉਦਾਲੇ ਜਿਵੇਂ ਕਰਦਾ ਏ ਮਰਦਾਨਾ ਸੁਹਣੇ ਤੇਰੇ ਕਮਲ ਵਰਗੇ ਨੈਣਾਂ ਦੇ ਉਦਾਲੇ। ਦੁਖ ਸੁਖ? ਦਾਤਾ 'ਦੁਖ ਸੁਖ! ਹਾਂ ਦੁਖ ਸੁਖ! ਪਰ ਤੈਨੂੰ ਮੈਥੋਂ ਵੱਧ ਪਤਾ ਏ ਕਿ ਭਵਰਾ ਕੰਵਲ ਦੇ ਪਿਆਰ ਵਿਚ, ਕੰਵਲ ਦੀ ਪਿਆਰ, ਕਲਾਈ ਵਿਚ, ਵਿੰਨ ਹੋ ਜਾਂਦਾ ਏ ਪਰ ਕੰਵਲ ਨੂੰ ਛੱਡ ਕੇ ਨਹੀਂ ਜਾਂਦਾ। ਕਿੰਝ ਉਡ ਜਾਸੀ ਮਰਦਾਨਾ ਕੰਵਲ ਖਿੜਾ ਦੇਣ ਵਾਲੇ ਅਪਨੇ ਕੰਵਲਾਂ ਦੇ ਸਿਰਤਾਜ ਸੁਹਣੇ ਕੰਵਲ ਕੋਲੋਂ? ਤੂੰ ਜਾਣਦਾ ਏ, ਤੂੰ ਜਾਣਦਾ ਏਂ। ਪਰ ਦਾਤਾ ਜਿਵੇਂ ਤੂੰ ਨਿਰਮੋਹ ਏਂ, ਨਾ ਮਾਂ ਦਾ ਨਾ ਪਿਤਾ ਦਾ ਨਾ ਵਹੁਟੀ ਦਾ ਨਾ ਪੁਤਾਂ ਦਾ ਕੋਈ ਮੋਹ ਤੈਨੂੰ ਨਹੀਂ ਪੋਹਦਾ ਤਿਵੇਂ ਮੈਂ ਕਿੰਝ ਹੋ ਸਕਦਾ ਹਾਂ। ਸੁਹਣਿਆਂ! ਤੇਰੇ ਕਵਲ ਨੈਣ ਤਾਂ ਕਦੇ ਨਹੀਂ ਤਕਦੇ ਹੋਰਾਂ ਨੂੰ ਓਹ ਸੋਹਣੇ ਨੈਣ ਇਕੋ ਟਕ ਲਾਈ ਅਰਸ਼ਾਂ ਤੇ 'ਸੂਰਜ' ਉਤੇ ਨਹੀਂ ਟਿਕ ਸਕਦੇ। ਸਾਡੇ ਨੈਣ ਫਾਥੇ ਜੁ ਹੋਏ ਮੋਹ ਮਾਯਾ ਵਿਚ। ਪਰ ਹੇ ਮੇਰੇ ਸੁਹਣੇ ਚੰਦਾ! ਮੇਰੇ ਨੈਣ ਤੇਰੇ ਚੰਦ ਮੁਖ ਨੂੰ ਤਕਦੇ ਨਹੀਂਓ ਥਕਦੇ। ਹਾਂ ਮੇਰਾ ਮਨ ਕਵਲ ਨਹੀਂ 'ਕੁਮਦਨੀ' ਏ, ਇਸਨੂੰ ਤੇਰੇ ਚੰਦ ਮੁਖ ਵਰਗਾ ਕੋਈ ਨਹੀਓਂ ਪਿਆਰਾ ਲਗਦਾ। ਏਹ ਕੁਮਦ ਮਨ, ਮਰਦਾਨੇ ਤੇਰੇ ਮਿਰਾਸੀ ਦਾ, ਨਹੀਓਂ ਖਿੜਦਾ ਬਿਨਾਂ ਤੇਰੇ ਚੰਦ ਮੁਖ ਦੇਖੇ ਦੇ, ਪਰ ਚੰਦਾ ਏ ਤੇਰੀ ਹੀ ਖਿਚ ਹੈ ਜੋ ਕਮੁਦਨੀਆਂ ਨੂੰ ਖੇੜਦੀ ਤੇ ਖਿਚੀ ਰਖਦੀ ਏ। ਨੀਵੇਂ ਛਪੜਾਂ ਵਿਚ ਵਸਦੀਆਂ ਕਮੁਦਨੀਆਂ ਵਿਚ ਕੀਹ ਤਾਕਤ ਏ ਆਪਣੀ ਨਜ਼ਰ ਸੁਹਣੇ ਚੰਦ ਤੇ ਜਮਾਈ ਰਖਣ ਦੀ। ਹਾਂ ਨਿਬਾਹ ਦੇ ਚੰਨ। ਮੇਰੇ ਸੁਹਣਿਆ ਚੰਨਾ! ਇਸ ਘਰ ਦੇ ਡੂੰਮ ਨੂੰ ਨਿਬਾਹ ਦੇ। ਕਦੇ ਨ ਵਿਛੁੜੇ ਤੈਥੋਂ, ਇਹ ਕਹਿੰਦਿਆਂ ਮਰਦਾਨੇ ਦਾ ਗਲਾ ਰੁਕ ਗਿਆ, ਨੈਣ ਭਰ ਭਰ ਆਏ, ਉਸ ਹਸਦੇ ਤੇ ਮਖੌਲਾਂ ਕਰਦੇ ਦੇ ਨੈਣ ਡੁਲ੍ਹ ਪਏ। ਦੇਖਦੇ ਸਨ ਉਸਦੇ ਬੀਤ ਰਾਗ ਸੁਆਮੀ ਉਸ ਦੇ ਕਮੁਦਨੀ ਵਾਂਗੂੰ ਖਿੜੇ ਤੇ ਜਲ ਨਾਲ ਭਰੇ ਡੁਲ ਡੁਲ ਪੈਂਦੇ ਨੈਣਾਂ ਨੂੰ। ਖਿਚ ਲਿਆਂਦੇ ਇਨ੍ਹਾਂ ਅਥਰੂਆਂ ਨੇ ਬੀਤ ਰਾਗ ਦੇ ਨੈਣਾਂ ਵਿਚ ਦੇ ਅਥਰੂ, ਜੋ ਸੇਜਲ ਕਰਦੇ ਸੁਹਣੇ ਨੈਣਾਂ ਨੂੰ, ਬਿਨਾਂ ਡਿਗੇ, ਵਿਚੇ ਸੁੱਕ ਗਏ।

ਇਸ ਪ੍ਰਕਾਰ ਕਦੇ ਮਰਮੀ ਗੱਲਾਂ ਕਰਦੇ, ਕਦੇ ਹਾਸ ਬਿਲਾਸ ਕਰਦੇ, ਕਦੇ ਕੋਈ ਸੁਰ ਛੇੜਦੇ ਆ ਗਏ ਤਲਵੰਡੀ ਦੀਆਂ ਜੂਹਾਂ ਵਿਚ ਜਿਥੇ ਬਾਲਪਨੇ ਵਿਚ ਖੇਡੇ ਤੇ ਕਉਤਕ ਕੀਤੇ ਸਨ।

ਸ਼ਹਿਰੋਂ ਬਾਹਰ ਦੋ ਕੋਹ ਤੇ ਇਕ ਖੂਹ ਸੀ, ਉਥੇ ਬੈਠ ਗਏ। ਦੋ ਕੁ ਘੜੀਆਂ ਮਗਰੋਂ ਮਰਦਾਨੇ ਨੇ ਕਿਹਾ, ਜੇ ਜਗਨ ਨਾਥ ਜੀ! ਆਗਿਆ ਹੋਵੇ ਤਾਂ ਮੈਂ ਟੱਬਰ ਟੋਰ ਨੂੰ ਮਿਲ ਆਵਾਂ, ਦੇਖਾਂ ਕੋਈ ਜੀਉਂਦਾ ਬਾਕੀ ਹੈ? ਤਦੋਂ ਦਾਸਾਂ ਦੇ ਕਾਰਜ ਸਵਾਰਨਹਾਰ ਸਤਿਗੁਰ ਜੀ ਹੱਸ ਪਏ।

## ੭. ਮਾਪੇ ਤੇ ਰਾਇ ਬੁਲਾਰ

ਇਹ ਸੁਣ ਕੇ ਮਰਦਾਨਾ ਟੁਰ ਗਿਆ ਤੇ ਗਿਆ ਤਲਵੰਡੀ ਨੂੰ। ਸਤਿਗੁਰ ਨੇ ਜਾਂਦਿਆਂ ਇਹ ਬੀ ਤਾਕੀਦ ਕੀਤੀ ਕਿ ਸਾਡੇ ਘਰ ਸਾਡੇ ਆਉਣੇ ਦੀ ਖਬਰ ਨਾ ਕਰੀਂ।

ਉਮਰ ਇਕ ਢਲਦਾ ਪਰਛਾਵਾਂ ਹੈ। ਜਦੋਂ ਜੁਆਨੀ ਹੈ, ਆਸਾਂ ਤੇ ਉਮੰਗਾਂ ਹੋਰ ਹੁੰਦੀਆਂ ਹਨ, ਪਰ ਜਦੋਂ ਉਮਰਾਂ ਢਾਲੇ ਪਈ ਆਸਾਂ ਉਮੰਗਾਂ ਬੀ ਢਾਲੇ ਪੈ ਜਾਂਦੀਆਂ ਹਨ। ਤ੍ਰਿਸ਼ਨਾ ਭਾਵੇਂ ਨਹੀਂ ਘਟਦੀ ਪਰ ਉਮੰਗ ਤੇ ਉਤਸ਼ਾਹ ਸਿਆਲੇ ਦੀਆਂ ਨਦੀਆਂ 'ਤਲਾਵਾਂ' ਵਾਂਗੂੰ ਲਹਾ ਵਿਚ ਆ ਜਾਂਦੇ ਹਨ ਇਸ ਉਮਰੇ ਜੇ ਕੋਈ ਸਲ ਜਾਂ ਬਿਰਹੋਂ ਦਾ ਤੀਰ ਕਲੇਜੇ ਲੱਗੇ ਤਾਂ ਅਚਰਜ ਨਿਰਾਸਾ ਭਰੀ ਦਸ਼ਾ ਹੋ ਜਾਂਦੀ ਹੈ, ਹਾਂ, ਮਾਤਾ ਤ੍ਰਿਪਤਾ ਇਕ ਸੁਭਾਗ ਬ੍ਰਿਧ ਮਾਤਾ ਹੈ ਜਿਸਨੂੰ ਇਕ ਪਾਸੇ ਪਿਆਰੇ ਪੁਤ ਦੇ ਮੇਲ ਦੀ ਸਿੱਕ ਖਾਂਦੀ ਹੈ, ਦੂਏ ਪਾਸੇ ਆਪਣੀ ਮੌਤ ਦਾ ਖਿਆਲ ਟੋਟੇ ਦਿੰਦਾ ਹੈ। ਕੀ ਜਾਣੀਏਂ ਕਿਸ ਵੇਲੇ ਸੱਦਾ ਆ ਜਾਵੇ ਤੇ ਬਿਨਾਂ ਮਿਲੇ ਹੀ ਟੁਰ ਪਈਏ। ਜਿਉਂ-ਜਿਉਂ ਖੜ ਪੁਜਦੀ ਹੈ, ਤਿਉਂ-ਤਿਉਂ

ਪ੍ਰੇਮ ਦੇ ਸੱਲੇ ਮਨ ਵਿਯੋਗ ਤੇ ਬਿਰਹੋਂ ਵਿਚ ਪੀੜਤ ਹੁੰਦੇ ਹਨ। ਫੇਰ ਉਹ ਮਾਤਾ ਜਿਸਦਾ ਇਕੋ ਪੁਤ ਹੋਵੇ, ਸਿੱਕਾਂ ਨਾਲ ਲਿਆ ਹੋਵੇ, ਵਰ੍ਹਿਆਂ ਬੱਧੀ ਮੁਹਾਡਾਂ ਨਾ ਮੋੜੇ ਤੇ ਮਾਂ ਦੀ ਬ੍ਰਿਧ ਅਵਸਥਾ ਹੋ ਗਈ ਹੋਵੇ, ਉਸ ਮਾਂ ਦਾ ਹੀ ਜੀ ਜਾਣਦਾ ਹੈ ਕਿ ਮਮਤਾ ਕੀ ਸ਼ੈਅ ਹੈ ਮੋਹ ਦੀ ਤੋੜ ਕੀ ਹੈ? ਤੇ ਪੁੱਤ ਦਾ ਵਿਛੋੜਾ ਕਿਸਦਾ ਨਾਉਂ ਹੈ? ਵਰ੍ਹਿਆਂ ਤੋਂ ਪੁੱਤ ਨੂੰ ਘਰ ਬਾਹਰੀ ਤੇ ਸੁਖੀ ਵੱਸਦਾ, ਪਰਵਾਰ ਵਿਚ ਨਾਮਣਾਂ ਖੱਟਦਾ, ਵੱਡਿਆਂ ਦੀ ਸੇਵਾ ਕਰਦਾ ਤੇ ਬਿਰਾਦਰੀ ਵਿਚ ਉਚਾ ਮੋਢਾ ਕਰਕੇ ਟੁਰਦਾ ਵੇਖਣ ਨੂੰ ਲੂੰਹਦੀ ਲੂੰਜਦੀ ਬਿਰਧ ਹੋ ਗਈ ਹੈ। ਇਸ ਨੇ ਆਪਣੀ ਚਾਹ ਮੁਜਬ ਪੁਤ ਨੂੰ ਫਲਦਾ ਫੁਲਦਾ ਵੇਖ ਕੇ ਤ੍ਰਿਪਤੀ ਨਹੀਂ ਮਾਣੀ! ਹਾਂ ਪੁਤ੍ਰ ਪ੍ਰੇਮ ਕਰਕੇ ਆਪਣੇ ਜਾਣੇ ਅਤ੍ਰਿਪਤ ਮਾਤਾ ਤ੍ਰਿਪਤਾ, ਉਞ ਭਾਵੇਂ ਸੰਗਤ ਨੂੰ ਤ੍ਰਿਪਤ ਕਰਨਹਾਰੇ ਦੀ ਮਾਤਾ ਹੈ, ਜਿਉਂ-ਜਿਉਂ ਬਿਰਧ ਹੁੰਦੀ ਹੈ ਰੋਂਦੀ ਹੈ ਤੇ ਹੁਣ ਤਾਂ ਇਨ੍ਹਾਂ ਹੀ ਹਾਹੁਕਾ ਲੈਂਦੀ ਹੈ ਕਿ ਇਕ ਵੇਰ ਸਦਾ ਲਈ ਮਿਟ ਜਾਣ ਵਾਲੇ ਨੇਤਰਾਂ ਦੇ ਅਖੀਰਲੇ ਮੀਟੇ ਜਾਣ ਤੋਂ ਪਹਿਲਾਂ ਪੁੱਤ ਨੂੰ ਤ੍ਰਿਪਤ ਹੋ ਕੇ ਵੇਖ ਲਵਾਂ, ਪਰ ਪੁੱਤ ਦੀ ਕੋਈ ਸੋਇ ਸੁੰਧਕ ਨਹੀਂ ਮਿਲਦੀ। ਕਈ ਸਿਆਲ, ਕਈ ਹੁਨਾਲ ਆਏ ਤੇ ਬੀਤ ਗਏ। ਪਰ ਪੁਤ ਦੇ ਘਰ ਆਏ ਬਿਨਾਂ ਹੀ ਲੰਘ ਗਏ। ਇਕ ਪਾਸੇ ਆਸ ਤੇ ਸਿੱਕ ਅਰ ਦੂਏ ਪਾਸੇ ਨਿਰਾਸਾ ਤੇ ਹਾਹੁਕਾ। ਘਰ ਬੈਠਦੀ ਹੈ, ਅਕਾਸ਼ ਵਲ ਤੱਕਦੀ ਹੈ, ਕਦੇ ਕਦੇ ਕੰਨ ਲਾ ਕੇ ਸੁਣਦੀ ਹੈ ਕਿ ਕਿਧਰੋਂ ਅਵਾਜ਼ ਕੰਨੀਂ ਪੈ ਜਾਏ। ਰੋਂਦੀ ਹੈ ਤੇ ਆਖਦੀ ਹੈ, ਹੇ ਬਿਧਨਾ! ਹੇ ਕਠੋਰ ਬਿਧਨਾਂ! ਕਦੇ ਰੱਜ ਕੇ ਪੁੱਤ ਦਾ ਮੱਥਾ ਵੀ ਨਾ ਵੇਖਿਆ। ਪੁੱਤ ਫਕੀਰੀ ਵਿਚ ਭੰਨਾ ਫਿਰਿਆ ਤੇ ਮਾਂ ਹਾਹੁਕੇ ਲੈਂਦੀ ਫਿਰੀ। ਕਾਲਿਆਂ ਧੌਲੇ ਆਏ। ਸਪੁਤੀ ਹੋ ਕੇ, ਸੌਂਤ੍ਰੀ ਹੋ ਕੇ ਮੈਂ ਆਹਾਂ ਮਾਰਦੀ ਹਾਂ, ਹੇ ਬਿਧਨਾਂ! ਕਿਉਂ ਕਠੋਰਤਾ ਧਾਰੀ ਹੈ? ਇਸ ਤਰ੍ਹਾਂ ਮਾਈ ਵਿਚਾਰਾਂ ਕਰਦੀ ਵਿਹੜੇ ਵਿਚ ਬੈਠੀ ਹੈ ਕਿ ਕਿਸੇ ਗੁਆਂਢਣ ਨੇ ਆ ਕੇ ਆਖਿਆ, ਲੈ ਨੀਂ ਬੇਬੇ ਤ੍ਰਿਪਤਾ! ਤੇਰੇ ਪੁੱਤ ਦਾ ਮਿਰਾਸੀ ਯਾਰ ਘਰ ਆਇਆ ਹਈ।

ਆਹ! ਮਰਦਾਨਾ! ਕਹਿ ਕੇ ਮਾਂ ਦੀਆਂ ਅੱਖਾਂ ਵਿਚੋਂ ਅਥਰੂ ਤਿਰ ਆਈਆਂ, ਹੰਭਲਾ ਮਾਰ ਕੇ ਉਠੀ, ਮੁੜ੍ਹਕਾ ਮੁੜ੍ਹਕਾ ਹੁੰਦੀ ਕਹਿੰਦੀ ਏ - ਜਾਵੀਂ ਨੀ ਵੀਰ ਜੀਨੀ। ਮੈਂ ਸਦਕੇ! ਉਸਨੂੰ ਮੇਰੇ ਕੋਲ ਸੱਦ ਲਿਆ, ਮਾਂ ਸਦਕੇ ਨੀ ਭਜ ਕੇ ਜਾਵੀਂ।

ਗੁਆਂਢਣ ਤਾਂ ਮਰਦਾਨੇ ਵਲ ਭੱਜੀ ਤੇ ਉਤਾਵਲੀ ਮਾਂ ਆਪ ਮਗਰੋਂ ਉਠ ਤੁਰੀ, ਅਜੇ ਡਿਊਢੀ ਵਿਚ ਕਦਮ ਹੀ ਧਰਦੀ ਸੀ ਕਿ ਮਰਦਾਨਾ ਆ ਗਿਆ। ਮਮਤਾ ਮਾਰੀ ਮਾਤਾ ਨੇ -

*ਜਬ ਆਵਤ ਦੇਖਯੋ ਮਰਦਾਨਾ।*
*ਗਲ ਸੌਂ ਲਾ ਵਿਰਾਗ ਬਹੁਰਾਨਾ।*
*ਭਜੋ ਮੋਹ ਸਰਿਤਾ ਸੁਪ੍ਰਵਾਹਾ।*
*ਧੀਰਜ ਸਿਕਤਾ ਸੇਤ ਨਸਾਹਾ।*
*ਸ੍ਰੀ ਨਾਨਕ ਕੋ ਭਾ ਅਨੁਰਾਗਾ।*
*ਕੀਨੋ ਜਨਨੀ ਬਹੁ ਬੇਰਾਗਾ। (ਗੁ. ਨਾਨਕ ਪ੍ਰਕਾਸ਼)*

ਕਿੰਨਾ ਚਿਰ ਵੈਰਾਗ ਕਰਕੇ ਮਾਤਾ ਨੇ ਆਪਣੇ ਪੁੱਤ ਦੇ ਬੇਲੀ ਤੋਂ ਪੁੱਤ ਦੀ ਸੁਖ ਸਾਂਦ ਪੁੱਛੀ। ਮਰਦਾਨਾ ਚੁਪ ਕਰਕੇ ਸੁਣ ਰਿਹਾ ਸੀ, ਪਰ ਮਾਤਾ ਆਪਣੇ ਵੇਗ ਵਿਚ ਵੈਰਾਗ ਕਰਦੀ ਗਈ।

*ਨਿਸ ਦਿਨ ਕਰਤਯੋ ਰੁਦਨ ਬਿਤਾਊ।*
*ਕਰ ਉਰ ਯਾਦ ਬੈਠ ਪਛੁਤਾਊ।*
*ਬਿਧ ਨੇ ਇਕ ਸੁਤ ਦੀਨੋਂ ਮੋਹੀ।*
*ਨਹਿ ਸਮੀਪ ਕਬ ਰਾਖਯੋ ਓਹੀ।*

*(ਗੁ. ਨਾਨਕ ਪ੍ਰਕਾਸ਼)*

ਇੰਨੇ ਨੂੰ ਆਂਢੀ ਗੁਆਂਢੀ ਮਰਦਾਨਾ ਆਇਆ ਸੁਣ ਕੇ ਤ੍ਰਿਪਤਾ ਜੀ ਦੇ ਘਰ ਆ ਗਏ। ਮਰਦਾਨੇ ਨੂੰ ਪੁੱਛਦੇ ਹਨ। ਪਰ ਉਣ ਗਰੀਬ ਨੂੰ ਸਤਿਗੁਰ ਦੀ ਆਗਿਆ ਪਤਾ ਨਾ ਦੱਸਣੇ ਦੀ ਸੀ। ਉਹ ਡਰਦਾ ਹੈ, ਇਧਰ ਪ੍ਰੇਮ ਦੇ ਵੇਗ ਵੇਖਦਾ ਹੈ, ਜੀ ਹੀ ਜੀ ਵਿਚ ਰੋਂਦਾ ਹੈ ਕਿ ਮੈਂ ਕਿਨ੍ਹਾਂ ਸਿਕਦਿਆਂ ਨੇਤਰਾਂ ਦੇ ਅੱਗੇ ਬੁੱਲ੍ਹ ਮੀਟੀ ਬੈਠਾ ਹਾਂ ਪਰ ਉਸਦੀ ਸਦਾ ਜੀਉਂਦੀ ਜੀਭ ਨੇ ਇਸ ਵੇਲੇ ਚੁੱਪ ਵਿਚ ਹੀ ਆਪਣੇ ਅੰਦਰਲੇ ਪ੍ਰੇਮ ਰਾਗ ਦਾ ਅਲਾਪ ਹੁੰਦਾ ਸਮਝਿਆ। ਚਾਰ ਘੜੀ ਮਾਤਾ ਜੀ ਪਾਸ ਬੈਠ ਰਿਹਾ, ਮਾਤਾ ਜੀ ਕਈ ਵੇਰ ਬੇਸੁੱਧ ਹੋਏ, ਪਰ ਮਰਦਾਨਾ ਕਾਲਜੇ ਤੇ ਪੱਥਰ ਧਰ ਕੇ ਆਪਣੇ ਚੋਜੀ ਪ੍ਰੀਤਮ ਦੇ ਰੰਗਾਂ ਵਿਚ ਇਕ ਹੋਰ ਰੰਗ ਦੇਖਦਾ, ਬੇਮਲੂਮ ਹਾਹੁਕੇ ਭਰਦਾ, ਮਾਤਾ ਜੀ ਨੂੰ ਦਿਲਬਰੀਆਂ ਦੇਂਦਾ ਉਠ ਟੁਰਿਆ। ਹੁਣ ਮਾਤਾ ਦੇ ਕਲੇਜੇ ਤੀਰ ਵੱਜਾ। ਨਿਰਾਸਾ ਨੇ ਉਦਾਸੀ ਨੂੰ ਵਧਾਇਆ ਪਰ ਇਸ ਉਦਾਸੀ ਵਿਚ ਇਕ ਸੋਚ ਆਈ ਕਿ ਕੀਹ ਜਾਣੀਏ ਬੱਚਾ ਸਾਧੂ ਹੈ ਇਸ ਕਰਕੇ ਘਰਾਂ ਵਿਚ ਨਾ ਆਇਆ ਹੋਵੇ, ਕਿਤੇ ਨਵੇਕਲੇ ਥਾਂ ਬੈਠਾ ਹੋਵੇ, ਮੈਂ ਮਰਦਾਨੇ ਦੇ ਮਗਰੋਂ ਮਗਰ ਤਾਂ ਜਾਕੇ ਵੇਖਾਂ।

*ਇਸ ਬਿਰਧ ਮਾਤਾ ਮਨ ਗੁਨਤਿ ਮਧੁਰ ਅਸਨਲੇ ਓਲ।*
*ਤੁਰਨਗਵਨੀ ਧਾਇ ਕਰ, ਲੀਨੇ ਰੁਚਿਰ ਨਿਚੋਲ।*
*ਮਿਲੀ ਗੈਲ ਮੈ ਜਹਿਂ ਮਰਦਾਨਾ।*
*ਆਤੁਰ ਹੈ ਕਰ ਬਚਨ ਬਖਾਨਾ -*
*ਸੁਤ ਨਾਨਕ ਸੌਂ ਮੇਲਹੁ ਮੋਕੋ।*
*ਸੁਧ ਮਰਦਾਨੇ ਹੈ ਕਹੁ ਤੋਕੋ।*
*ਬਹੁਤ ਬਰਖ ਭੇ ਦੇਖਯੋ ਨਾਂਹੀ।*
*ਮੋਹ ਬਢਯੋ ਆਤਿਸ਼ੈ ਮਨ ਮਾਹੀਂ।*
*ਸੁਨ ਮਰਦਾਨੇ ਤੂਸ਼ਨ ਕੀਨੀ।*
*ਗੁਰ ਭੈ ਲਾਖਯੋ, ਨਉਤਰ ਦੀਨੀ।*

ਮਾਤਾ ਜੀ ਹੁਣ ਪ੍ਰੇਮ ਵਿਚ ਅੱਤਿ ਅਕੁਲਾਏ, ਪ੍ਰਸ਼ਾਦਿ ਲਈ ਮਰਦਾਨੇ ਦੇ ਮਗਰ ਮਗਰ ਹਾਹੁਕੇ ਭਰਦੇ, ਧਰਤੀ ਨੂੰ ਆਪਣੇ ਨੈਣ ਜਲ ਨਾਲ ਪਵਿਤਰ ਕਰਦੇ ਟੁਰੇ ਹਨ। ਉਮਰਾ ਭਰ ਇਸ ਮਾਨ ਵਿਚ ਰਹੇ ਕਿ 'ਨਾਨਕ' ਪੁੱਤ ਹੈ ਤੇ ਮੈਂ 'ਮਾਂ' ਹਾਂ, ਅੱਜ ਕਰਤਾਰ ਨੇ ਕੀਹ ਰੰਗ ਬਣਾਇਆ ਹੈ? ਵਰ੍ਹਿਆਂ ਦੇ ਬਿਰਹੋ ਨੇ ਮੋਹ ਦੀ ਅੱਗ ਤਿੱਖੀ ਉਸ ਅਣੀ ਤੇ ਅੱਜ ਜਾ ਰਹੀ ਹੈ, ਜਿੱਥੇ ਨਾਮ ਦੀ ਕਣੀ ਜਾ ਕੇ ਅੜ ਖਾ ਜਾਂਦੀ ਹੈ। ਮਾਤਾ ਪੁਤ ਨੂੰ ਹੀ ਮਿਲਣ ਜਾ ਰਹੀ ਹੈ, ਪਰ ਚਿੱਤ ਦੀ ਗਤੀ ਅਨਜਾਣੇ ਪ੍ਰੇਮ ਦੀ-ਅਸਲੀ ਆਤਮ ਪ੍ਰੇਮ ਦੀ-ਤਾਰ ਵਾਲੀ, ਹੁੰਦੀ ਜਾ ਰਹੀ ਹੈ।

ਜਦ ਮਰਦਾਨਾ ਖੂਹ ਤੇ ਪਹੁੰਚਾ, ਤਾਂ ਮਾਤਾ ਦੇ ਤ੍ਰਾਸੇ ਤੇ ਸਿਕਾ ਨਾਲ ਭਰੇ ਨੇਤਰਾਂ ਵਿਚ ਪਿਆਰੇ ਪੁੱਤ ਦੀ ਮੋਹਿਨੀ ਮੂਰਤ ਆ ਪਈ, ਧਾ ਕੇ ਭੱਜੀ, ਪਰ ਉਸ ਪਿਆਰਾਂ ਤੇ ਸਤਿਕਾਰਾਂ ਵਾਲੇ ਸਾਂਈ ਨੇ ਉਠ ਕੇ ਮਾਤਾ ਜੀ ਦੇ ਚਰਨਾਂ ਤੇ ਬੰਦਨਾਂ ਕੀਤੀ, ਲੂਹਦੀ

ਮਾਂ ਨੇ ਪੁੱਤ ਨੂੰ ਗਲੇ ਲਾ ਕੇ ਘੁੱਟ ਲਿਆ। ਰੋਂਦੀ ਨੇ ਨੈਂ ਵਹਾ ਦਿਤੀ। ਤਰਸਦੀ ਮਾਤਾ ਨੂੰ ਇਨ੍ਹਾਂ ਦਰਸ਼ਨਾਂ ਤੇ ਮੇਲ ਦੀ ਸਿੱਕ ਨੂੰ ਕੌਣ ਵਰਣਨ ਕਰੇ? ਕਵੀ ਸੰਤੋਖ ਸਿੰਘ ਜੀ ਲਿਖਦੇ ਹਨ -

*ਕੌਰੀ ਭਰ ਨਾਨਕ ਕੋ ਜਨਨੀ।*
*ਰੋਦਨ ਕਰਤ ਨ ਜਾਈ ਗਨਨੀ।*
*ਚਲਯੋ ਬਿਲੋਚਨ ਤੇ ਬਹੁ ਨੀਰੀ।*
*ਸੁਤ ਬਿਰਹਾਨਲ ਜਨੁ ਕਰ ਸੀਰੀ।*
*ਅੱਸ਼ੁਪਾਤ ਸੋ ਬਸਤ੍ਰ ਭਿਗੋਏ।*
*ਜੋ ਦੇਖਤ ਸੋ ਗਦ ਗਦ ਹੋਏ।*
*ਕੌਰੀ ਤੇ ਸੁਤ ਕੋ ਨਹਿਂ ਭਜਈ।*
*ਅਧਿਕ ਬਿਰਹ ਤੇ ਮਿਲਤ ਨ ਰਜਈ।*
*ਬਦਨ ਬਿਲੋਕਤ ਸੁੰਘਤਾ ਮਾਥਾ।*
*ਕਰਤ ਨੇਹ ਸਿਰ ਫੇਰਤ ਹਾਥਾ।*
*ਹੁਤੀ ਬ੍ਰਿੱਧ ਬਲ ਤੇ ਤਨਹੀਨਾ।*
*ਪੁਨ ਸਮੀਪ ਬੈਸੀ ਸੁਖ ਲੀਨਾ।*

ਇੰਨੇ ਚਿਰ ਨੂੰ ਸਾਰੀ ਤਲਵੰਡੀ ਵਿਚ ਇਹ ਖਬਰ ਫੈਲ ਗਈ ਕਿ ਗੁਰ ਨਾਨਕ ਦੇਵ ਆਇਆ ਹੈ ਤੇ ਬਾਹਰ ਖੂਹ ਤੇ ਬੈਠਾ ਹੈ। ਬਾਬਾ ਕਾਲੂ, ਬ੍ਰਿੱਧ ਬਾਬਾ ਕਾਲੂ, ਮੇਰੇ ਪਿਆਰੇ ਗੁਰ ਨਾਨਕ ਨੂੰ ਕਦੇ ਗੁੱਸੇ ਹੋਣ ਵਾਲਾ ਬਾਬਾ ਕਾਲੂ ਬੀ ਸੁਣ ਕੇ ਘੋੜੀ ਚੜ੍ਹ ਕੇ ਆਯਾ। ਹੁਣ ਵਿਛੋੜੇ ਨੇ ਕਦਰ ਪਾ ਦਿਤੀ ਹੈ, ਹੁਣ ਲੰਮੇ ਬਿਰਹੋਂ ਨੇ ਦੱਸ ਦਿਤਾ ਹੈ ਕਿ ਉਹ ਚੰਦਰ ਮੁਖ ਜਿਸ ਨਾਲੋਂ ਵੀਹ ਰੁਪਏ ਪਿਆਰੇ ਕੀਤੇ ਸਨ, ਲੱਖੀ ਤੇ ਕਰੋੜੀ ਨਹੀਂ ਲੱਭ ਸਕਦਾ। ਹੁਣ ਜੁਦਾਈਆਂ ਦੀਆਂ ਪੀੜਾਂ ਨੇ ਮੱਤ ਦੇ ਦਿਤੀ ਹੈ ਕਿ ਉਹ ਕਮਲ ਨੈਣ ਸੁੰਦਰ ਬਦਨ ਜੀਵਨ ਦਿਤਿਆਂ ਬੀ ਮਿਲੇ ਤਾਂ ਸਸਤਾ ਹੈ। ਹਾਂ, ਬਾਬੇ ਕਾਲੂ ਦੇ ਹਿਰਦੇ ਨੂੰ ਬੀ ਬਿਰਹੋਂ ਸੁਲਤਾਨ ਨੇ ਕੁਛ ਵਿੰਨ੍ਹ ਘੱਤਿਆ ਹੈ, ਕਿਵੇਂ ਕਾਹਲੀ ਪਹੁੰਚਾ ਤੇ ਚੰਦਰ ਮੁਖੜਾ ਤੱਕਾਂ ਸੋਚਦਾ ਬਾਬਾ ਕਾਲੂ ਘੋੜੀ ਤੇ ਚੜ੍ਹ ਕੇ ਸਰਪੱਟ ਨਠਾ ਕੇ ਪਹੁੰਚਾ। ਉਹ ਜਗਤ ਦੇ ਪਿਤਾ, ਮ੍ਰਿਯਾਦਾ ਦੇ ਪੂਰੇ, ਆਪਣੇ ਪਿਤਾ ਦੇ ਚਰਨਾਂ ਤੇ ਢਹਿਣ ਨੂੰ ਉਠੇ, ਪਰ ਵਿਛੋੜੇ ਦੇ ਤਾਓ ਨਾਲ ਸ਼ੁੱਧ ਹੋ ਰਹੇ ਪਿਤਾ ਨੇ ਧਾ ਕੇ ਗਲੇ ਲਾਯਾ ਅਰ ਐਉਂ ਪਿਆਰ ਕੀਤਾ -

*ਜਨੁ ਬਹੁ ਭੁਖੇ ਮਿਲਯੋ ਅਹਾਰਾ।*
*ਮਰਤਯੋ ਪਯਾਸੇ ਪਾਯੋ ਬਾਰਾ*
*ਨੀਰ ਬਿਮੋਚਤ ਲੋਚਨਦਰ ਤੇ।*
*ਗਦ ਗਦ ਬੋਲਯੋ ਜਾਇਨ ਗਰ ਤੇ।*

ਕੁਛ ਚਿਰ ਮਗਰੋਂ ਸਾਰੇ ਸਨਬੰਧੀ ਤੇ ਸਨੇਹੀ ਉਥੇ ਆ ਗਏ। ਵਿਚਕਾਹੇ ਪ੍ਰੇਮ ਮੰਡਲ ਦੇ ਚੰਦ ਬਿਰਾਜ ਰਹੇ ਹਨ ਅਰ ਦੁਆਲੇ ਪਰਿਵਾਰ ਦਾ ਪਰਿਵਾਰ ਪੈ ਗਿਆ ਹੈ।

ਮਾਤਾ ਨੇ ਹੁਣ ਸਹਿਜ ਨਾਲ ਕਿਹਾ ਹੇ ਲਾਲ! ਬਹੁਤ ਬਰਸ ਬਿਤਾ ਕੇ ਘਰ ਆਏ ਹੋ, ਮੈਂ ਸਦਕੇ, ਮੈਨੂੰ ਅੰਤ ਤੋਂ ਪਹਿਲੇ ਦਰਸਨ ਦੇ ਕੇ ਨਿਹਾਲ ਕੀਤਾ।

*ਮੈਂ ਵਾਰੀ ਸੁਤ! ਤੋ ਪਰ ਵਾਰੀ*
*ਵਾਰ ਵਾਰ ਕਹਿ ਗੁਰ ਮਹਤਾਰੀ*

*(ਗੁਰ ਨਾਨਕ ਪ੍ਰਕਾਸ਼)*

ਸੁਣ ਕੇ ਸ੍ਰੀ ਗੁਰੂ ਅਪਨੇ ਵਾਹਿਗੁਰੂ ਦੇ ਪਯਾਰ ਵਿਚ ਦ੍ਰਵ ਗਏ ਤੇ ਵਡਹੰਸ ਦੇ ਵੈਰਾਗ ਭਰੀ ਸੁਰ ਵਿਚ ਗਾਏਂ, ਸ੍ਰੀ ਗੁਰੂ ਜੀ ਬੋਲੇ -

*ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥*
*ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥ ੧ ॥*
*ਹਉ ਵਾਰੀ ਵੰਞਾ ਘੰਨੀਐ*
*ਵੰਞਾ ਤਉ ਸਾਹਿਬ ਕੇ ਨਾਵੈ ॥ ੧ ॥ ਰਹਾਉ ॥*
*ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥*
*ਜਿਨ ਪੀਆ ਤੇ ਤ੍ਰਿਪਤ ਭਏ*
*ਹਉ ਤਿਨ ਬਲਿਹਾਰੈ ਜਾਉ ॥ ੨ ॥*
*ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ॥*
*ਤਿਖਾ ਤਿਹਾਇਆ ਕਿਉ ਲਹੈ*
*ਜਾ ਸਰ ਭੀਤਰਿ ਪਾਲਿ ॥ ੩ ॥*
*ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥*
*ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥*

*ਅੰਗ - ੫੫੭*

ਜਦ ਚੁਪ ਹੋਏ ਨੈਣ ਖੁਹਲੇ ਤਦ ਮਾਤਾ ਨੇ ਪ੍ਰਸ਼ਾਦਿ ਅੱਗੇ ਧਰਿਆ ਤੇ ਕਿਹਾ - ਲਾਲਾ ਜੀ! ਖਾਓ! ਸੁਣ ਕੇ ਸ੍ਰੀ ਗੁਰੂ ਨਾਨਕ ਜੀ ਨੇ ਕਿਹਾ - ਹੇ ਮਾਤਾ! ਮੈਂ ਇਕ ਐਸਾ ਭੋਜਨ ਖਾਯਾ ਹੈ ਕਿ ਮੈਨੂੰ ਭੁੱਖ ਨਹੀਂ ਸਤਾਉਂਦੀ। ਮੈਂ ਰੱਜਿਆ ਹਾਂ ਤ੍ਰਿਪਤ ਹਾਂ ਤੇ ਅਘਾ ਰਿਹਾ ਹਾਂ। ਬਾਬੇ ਕਾਲੂ ਨੇ ਅਚਰਜ ਹੋ ਕੇ ਕਿਹਾ - ਹੇ ਤਾਤ! ਐਸੀ ਕੀ ਵਸਤੂ ਤੁਸਾਂ ਨੇ ਛਕੀ ਹੈ, ਜੋ ਭੁੱਖ ਹੀ ਨਹੀਂ ਲਗਦੀ? ਤਾਂ ਉਚਾਰ ਹੋਇਆ -

*ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥*
*ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥*
*ਛਤੀਹ ਅੰਮ੍ਰਿਤ ਭਾਉ ਏਕੁ*
*ਜਾ ਕਉ ਨਦਰਿ ਕਰੇਇ ॥ ੧ ॥*
*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥*
*ਜਿਤੁ ਖਾਧੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥ ਅੰਗ - ੧੬*

ਇਸ ਪਰ ਮਾਤਾ ਪਿਤਾ ਦੇ ਕਲੇਜੇ ਕੁਛ ਨੋਕ ਚੁਭੀ, ਪਰ ਅਜੇ ਮਾਯਾ ਦੇ ਬਾਗ ਅੱਖਾਂ ਅੱਗੇ ਹਨ, ਅਜੇ ਆਸ਼ਾ ਹੈ ਕਿ ਪੁੱਤ ਘਰ ਆ ਬੈਠੇ ਤੇ ਅੱਖਾਂ ਠਾਰੇ। ਮਾਤਾ ਜੀ ਨੇ ਸਹਿਜ ਨਾਲ ਕਿਹਾ ਹਾਂ ਪੁਰਾਣੇ ਕਪੜੇ ਲਾਹ ਕੇ ਨਵੇਂ ਤੇ ਚਿੱਟੇ ਪਹਿਨਣੇ ਲਈ ਕਿਹਾ, ਤਦ ਸਤਿਗੁਰ ਨੇ ਆਖਿਆ, ਮੈਂ ਉਹ ਜਾਮਾ ਪਾਯਾ ਹੈ ਜੋਨਾ ਪਾਟਦਾ ਹੈ ਨਾ ਮੈਲਾ ਹੁੰਦਾ ਹੈ।

ਤਦ ਪਿਤਾ ਕਿਹਾ, ਉਹ ਕਪੜੇ ਅਸਾਨੂੰ ਤਾਂ ਦਿੱਸ ਨਹੀਂ ਆਂਵਦੇ? ਤਦ ਆਪ ਬੋਲੇ -

*ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥*
*ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥*
*ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥ ੨ ॥*
*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

ਫਿਰ ਪਿਤਾ ਨੇ ਕਿਹਾ, ਘਰ ਰਹੋ ਹੁਣ, ਆਰਾਮ ਕਰੋ,

ਘੋੜਿਆਂ ਤੇ ਚੜ੍ਹੋ ਸੁਖ ਪਾਵੋ, ਹੁਣ ਅਸੀਂ ਕੰਮ ਕਰਨ ਨੂੰ ਨਹੀਂ ਆਖਦੇ, ਸਾਡੇ ਕਮਾਏ ਪਰ ਸੁਖ ਪਾਓ, ਸਾਨੂੰ ਦਰਸ਼ਨ ਦਿਓ, ਦੂਰ ਨਾ ਜਾਓ।

ਤਦ ਸ੍ਰੀ ਗੁਰੂ ਜੀ ਨੇ ਆਖਿਆ –

*ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥*
*ਜਿਤੁ ਚੜਿਐ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥ ਅੰਗ – ੧੬*

ਫਿਰ ਮਾਤਾ ਨੇ ਕਿਹਾ ਲਾਲਾ ਜੀ! ਘਰ ਚੱਲੋ ਪਰਵਾਰ ਵਿਚ ਵਸੋ, ਸਾਰਿਆਂ ਨੂੰ ਸਦੀਏ ਖੁਸ਼ੀਆਂ ਕਰੀਏ। ਅਸਾਂ ਘਰ ਨਵਾਂ ਉਸਾਰਿਆਂ ਹੈ, ਤੁਸੀਂ ਵਸੋ, ਵਿਚ ਵਸਦੇ ਤੇ ਸੁਖ ਪਾਵਦੇ ਦਿੱਸੋ। ਤਾਂ ਸ੍ਰੀ ਗੁਰੂ ਜੀ ਬੋਲੇ –

*ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥*
*ਹੁਕਮੁ ਸੋਈ ਤੁਧੁ ਭਾਵਸੀ*
*ਹੋਰੁ ਆਖਣੁ ਬਹੁਤੁ ਅਪਾਰੁ ॥*
*ਨਾਨਕ ਸਚਾ ਪਾਤਿਸਾਹੁ*
*ਪੂਛਿ ਨ ਕਰੇ ਬੀਚਾਰੁ ॥ ੪ ॥*
*ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥*
*ਜਿਤੁ ਸੁਤੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥ ਅੰਗ – ੧੭*

ਫੇਰ ਆਪ ਬੋਲੇ –

*ਸੁਨ ਜਨਨੀ ਮਮ ਬਚਨ ਕੋ ਅਬ ਰਿਦਾ ਉਦਾਸ॥*
*ਦੇ ਬਦੇਸ ਬਿਲੋਕ ਕੇ ਬਹੁਰੇ ਅਵਾਸ॥*

ਤਦ ਮਾਤਾ ਜੀ ਬੋਲੇ –

*ਹੇ ਸੁਤ! ਤੈ ਆਸ ਬੈਨ ਉਚਾਰੇ*
*ਰਿਦੇ ਸ਼ਾਂਤਿ ਕਿਉ ਆਣ ਹਮਾਰੇ।*
*ਦ੍ਵਾਦਸ਼ ਬਰਖ ਬਤੀਤੇ ਆਏ।*
*ਪ੍ਰਵਿਸ਼ੇ ਸਦਨ ਨ ਪਗ ਇਕ ਪਾਏ।*
*ਵਹਿਰ ਤੇ ਵਹਿਰ ਕਰਹੁ ਤੁਮ ਪਯਾਨਾ।*
*ਹਮਰੋ ਕਹਯੋ ਨ ਇਕ ਮਨ ਮਾਨਾ।*
*ਕਿਹ ਦੋਖ ਤੇ ਮਨਕੀਨ ਉਦਾਸੁ।*
*ਜਿਉ ਤੁਮ ਕਹਉ ਕਰੈ ਤਿਮ ਆਸੁ।*
*ਨਿਜ ਇਸਤ੍ਰੀ ਕਉ ਜੇ ਦੋਖ ਮਾਨਉ।*
*ਔਰ ਬਯਾਹ ਕਰ ਦੇਹਿ, ਬਖਾਨਉ।*
*ਸਭ ਕਿਛੁ ਘਰਿ ਮਹਿੰ ਦੀਨ ਬਿਧਾਤਾ।*
*ਜਿਉ ਤੁਮ ਚਹਹੁ ਕਰਹਿੰ ਤਿਉ ਤਾਤਾ!*

ਇਹ ਸੁਣ ਕੇ ਸ੍ਰੀ ਗੁਰੂ ਜੀ ਹੱਸੇ ਤੇ ਰਾਗ ਸੂਹੀ ਛੰਤ ਮਹਲਾ ੧ ਦਾ ਸ਼ਬਦ 'ਜਿਨਿ ਕੀਆ ਤਿਨ ਦੇਖਿਆ ਜਗੁ ਧੰਧੜੈ ਲਾਇਆ, ਬੋਲਿਆ।

ਤਦ ਬਾਬੇ ਆਖਿਆ, ਪਿਤਾ ਜੀ, ਮਾਤਾ ਜੀ, ਉਹ ਬਿਧਾਤਾ ਪੁਰਖੁ ਹੈ, ਉਹ ਭੁਲਣੈ ਵਿਚਿ ਨਹੀਂ। ਜੋ ਓਸਿ ਸੰਜੋਗ ਕੀਤਾ ਹੈ, ਸੋ ਭਲਾ ਕੀਤਾ ਹੈ। ਤਾਂ ਮਾਤਾ ਆਖਿਆ, ਬੱਚਾ ਤੂੰ ਉਠ ਚੱਲ, ਅਵਾਈਆਂ ਛੋਡ, ਫਿਰਿ ਕਿਆ ਸੰਜੋਗ ਬਣੇਗਾ, ਜਿਤੁ ਫਿਰ ਮਿਲਹਿਗਾ। ਤਾਂ ਬਾਬੇ ਸਬਦੁ ਕੀਤਾ –

*ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥*
*ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥*
*ਜਿਨੀ ਤੇਰਾ ਨਾਮੁ ਧਿਆਇਆ*
*ਤਿਨ ਕਉ ਸਦਿ ਮਿਲੇ ॥ ੧ ॥*
*ਬਾਬਾ ਮੈ ਕਰਮਹੀਣ ਕੂੜਿਆਰ ॥*
*ਨਾਮੁ ਨ ਪਾਇਆ ਤੇਰਾ*
*ਅੰਧਾ ਭਰਮਿ ਭੂਲਾ ਮਨੁ ਮੇਰਾ ॥ ੧ ॥ ਰਹਾਉ ॥*
*ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥*
*ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥ ੨ ॥*
*ਵਿਛੁੜਿਆ ਕਾ ਕਿਆ ਵੀਛੁੜੈ*
*ਮਿਲਿਆ ਕਾ ਕਿਆ ਮੇਲੁ ॥*
*ਸਾਹਿਬੁ ਸੋ ਸਾਲਾਹੀਐ*
*ਜਿਨਿ ਕਰਿ ਦੇਖਿਆ ਖੇਲੁ ॥ ੩ ॥*
*ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥*
*ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥*

ਤਬ ਬਾਬੇ ਆਖਿਆ, ਪਿਤਾ ਜੀ, ਮਾਤਾ ਜੀ, ਅਸੀਂ ਜੋ ਆਏ ਹਾਂ, ਜੋ ਕਹਿਆ ਥਾ ਆਵਹਿਗੇ, ਪਰ ਤੁਸੀਂ ਹੁਣ ਆਗਿਆ ਮੰਨ ਲੈਹੋ, ਅਸੀਂ ਅਜੇ ਉਦਾਸ ਹਾਂ। ਤਦ ਮਾਤਾ ਕਿਹਾ, ਬੇਟਾ, ਮੇਰੇ ਮਨ ਸੰਤੋਖ ਕਿਉ ਕਰ ਹੋਵੇਗਾ, ਜੋ ਤੂੰ ਬਹੁਤੀ ਵਰਹੀ ਉਦਾਸੀ ਕਰਕੇ ਆਇਆ ਹੈਂ। ਤਬ ਬਾਬੇ ਕਹਿਆ, ਮਾਤਾ ਤੂੰ ਬਚਨ ਮੰਨ ਤੈਨੂੰ ਸੰਤੋਖ ਆਵੇਗਾ। ਅਸੀਂ ਹੁਣ ਇਸ ਗਿਰਦ ਨਿਵਾਹੀ ਦਾ ਲੇਲ ਕਰਾਂਗੇ ਤੇ ਫੇਰ ਛੇਤੀ ਹੀ ਤੁਸਾਂ ਪਾਸ ਆਵਾਂਗੇ। (ਬਾ: ਵਾ: ਜ: ਸਾਖੀ ੩੮੨) ਤਾਂ ਮਾਤਾ ਚੁਪ ਕਰ ਰਹੀ।

ਉਧਰ ਰਾਇ ਬੁਲਾਰ ਤਕ ਬੀ ਖਬਰ ਅੱਪੜ ਗਈ ਸੀ ਕਿ ਗੁਰੂ ਜੀ ਆਏ ਹਨ। ਉਸ ਪੱਕੀ ਖਬਰ ਮੰਗਵਾਈ ਤੇ ਤੁਰਨ ਲਈ ਤਿਆਰ ਹੋਇਆ, ਪਰ ਦਿਲਾਂ ਦਾ ਸਾਹਿਬ ਜਾਣਦਾ ਸੀ ਕਿ ਰਾਇ ਦਾ ਸਰੀਰ ਬਿਰਧ ਹੈ, ਸੋ ਆਪ ਚੱਲ ਕੇ ਉਸ ਪਾਸ ਆ ਪਹੁੰਚੇ। ਸਿੱਕਾਂ ਸਧਰਾਂ ਦਾ ਰੂਪ ਰਾਇ ਇਹ ਦੇਖ ਕੇ ਬਹੁਤ ਖੁਸੀ ਹੋਇਆ, ਬੇਵੱਸਾ ਹੋ ਚਰਨਾਂ ਤੇ ਢੱਠਾ, ਪਰ ਗੁਰੂ ਬਾਬੇ ਨੇ ਨਿਉਂਦੇ ਸਿਰ ਨੂੰ ਬੋਚ ਕੇ ਗਲੇ ਲਾ ਲਿਆ, ਦੁਇ ਘੁੱਟ ਘੁੱਟ ਕੇ ਮਿਲੇ। ਫੇਰ ਰਾਇ ਨੇ ਆਪ ਨੂੰ ਪਲੰਘ ਤੇ ਬਿਠਾਯਾ ਤੇ ਸਫਰਾਂ ਦੇ ਹਾਲ ਪੁੱਛੇ ਸੁਣੇ ਤੇ ਠੰਢਾਂ ਲਈਆਂ। ਰਾਤ ਗੁਰੂ ਜੀ ਉਸੇ ਪਾਸ ਰਹੇ ਤੇ ਅਗਲੇ ਦਿਨ ਫੇਰ ਤਿਆਰ ਹੋ ਪਏ। ਰਜਾ ਦੇ ਪ੍ਰੇਮੀ ਰਾਇ ਨੇ ਰਜਾ ਸਿਰ ਧਰੀ ਤੇ ਆਖਿਆ, ਮੇਰਾ ਅੱਗਹ ਸਵਾਰਨਾ, ਮੈਂ ਤੁਧੇ ਦੇ ਆਸਰੇ ਹਾਂ।

ਟੁਰ ਪਏ ਸੁਹਣੇ ਦਾਤਾ ਜੀ ਹੁਣ ਇਕ ਚੱਕਰ ਲਾਉਣ ਸਵਦੇਸ਼ ਵਿਚ ਸਭ ਦਾ ਭਲਾ ਕਰਨ ਤਾਂ ਸਰਬੱਤ ਦੇ ਭਲੇ ਦਾ ਅਸੂਲ ਵੰਡਣ ਵਾਲੇ ਦਾਤਾ ਤੁਰ ਪਏ ਮਿਠੀ ਮਿਠੀ ਸਮੀਰ ਵਾਂਗੂੰ ਠੰਢੀ ਪਾਉਣ ਤੇ ਭਲੇ ਕਰਨ। ਦੇਖੋ ਮਰਦਾਨਾ ਸੁਹਣਾ ਕੀਰਤਨੀਆਂ ਗੁਰੂ ਕਾ ਪਿਆਰਾ ਤੇ ਪ੍ਰੇਮੀ ਕਿੱਥੇ ਹੈ, ਓਹ ਸ੍ਰੀ ਗੁਰੂ ਜੀ ਦੇ ਟੁਰਨ ਤੋਂ ਪਹਿਲੇ ਹਾਜ਼ਰ ਸੜਕ ਤੇ ਖੜਾ ਹੈ, ਸੁਹਣੀ ਸਮੀਰ ਦੇ ਮਗਰ ਸੀਤਲ ਲਾਈ ਵਾਂਗੂੰ ਰੁਮਕ ਰੁਮਕ ਰੁਮਕਦਾ ਜਾ ਰਿਹਾ ਹੈ।

(*****)

# ਸੇਵਾ ਸਿਮਰਨ ਦਾ ਕੁੰਭ ਰਤਵਾੜਾ ਸਾਹਿਬ

ਬਹੁਪੱਖੀ ਸਖ਼ਸ਼ੀਅਤ ਦੇ ਮਾਲਿਕ, ਆਤਮ ਮਾਰਗ ਦੇ ਸੰਚਾਲਕ, ਕਲਮ ਦੇ ਧੰਨੀ, ਕੀਰਤਨ ਦੇ ਰਸੀਏ, ਯੁੱਗ ਪੁਰਸ਼, ਰਸਕ ਬੈਰਾਗੀ ਧੰਨ ਧੰਨ ਸੱਚਖੰਡਵਾਸੀ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲੇ ਜਿਨ੍ਹਾਂ ਬਾਰੇ ਫੁਰਮਾਨ ਹੈ -

***ਪੂਰੇ ਕਾ ਕੀਆ ਸਭ ਕਿਛੁ ਪੂਰਾ***
***ਘਟਿ ਵਧਿ ਕਿਛੁ ਨਾਹਿ॥***
***ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥***

ਆਪ ਜੀ ਦੀ ਬਹੁਪੱਖੀ ਸਖ਼ਸ਼ੀਅਤ ਦਾ ਅੰਦਾਜਾ ਲਗਾਉਣਾ ਹੋਵੇ ਤਾਂ ਆਪ ਜੀ ਦੇ ਸਾਰੇ ਜੀਵਨ ਵੱਲ ਧਿਆਨ ਮਾਰੀਏ ਤਾਂ ਇਸ ਗੱਲ ਦੀ ਗਵਾਹੀ ਭਰ ਰਿਹਾ ਸੁੰਦਰ ਸ਼ਵੀ ਵਾਲਾ ਗੁਰਦੁਆਰਾ ਈਸ਼ਰਪ੍ਰਕਾਸ਼ ਰਤਵਾੜਾ ਸਾਹਿਬ ਜਿਸ ਵਿੱਚ ਜਗਿਆਸੂਆਂ ਲਈ ਜੀਵਨ ਦੀ ਹਰ ਇੱਕ ਸਹੂਲਤ ਉਪਲੱਬਧ ਹੈ ਆਪ ਜੀ ਨੇ ਇਸ ਅਸਥਾਨ ਨੂੰ 1986 ਵਿੱਚ ਭਾਗ ਲਗਾਏ। ਅਸਥਾਨ ਬਣਨ ਤੋਂ ਪਹਿਲਾਂ ਆਪ ਨੇ 1979 ਤੋਂ ਲੈ ਕੇ 1986 ਤੱਕ ਰੋਪੜ ਜਿਲ੍ਹੇ ਵਿੱਚ ਜੋ ਪ੍ਰਚਾਰ ਆਪ ਜੀ ਨੇ ਕੀਤਾ ਉਹ ਸੰਗਤਾਂ ਦੇ ਗਿਆਤ ਹੈ ਕਿ ਆਪ ਜੀ ਦੀ ਅਣਥਕ ਮਿਹਨਤ ਨਾਲ ਹੀ ਇਸ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਹੋਇਆ। ਧੜਾ ਧੜ ਸਿੰਘ ਸੱਜਣੇ ਸ਼ੁਰੂ ਹੋ ਗਏ। ਆਪ ਜੀ ਦੱਸਿਆ ਕਰਦੇ ਸਨ ਕਿ ਅਸੀਂ ਤੜਕੇ 1.00 ਵਜੇ ਉਠਣਾ ਉਸ ਤੋਂ ਬਾਅਦ ਨਹੀਂ ਸਾਉਂਦੇ ਸਨ ਦਿਨ ਦੇ ਚਾਰ ਚਾਰ ਦਿਵਾਨ 4-4 ਘੰਟੇ ਦੇ ਪਿੰਡਾ ਵਿੱਚ ਹੁੰਦੇ ਰੋਪੜ ਜਿਲੇ ਦਾ ਕੋਈ ਵੀ ਪਿੰਡ ਆਪ ਜੀ ਨੇ ਨਹੀਂ ਛੱਡਿਆ ਜਿਥੇ ਆਪ ਜੀ ਦੇ ਚਰਨ ਨਾ ਪਏ ਹੋਣ ਆਪ ਜੀ ਨੂੰ ਇਲਾਕੇ ਵਿੱਚ ਵਿਚਰਦੇ ਵਿਚਰਦੇ ਰਾਤ ਦੇ 12.00 ਵੱਜ ਜਾਣੇ। ਫਿਰ ਆਪ ਜੀ 1 ਜਾਂ ਡੇਢ ਘੰਟਾ ਸਰੀਰ ਨੂੰ ਅਰਾਮ ਦਿਵਾ ਕੇ ਤੁਰ ਪੈਣਾ। ਹਰ ਪਿੰਡ ਵਿੱਚ ਆਪ ਨੇ ਕੀਰਤਨ ਦਿਵਾਨ ਸਜਾਉਣੇ। ਮਾਨੋ ਆਪ ਨੇ ਰੋਪੜ ਦੇ ਇਲਾਕੇ ਅੰਦਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਹੀ ਚਲਾ ਦਿਤਾ ਸੀ ਜਿਵੇਂ ਗੁਰਬਾਣੀ ਵਿੱਚ ਵੀ ਸੰਤਾਂ ਬਾਰੇ ਫੁਰਮਾਨ ਹੈ-



ਧੰਨ ਧੰਨ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ ਵਿਖੇ ਫੁੱਲਾਂ ਦੀ ਬਗੀਚੀ ਵਿੱਚ

***ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ॥***
***ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ॥***
***ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ॥***
***ਇਕਸੁ ਵਿਣੁ ਹੋਰਿ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ॥ ਅੰਗ - 108***

***ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ॥ ਅੰਗ - 131***

***ਕਰਿ ਕੀਰਤਨੁ ਮਨ ਸੀਤਲ ਭਏ॥***
***ਜਨਮ ਜਨਮ ਕੇ ਕਿਲਵਿਖ ਗਏ॥ ਅੰਗ - 178***

***ਕਰਿ ਕਿਰਪਾ ਸੰਤਨ ਸਚੁ ਕਹਿਆ॥***
***ਸਰਬ ਸੂਖ ਇਹੁ ਆਨੰਦੁ ਲਹਿਆ॥***
***ਸਾਧਸੰਗਿ ਹਰਿ ਕੀਰਤਨੁ ਗਾਈਐ॥***
***ਕਹੁ ਨਾਨਕ ਵਡਭਾਗੀ ਪਾਈਐ॥ ਅੰਗ - 179***

***ਸੰਤ ਪ੍ਰਸਾਦਿ ਜਪੈ ਹਰਿ ਨਾਉ॥***
***ਸੰਤ ਪ੍ਰਸਾਦਿ ਹਰਿ ਕੀਰਤਨੁ ਗਾਉ॥***

*ਸੰਤ ਪ੍ਰਸਾਦਿ ਸਗਲ ਦੂਖ ਮਿਟੇ॥*
*ਸੰਤ ਪ੍ਰਸਾਦਿ ਬੰਧਨ ਤੇ ਛੂਟੇ॥*
*ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ॥*
*ਸਾਧ ਰੇਣ ਮਜਨ ਸਭਿ ਧਰਮ॥*
*ਸਾਧ ਕ੍ਰਿਪਾਲ ਦਇਆਲ ਗੋਵਿੰਦੁ॥*
*ਸਾਧਾ ਮਹਿ ਇਹ ਹਮਰੀ ਜਿੰਦੁ॥*
*ਕਿਰਪਾ ਨਿਧਿ ਕਿਰਪਾਲ ਧਿਆਵਉ॥*
*ਸਾਧਿਸੰਗਿ ਤਾ ਬੈਠਣੁ ਪਾਵਉ॥*
*ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ॥*
*ਸਾਧਸੰਗਿ ਨਾਨਕ ਨਾਮੁ ਲਇਆ॥*
*ਅੰਗ - 183*




ਕਰਮ ਖੇਤਰ ਅੰਦਰ ਵਿਚਰਦੀ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਸੁਭਾਗ ਜੋੜੀ

*ਸੁਣਿ ਕੀਰਤਨੁ ਸਾਧ ਪਹਿ ਜਾਇ॥*
*ਜਨਮ ਮਣਿ ਕੀ ਤ੍ਰਾਸ ਮਿਟਾਇ॥*
*ਚਰਣ ਕਮਲ ਠਾਕੁਰ ਉਰਿ ਧਾਰਿ॥*
*ਦੁਲਭ ਦੇਹ ਨਾਨਕ ਨਿਸਤਾਰਿ॥*
*ਅੰਗ - 190*

*ਵਡਭਾਗੀ ਹਰਿ ਕੀਰਤਨੁ ਗਾਈਐ॥*
*ਪਾਰਬ੍ਰਹਮ ਤੂੰ ਦੇਹਿ ਤ ਪਾਈਐ॥*
*ਅੰਗ - 196*

*ਸਾਧਸੰਗਿ ਕੀਰਤਨ ਫਲੁ ਪਾਇਆ॥*
*ਜਮ ਕਾ ਮਾਰਗੁ ਦ੍ਰਿਸਟਿ ਨ ਆਇਆ॥*
*ਮਨ ਬਚ ਕਰਮ ਗੋਵਿੰਦ ਅਧਾਰੁ॥*
*ਤਾ ਤੇ ਛੁਟਿਓ ਬਿਖੁ ਸੰਸਾਰੁ॥*
*ਕਰਿ ਕਿਰਪਾ ਪ੍ਰਭਿ ਕੀਨੋ ਅਪਨਾ॥*
*ਨਾਨਕ ਜਾਪੁ ਜਪੇ ਹਰਿ ਜਪਨਾ॥*



ਡਾ. ਸਵਾਮੀ ਰਾਮ ਦੇ ਪਰਮ ਸ਼ਿਸ਼ ਡਾ. ਸਵਾਮੀ ਅਨੰਦ ਜੀ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨਾਲ

*ਅੰਗ - 197*

ਇਕ ਪਿੰਡ ਕੁਰਾਲੀ ਦੇ ਨੇੜੇ ਪੈਂਦਾ ਹੈ 'ਚਿੰਤਗੜ੍ਹ' ਆਪ ਜੀ ਕੋਲ ਇਸ ਪਿੰਡ ਦੇ ਸਿਆਣੇ ਬੰਦੇ ਪਹੁੰਚੇ ਅਤੇ ਬੇਨਤੀ ਕੀਤੀ, "ਕਿ ਸਾਡੇ ਪਿੰਡ ਜਿਸ ਨੌਜਵਾਨ ਦਾ ਅਸੀਂ ਮੰਗਣਾ ਕਰਦੇ ਹਾਂ ਉਹ ਹੀ ਇਕ ਹਫਤੇ ਬਾਅਦ ਚੜ੍ਹਾਈ ਕਰ ਜਾਂਦਾ ਹੈ।' ਸੋ ਆਪ ਜੀ ਦਾ ਪ੍ਰਉਪਕਾਰੀ ਹਿਰਦਾ ਉਨ੍ਹਾਂ ਪ੍ਰਤੀ ਦਿਆਲ ਹੋਇਆ ਜਿਵੇਂ ਗੁਰਬਾਣੀ ਵਿੱਚ ਵੀ ਫੁਰਮਾਨ ਹੈ -

*ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥*
*ਅੰਗ - 263*

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥*
*ਅੰਗ - 273*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ॥*
*ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥*
*ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥*
*ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ॥*
*ਅੰਗ - 749*

*ਜੀਅ ਜੰਤ ਸਭਿ ਸੁਖਿ ਬਸੈ ਸਭ ਕੈ ਮਨਿ ਲੋਚ॥*

***ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ॥***
***ਅੰਗ - 815***

ਆਪ ਜੀ ਨੇ ਬਚਨ ਕੀਤਾ ਕਿ ਅਸੀਂ ਉਥੇ ਤਿੰਨ ਦਿਨ ਸਤਿਸੰਗ ਕਰਾਂਗੇ। ਉਥੇ ਕਈ ਅਵਗਤ ਰੂਹਾਂ ਨੇ ਤੁਹਾਡੇ ਪਿੰਡ ਨੂੰ ਘੇਰ ਰੱਖਿਆ ਹੈ। ਸਤਿਸੰਗ ਦਾ ਫਲ ਉਨ੍ਹਾਂ ਨੂੰ ਮਿਲ ਗਿਆ ਤਾਂ ਉਨ੍ਹਾਂ ਦਾ ਉਧਾਰ ਹੋਵੇਗਾ। ਸਤਿਸੰਗ ਦਾ ਸਮਾਂ ਨੀਅਤ ਕੀਤਾ ਗਿਆ। ਆਪ ਜੀ ਦੱਸਿਆ ਕਰਦੇ, 'ਉਸ ਪਿੰਡ ਵਿੱਚ ਜਦੋਂ ਪਹਿਲਾ ਦੀਵਾਨ ਸੀ ਮੋਹਾਲੀ ਤੋਂ ਚਲੇ ਤਾਂ ਮੌਸਮ ਇੱਕ ਦਮ ਅਚਾਨਕ ਖਰਾਬ ਹੋ ਗਿਆ। ਹਨੇਰੀ, ਝੱਖੜ ਚੱਲ ਪਿਆ। ਰਸਤੇ ਵਿੱਚ ਬਹੁਤ ਵੱਡੇ-ਵੱਡੇ ਦਰੱਖਤ ਹਨੇਰੀ ਤੁਫਾਨ ਨੇ ਸੁੱਟ ਦਿਤੇ ਪਰ ਆਪ ਜੀ ਨੇ ਪਰਵਾਹ ਨਹੀਂ ਕੀਤੀ ਜਿਵੇਂ ਫੁਰਮਾਨ ਹੈ -



ਰਤਵਾੜਾ ਸਾਹਿਬ ਵਿਖੇ ਅਯੁਰਵੈਦਿਕ ਜੜੀ ਬੂਟੀਆਂ ਸੇਵਾ ਸੰਭਾਲ ਦ੍ਰਿਸ਼।

***ਟੋਡੀ ਮਹਲਾ ੫ ਘਰੁ ੧ ਦੁਪਦੇ***
***ੴ ਸਤਿਗੁਰ ਪ੍ਰਸਾਦਿ॥***
***ਸੰਤਨ ਅਵਰ ਨ ਕਾਹੂ ਜਾਨੀ॥***
***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥ ਰਹਾਉ॥***
***ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ॥***
***ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥***
***ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ॥***
***ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ॥ ਅੰਗ - 711***

ਇਸੇ ਤਰ੍ਹਾਂ ਪਿੰਡ ਬਟੇਲਾ (ਚੰਡੀਗੜ੍ਹ) ਵਿਖੇ ਅਚਾਨਕ ਅੱਗ ਲੱਗ ਜਾਣੀ ਮਹਾਂਪੁਰਸ਼ਾਂ ਵੱਲੋਂ ਦੱਸੀ ਗਈ ਵਿਧੀ ਮੁਤਾਬਿਕ ਸੰਪਟ ਅਖੰਡਪਾਠ ਕਰਵਾਏ ਗਏ ਭੋਗਪੈਣ ਤੇ ਆਪ ਜੀ ਨੇ ਆਪਣੇ ਪਵਿੱਤਰ ਚਰਨ ਉਸ ਪਿੰਡ ਵਿੱਚ ਪਾਏ ਅਤੇ ਸਤਿਸੰਗ ਕੀਤਾ ਉਸ ਤੋਂ ਬਅਾਦ ਕਦੇ ਵੀ ਅੱਗ ਨਹੀਂ ਲੱਗੀ। ਆਪ ਜੀ ਦੇ ਆਪਣੇ ਪਿੰਡ ਧਮੋਟ ਵਿਖੇ ਵੀ ਲਗਾਤਾਰ ਸਲਾਨਾਂ ਸਮਾਗਮ ਕਰਕੇ ਅਵਗਤ ਰੂਹਾਂ ਦਾ ਭਲਾ ਕੀਤਾ। ਅਨੇਕਾਂ ਮਿਸਾਲਾਂ ਆਪ ਜੀ ਦੇ ਜੀਵਨ ਵਿੱਚੋਂ ਮਿਲਦੀਆਂ ਹਨ ਆਪ ਜੀ ਨੇ ਅਵਗਤ ਰੂਹਾਂ ਦਾ ਭਲਾ ਕੀਤਾ।

ਆਪ ਜੀ ਨਾਲ ਹਜਾਰਾਂ ਸੰਗਤਾਂ ਹੁੰਦੀਆਂ ਕਿਉਂਕਿ ਇਲਾਕੇ ਵਿੱਚ ਆਪ ਜੀ ਨੇ ਕੀਰਤਨ ਕਰ ਕਰਕੇ ਇੱਕ ਲਹਿਰ ਖੜ੍ਹੀ ਕਰ ਦਿਤੀ ਸੀ। ਸੰਗਤਾਂ ਨੇ ਵੱਡੇ ਵੱਡੇ ਦਰੱਖਤ ਚੁੱਕ ਪਾਸੇ ਕਰਕੇ ਆਪ ਜੀ ਦੀ ਜੀਪ ਨੂੰ ਲੰਘਣ ਲਈ ਰਸਤਾ ਕੀਤਾ ਉਸ ਪਿੰਡ ਵਿੱਚ ਲਗਾਤਾਰ ਤਿੰਨ ਸਤਿਸੰਗ ਸਜੇ ਅਤੇ ਸਮਾਪਤੀ ਤੋਂ ਬਾਅਦ ਅਰਦਾਸ ਹੋਈ, ਸਤਿਸੰਗ ਦਾ ਫਲ ਅਵਗਤ ਰੂਹਾਂ ਨਮਿਤ ਭੇਂਟ ਕੀਤਾ ਗਿਆ। ਉਸ ਤੋਂ ਬਾਅਦ ਉਸ ਪਿੰਡ ਵਿੱਚ ਹੁਣ ਤੱਕ ਲੋਕ ਸ਼ਾਂਤੀ ਪੂਰਵਕ ਜੀਵਨ ਜੀਅ ਰਹੇ ਹਨ। ਉਸ ਤੋਂ ਇਹੋ ਜਹੀ ਕੋਈ ਅਣਸੁਖਾਵੀ ਘਟਨਾ ਨਹੀਂ ਹੋਈ।



ਰਤਵਾੜਾ ਸਾਹਿਬ ਵਿਖੇ ਅਯੁਰਵੈਦਿਕ ਜੜੀ ਬੂਟੀਆਂ ਸੇਵਾ ਸੰਭਾਲ ਦ੍ਰਿਸ਼।

ਕਹਿਣ ਦਾ ਭਾਵ ਆਪ ਜੀ ਦਾ ਹਿਰਦਾ ਐਨਾ ਨਰਮ ਸੀ ਜੇ ਕੋਈ ਕਿਸੇ ਕਿਸਮ ਦੀ ਫਰਿਆਦ ਲੈ ਕੇ ਆਉਂਦਾ ਉਹ ਖਾਲੀ ਨਹੀਂ ਸੀ ਜਾਂਦਾ। ਹਜਾਰਾਂ ਮਰੀਜ ਜੋ ਪੀ.ਜੀ.ਆਈ. ਦੇ ਡਾਕਟਰਾਂ ਨੇ ਕਹਿ ਦੇਣਾ ਕਿ ਇਸ ਦਾ ਕੋਈ ਇਲਾਜ ਨਹੀਂ ਕਿ ਇਸ ਦੀ ਘਰ ਲਜਾ ਕੇ ਸੇਵਾ ਕਰ ਲਵੋ। ਉਨ੍ਹਾਂ ਨੇ ਸੰਤ ਮਹਾਰਾਜ ਕੋਲ ਆ ਜਾਣਾ

ਆਪ ਜੀ ਨੇ ਗੁਰਬਾਣੀ ਦਾ ਸ਼ਬਦ ਦੇ ਦੇਣਾ ਅਤੇ ਕਹਿਣਾ ਕਿ ਰਤਵਾੜਾ ਸਾਹਿਬ ਵਿਖੇ ਜਾ ਕੇ 40 ਦਿਨ ਸੇਵਾ ਕਰੋ ਨਾਲੇ ਗੁਰਬਾਣੀ ਦੇ ਸ਼ਬਦ ਦਾ ਵਿਧੀ ਪੂਰਵਕ ਪਾਠ ਦੱਸ ਦੇਣਾ। ਟੀ.ਵੀ., ਦਮਾ, ਕੈਂਸਰ, ਚਮੜੀ ਦੇ ਭਿਆਨਕ ਲਾ ਇਲਾਜ ਰੋਗ ਰਤਵਾੜਾ ਸਾਹਿਬ ਸੇਵਾ ਕਰਕੇ ਟੁੱਟ ਜਾਣੇ।



ਰਤਵਾੜਾ ਸਾਹਿਬ ਕਾਰਸੇਵਾ ਦ੍ਰਿਸ਼।

ਆਪ ਦੇ ਹਿਰਦੇ ਅੰਦਰ ਹਰ ਸਮੇਂ ਜਨ ਸਮੂੰਹ ਦੇ ਭਲੇ ਵਾਸਤੇ ਪਰਉਪਕਾਰ ਦੇ ਚਸ਼ਮੇ ਚਲਦੇ। ਜਿਵੇਂ ਗੁਰਬਾਣੀ ਅੰਦਰ ਜੋ ਸੰਤਾਂ ਬਾਰੇ ਲਿਖਿਆ ਹੋਇਆ ਮਿਲਦਾ ਹੈ ਕਿ ਸੰਤ ਕਿਹੋ ਜਿਹਾ ਹੋਣਾ ਚਾਹੀਦਾ ਹੈ? ਸੰਤ ਦੀ ਰਹਿਤ ਕੀ ਹੈ? ਸੰਤ ਬਣ ਕੀ ਕਰਨਾ ਹੈ? ਸੰਤ ਕਿਹੋ ਜਿਹੇ ਹੁੰਦੇ ਹਨ? ਸੰਤਾਂ ਦਾ ਜੀਵਨ ਕਿਹੋ ਜਿਹਾ ਹੁੰਦਾ ਹੈ? ਜਿਵੇਂ ਫੁਰਮਾਨ ਹੈ -

***ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮੁ॥***
***ਸੰਤ ਜਨਾ ਕੈ ਹਿਰਦੈ ਸਭਿ ਧਰਮ॥***
***ਸੰਤ ਜਨਾ ਸੁਨਹਿ ਸੁਭ ਬਚਨ॥***
***ਸਰਬ ਬਿਆਪੀ ਰਾਮ ਸੰਗਿ ਰਚਨ॥***
***ਜਿਨਿ ਜਾਤਾ ਤਿਸ ਕੀ ਇਹ ਰਹਤ॥***
***ਸਤਿ ਬਚਨ ਸਾਧੂ ਸਭਿ ਕਹਤ॥***
***ਜੋ ਜੋ ਹੋਇ ਸੋਈ ਸੁਖੁ ਮਾਨੈ॥***
***ਕਰਨ ਕਰਾਵਨਹਾਰੁ ਪ੍ਰਭੁ ਜਾਨੈ॥***
***ਅੰਤਰਿ ਬਸੇ ਬਾਹਰਿ ਭੀ ਓਹੀ॥***
***ਨਾਨਕ ਦਰਸਨੁ ਦੇਖ ਸਭ ਮੋਹੀ॥ ਅੰਗ - 294***



ਰਤਵਾੜਾ ਸਾਹਿਬ ਕਾਰਸੇਵਾ ਦ੍ਰਿਸ਼।

***ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥***
***ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ॥***

***ਅੰਗ - 297***

***ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ॥***
***ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ॥***

***ਅੰਗ - 298***

***ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ॥***
***ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ॥***
***ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ॥***

***ਅੰਗ - 300***

***ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ॥***
***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥***
***ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥***
***ਅੰਗ- 306***

ਆਪ ਜੀ ਦੇ ਹਿਰਦੇ ਅੰਦਰ ਗਰੀਬਾਂ, ਦੁਖੀਆਂ, ਦਰਦਵੰਤਾਂ, ਜਗਿਆਸੂਆਂ, ਮਜ਼ਲੂਮਾਂ ਲਈ ਅਥਾਹ ਪਿਆਰ ਸੀ। ਜਿਵੇਂ ਸੰਤਾਂ ਦੀ ਰਹਿਤ ਬਾਰੇ ਗੁਰਬਾਣੀ ਅੰਦਰ ਬਾਰ ਬਾਰ ਫੁਰਮਾਨ ਆਏ ਹਨ -

***ਸੰਤ ਰਹਤ ਸੁਨਹੁ ਮੇਰੇ ਭਾਈ।।***
***ਉਆ ਕੀ ਮਹਿਮਾ ਕਥਨੁ ਨ ਜਾਈ।।***

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।।***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ।।***

***(ਸਰਬ ਲੋਹ ਗ੍ਰੰਥ)***

***ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ।।***
***ਸੰਤ ਜਨਾ ਕੈ ਹਿਰਦੈ ਸਭਿ ਧਰਮ।।***

ਸੰਤ ਜਨਾ ਸੁਨਹਿ ਸੁਭ ਬਚਨ॥
ਸਰਬ ਬਿਆਪੀ ਰਾਮ ਸੰਗਿ ਰਚਨ॥
ਜਿਨਿ ਜਾਤਾ ਤਿਸ ਕੀ ਇਹ ਰਹਤ॥
ਸਤਿ ਬਚਨ ਸਾਧੂ ਸਭਿ ਕਹਤ॥
ਜੋ ਜੋ ਹੋਇ ਸੋਈ ਸੁਖੁ ਮਾਨੈ॥
ਕਰਨ ਕਰਾਵਨਹਾਰੁ ਪ੍ਰਭੁ ਜਾਨੈ॥
ਅੰਤਰਿ ਬਸੇ ਬਾਹਰਿ ਭੀ ਓਹੀ॥
ਨਾਨਕ ਦਰਸਨੁ ਦੇਖਿ ਸਭਿ ਮੋਹੀ॥
ਪੰਨਾ - 298

ਆਪ ਜੀ ਪਰਉਪਕਾਰੀ ਕਾਰਜ ਕਰਦਿਆਂ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾਂ ਪੈਂਦਾ ਪਰ -



ਕਾਰਸੇਵਾ ਦ੍ਰਿਸ਼ ਰਤਵਾੜਾ ਸਾਹਿਬ ।

ਕਬੀਰ ਸੰਤੁ ਨ ਛਾਡੈ ਸੰਤਈ
ਜਉ ਕੋਟਿਕ ਮਿਲਹਿ ਅਸੰਤ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥ ਪੰਨਾ - 1373

ਬ੍ਰਹਮ ਗਿਆਨੀ ਕੈ ਧੀਰਜੁ ਏਕ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
ਪੰਨਾ - 272

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥ ਪੰਨਾ - 1357



ਕਾਰਸੇਵਾ ਦ੍ਰਿਸ਼ ਰਤਵਾੜਾ ਸਾਹਿਬ ।

ਜਿਨਾ ਦਿਸੰਦੜਿਆ ਦੁਰਮਤਿ ਵੰਞੈ
ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ
ਜਨ ਨਾਨਕ ਵਿਰਲੇ ਕੇਈ॥ ਪੰਨਾ - 520

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥
ਪੰਨਾ - 319

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥
ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮਾਰਿ॥
ਪੰਨਾ - 1135

ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨ ਲਈ ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ -

ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥
ਤੁਧਹੁ ਭੁਲੇ ਸਿ ਜਮਿ ਜਮਿ ਮਰਦੇ
ਤਿਨ ਕਦੇ ਨ ਚੁਕਨਿ ਹਾਵੇ॥ ਪੰਨਾ - 961

ਸੰਤਾਂ ਦੀ ਮਹਿਮਾ ਵੀ ਦੱਸੀ ਨਹੀਂ ਜਾ ਸਕਦੀ, ਵੇਦ ਵੀ ਨਹੀਂ ਦਸ ਸਕਦੇ। ਫੁਰਮਾਨ ਆਉਂਦਾ ਹੈ -

ਸਾਧ ਕੀ ਮਹਿਮਾ ਬੇਦ ਨ ਜਾਨਹਿ॥
ਜੇਤਾ ਸੁਨਹਿ ਤੇਤਾ ਬਖਿਆਨਹਿ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥
ਸਾਧ ਕੀ ਉਪਮਾ ਰਹੀ ਭਰਪੂਰਿ॥
ਸਾਧ ਕੀ ਸੋਭਾ ਕਾ ਨਾਹੀ ਅੰਤ॥
ਸਾਧ ਕੀ ਸੋਭਾ ਸਦਾ ਬੇਅੰਤ॥
ਸਾਧ ਕੀ ਸੋਭਾ ਊਚ ਤੇ ਊਚੀ॥
ਸਾਧ ਕੀ ਸੋਭਾ ਮੂਚ ਤੇ ਮੂਚੀ॥
ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦ ਨ ਪਾਈ॥ ਪੰਨਾ 272

ਆਪ ਜੀ ਦਾ ਸਾਰਾ ਜੀਵਨ ਗੁਰਬਾਣੀ ਤੋਂ ਬਾਹਰ ਨਹੀਂ ਸੀ। ਪੂਰਨ ਤੌਰ ਤੇ ਗੁਰਬਾਣੀ ਦੇ ਆਸ਼ੇ ਅੰਦਰ ਰਹਿ ਕੇ ਹੀ ਆਪ ਜੀ ਨੇ ਆਪਣਾ ਜੀਵਨ ਜਿਉ ਕੇ ਸੰਸਾਰ ਨੂੰ ਦਿਖਾਈਆ। ਸਿੰਧ ਪਾਕਿਸਤਾਨ ਵਿਚ ਕੀ, ਯੂ.ਪੀ. ਦੇ ਤਰਾਈ ਦੇ ਇਲਾਕੇ ਵਿਚ ਸਿੱਖੀ ਦਾ ਜੋ ਪ੍ਰਚਾਰ ਕੀਤਾ ਸੰਗਤਾਂ ਅੱਜ ਵੀ ਉਨਾਂ ਨੂੰ ਯਾਦ ਕਰਕੇ ਉਨ੍ਹਾਂ ਦਾ ਧਿਆਨ ਆਪਣੇ ਹਿਰਦੇ ਵਿੱਚ ਧਾਰਨ ਕਰਕੇ ਉਨ੍ਹਾਂ ਵੱਲੋਂ ਦਰਸਾਏ ਰਸਤੇ ਤੇ ਚਲਕੇ ਜੀਵਨ ਬਸਰ ਕਰ ਰਹੀਆਂ ਹਨ। ਆਤਮ ਮਾਰਗ ਮੈਗਜ਼ੀਨ ਲਗਾਤਾਰ ਹਰ ਮਹੀਨੇ ਲਗਾਤਾਰ ਸੱਚ ਦਾ ਸੰਦੇਸ਼ ਦੇ ਰਿਹਾ ਹੈ। ਮਹਾਂਪੁਰਖਾਂ ਵੱਲੋਂ ਜੋ 1979 ਤੋਂ ਜੋ ਲਗਾਤਾਰ ਰੋਪੜ ਜਿਲ੍ਹੇ ਵਿੱਚ ਕੀਰਤਨ ਹੋਏ, ਉਨ੍ਹਾਂ ਦੀ ਰਿਕਾਰਡਿੰਗ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਮੌਜੂਦ ਹੈ। ਉਸ ਦਾ ਉਤਾਰਾ ਹਰ ਮਹੀਨੇ ਕਰਕੇ ਲਗਾਤਾਰ ਆਤਮ ਮਾਰਗ ਛਪਦਾ ਆ ਰਿਹਾ ਹੈ। ਮਹਾਂਪੁਰਖਾਂ ਨੇ ਆਤਮ ਮਾਰਗ ਨੂੰ ਲਾਉਣ ਵਾਸਤੇ ਭਵਿੱਖ ਨੂੰ ਵਾਚ ਕੇ ਕਰੋੜਾਂ ਰੁਪਏ ਦੀ ਐਫ.ਡੀ.ਆਰ. ਇਸ ਦੇ ਨਾਮ ਤੇ ਕਰਵਾਈਆਂ। ਇਸ ਵਾਸਤੇ ਅਗਲੇ 100 ਸਾਲਾਂ ਵਾਸਤੇ ਮੈਟਰ ਜਮ੍ਹਾਂ ਕੀਤਾਂ। ਸੈਂਕੜੇ ਪੁਸਤਕਾਂ ਜੋ ਪੰਜਾਬੀ ਤੋਂ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਛਾਪੀਆਂ ਗਈਆਂ ਅਤੇ ਆਉਣ ਵਾਲੇ ਸਮੇਂ ਅੰਦਰ ਛਪਦੀਆਂ ਰਹਿਣਗੀਆਂ। ਮਹਾਂਪੁਰਖਾਂ ਦੇ ਬਚਨਾਂ ਅਨੁਸਾਰ ਆਉਣ ਵਾਲੇ ਸਮੇਂ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਿਧਾਂਤਾਂ ਤੇ ਅਧਾਰਿਤ ਜੋ ਮਹਾਂਪੁਰਖਾਂ ਵੱਲੋਂ ਲਿਖੀਆਂ ਗਈਆਂ ਪੁਸਤਕਾਂ ਨੂੰ ਭਾਰਤ ਵਰਸ਼ ਦੀਆਂ ਹੋਰ ਭਾਸ਼ਾ ਵਿੱਚ ਛਾਪ ਕੇ ਵੀ ਸੇਵਾ ਕੀਤੀ ਜਾਵੇਗੀ।



**ਸਾਧੂ, ਸੰਤ ਸਵਾਮੀ ਗੁ. ਰਤਵਾੜਾ ਸਾਹਿਬ ਦਰਸ਼ਨ ਕਰਨ ਅਉਂਦੇ ਹੋਏ।**

ਆਪ ਜੀ ਹਰ ਸਮੇਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਡੂੰਘੇ ਗਿਆਨ ਨੂੰ ਆਮ ਪ੍ਰਾਣੀ ਦੇ ਤੱਕ ਪਹੁੰਚਾਉਣ ਵਾਸਤੇ ਤੱਤਪਰ ਰਹਿੰਦੇ। ਹਰ ਸਮੇਂ ਜਨ ਸਮੂੰਹ ਦੇ ਭਲੇ ਵਾਸਤੇ ਲੋਚਦੇ।

1986 ਵਿੱਚ ਆਪ ਜੀ ਦੀ ਪ੍ਰਾਲਬਤ ਨੇ ਇੱਕ ਰਤਵਾੜੇ ਪਿੰਡ ਦੇ ਪ੍ਰੇਮੀ ਨੂੰ ਪ੍ਰੇਰਿਆ ਉਸ ਨੇ ਅਸਥਾਨ ਵਾਸਤੇ ਆਪਣੀ ਜ਼ਮੀਨ ਦਾਨ ਕੀਤੀ ਜਿਸ ਦਾ ਨਾਮ ਭਾਈ ਬਸਤਾ ਸਿੰਘ ਸੀ। ਉਸ ਜਗ੍ਹਾਂ ਤੇ ਪਵਿੱਤਰ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦਾ ਸ਼ਿਲਾਨਿਆਸ ਆਪਣੇ ਹਸਤਕੰਵਲਾਂ ਦੁਆਰਾ ਕੀਤਾ ਅਤੇ ਇਸ ਤੇ ਨਿਰੰਤਰ ਸੇਵਾ ਸਿਮਰਨ ਦੇ ਕੁੰਭ ਚਲਾ ਦਿਤੇ। ਆਪ ਜੀ ਦੀ ਅਣਥੱਕ ਘਾਲਣਾ, ਦ੍ਰਿੜ ਸੰਕਲਪ, ਦੀ ਇੱਕ ਜਿਉਂਦੀ ਜਾਗਦੀ ਮਿਸਾਲ ਹੈ ਜਿਥੇ ਅੱਜ ਸੰਗਤਾਂ ਦੀ ਹਰ ਮਨੋਕਾਮਨਾ ਇਥੇ ਨਤਮਸਤਕ ਹੋ ਕੇ ਪੂਰੀ ਹੋ ਜਾਂਦੀ ਹੈ। ਭਾਵੇਂ ਉਹ ਰੂਹਾਨੀ ਹੋਵੇ ਜਾਂ ਦੁਨੀਆਂਵੀ ਹੋਵੇ।

ਜੇ ਰੂਹਾਨੀਅਤ ਦੇ ਖੇਤਰ ਵਿਚ ਦੇਖਿਆ ਜਾਵੇ ਤਾਂ ਰਤਵਾੜਾ ਸਾਹਿਬ ਵਿਖੇ ਜੋ ਉਨ੍ਹਾਂ ਵੱਲੋਂ ਮਰਿਆਦਾ ਚਲਾਈ ਗਈ ਹੈ। ਉਸ ਦੀ ਅਗਵਾਈ ਮਹਾਂਪੁਰਖਾਂ ਦੇ ਜੀਵਨ ਸਾਥੀ ਪਰਮ ਸਤਿਕਾਰਯੋਗ ਬੀਜੀ ਰਣਜੀਤ ਕੌਰ ਜੀ ਅਤੇ ਉਨ੍ਹਾਂ ਵੱਲੋਂ ਅਸ਼ੀਰਵਾਦ ਪ੍ਰਾਪਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਿਖੇ ਹਰ ਐਤਵਾਰ, ਪੂਰਨਮਾਸ਼ੀ, ਸੰਗਰਾਂਦ ਤੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।



ਕਾਰਸੇਵਾ ਵਿਦਿਅਕ ਅਦਾਰੇ ਰਤਵਾੜਾ ਸਾਹਿਬ

ਅਸਥਾਨ ਤੇ ਸਵੇਰੇ 3.00 ਵਜੇ ਹੀ ਮਹਾਂਪੁਰਖਾਂ ਵੱਲੋਂ ਦਰਸਾਈ ਗਈ ਜੁਗਤ ਅਨੁਸਾਰ ਪਹਿਲਾਂ ਸਵਾਸ ਨਾਲ ਨਾਮ ਸਿਮਰਣ 45 ਮਿੰਟ ਕਰਵਾਇਆ ਜਾਂਦਾ ਹੈ। ਉਸ ਤੋਂ ਬਆਦ ਆਸਾ ਜੀ ਦੀ ਵਾਰ ਦੇ ਕੀਰਤਨ ਹੁੰਦੇ ਹਨ। ਅਨੇਕ ਪ੍ਰਕਾਰ ਦੀ ਸੇਵਾ ਜੋ ਅਸਥਾਨ ਤੇ 24 ਘੰਟੇ ਚੱਲਦੀ ਰਹਿੰਦੀ ਹੈ ਜਿਸ ਵਿੱਚ ਗੁਰੂ

ਕੇ ਲੰਗਰ 24 ਘੰਟੇ ਲਗਾਤਾਰ ਵਰਤਦੇ ਰਹਿੰਦੇ ਹਨ। ਦੇਸ਼ਾਂ ਵਿਦੇਸ਼ਾਂ ਤੋਂ ਜਗਿਆਸੂ ਆ ਕੇ ਸੇਵਾ ਦਾ ਅਨੰਦ ਲੈਂਦੇ ਹਨ।

ਹਜਾਰਾਂ ਸੰਗਤਾਂ ਜੋ ਦੇਸ਼ਾਂ ਵਿਦੇਸ਼ਾਂ ਵਿੱਚ ਮਹਾਂਪੁਰਖਾਂ ਦੇ ਪਿਆਰ ਵਿੱਚ ਬੈਠੀਆਂ ਹਨ। ਆਪਣਾ ਦਸਵੰਧ ਭੇਜ ਕੇ ਗੁਰੂ ਕੇ ਲੰਗਰਾਂ ਵਿੱਚ ਪਾਉਂਦੀਆਂ ਹਨ। ਗੁਰ ਸ਼ਬਦ ਲੰਗਰ ਆਤਮ ਮਾਰਗ ਵਿੱਚ ਹਿੱਸਾ ਪਾਉਂਦੀਆਂ ਹਨ। ਅਨੇਕਾਂ ਬਿਲਡਿਗਾਂ ਜੋ ਜਨ ਸਮੂੰਹ ਦੇ ਭਲੇ ਹਿੱਤ ਰਤਵਾੜਾ ਸਾਹਿਬ ਵਿਖੇ ਲਗਾਤਾਰ ਸੇਵਾ ਚਲਦੀ ਰਹਿੰਦੀ ਹੈ ਸੰਗਤਾਂ ਵੱਲੋਂ ਭੇਜਿਆ ਤਿਲ ਫੁੱਲ ਸੇਵਾ ਵਿੱਚ ਲਗਾ ਕੇ ਸਫਲਾ ਕੀਤਾ ਜਾਂਦਾ ਹੈ।



**ਰਤਵਾੜਾ ਸਾਹਿਬ ਵਿਖੇ ਘੋੜ ਸਵਾਰੀ ਟਰੇਨਿੰਗ ਦ੍ਰਿਸ਼।**

ਆਸ਼ਰਮ ਦੀ ਸੈਂਕੜੇ ਏਕੜ ਜ਼ਮੀਨ ਅੰਦਰ ਬਹੁਤ ਹੀ ਸਚੱਜੇ ਢੰਗ ਨਾਲ ਖੇਤੀ ਕੀਤੀ ਜਾਂਦੀ ਹੈ। ਡੰਗਰਾਂ ਵਾਸਤੇ ਚਾਰਾ, ਲੰਗਰਾਂ ਵਾਸਤੇ ਸਬਜ਼ੀਆਂ, ਬਗੈਰ ਦਵਾਈਆਂ ਦੀ ਸਪਰੇਅ ਤੋਂ ਪੈਦਾ ਕੀਤਾ ਜਾਂਦਾ ਹੈ ਜੋ ਗੁਰੂ ਕੇ ਲੰਗਰਾਂ ਵਿੱਚ ਅਤੁੱਟ ਵਰਤਦਾ ਰਹਿੰਦਾ ਹੈ।

***ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ॥***
***ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ॥***
***ਅੰਗ - 496***



**ਪਵਿੱਤਰ ਸਰੋਵਰ ਰਤਵਾੜਾ ਸਾਹਿਬ**

***ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥***
***ਤਾ ਮੇਰੈ ਮਨਿ ਭਇਆ ਨਿਧਾਨਾ॥***
***ਰਤਨ ਲਾਲ ਜਾ ਕਾ ਕਛੂ ਨ ਮੋਲੁ॥***
***ਭਰੇ ਭੰਡਾਰ ਅਖੂਟ ਅਤੋਲ॥***

***ਖਾਵਹਿ ਖਰਚਹਿ ਰਲਿ ਮਿਲਿ ਭਾਈ॥***
***ਤੋਟਿ ਨ ਆਵੈ ਵਧਦੋ ਜਾਈ॥***
***ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥***
***ਸੁ ਏਤੁ ਖਜਾਨੈ ਲਇਆ ਰਲਾਇ॥***
***ਅੰਗ - 186***

ਮਹਾਂਪੁਰਖਾਂ ਨੇ ਪਰਮ ਸਤਿਕਾਰਯੋਗ ਬੀਜੀ ਵੱਲੋਂ 1995 ਵਿੱਚ ਵੈਸਾਖੀ ਦੇ ਸ਼ੁਭ ਦਿਹਾੜੇ ਤੇ ਆਤਮ ਮਾਰਗ ਮੈਗਜ਼ੀਨ ਰਿਲੀਜ਼ ਕਰਵਾਇਆ। ਜੋ ਕਿ ਆਪ ਜੀ ਦੇ ਘਰ ਹਰ ਮਹੀਨੇ ਦੀ 4 ਜਾਂ 5 ਤਰੀਕ ਨੂੰ ਪਿਆਰ ਭਰਿਆ ਰੂਹਾਨੀ ਸੰਦੇਸ਼ ਲੈ ਕੇ ਪਹੁੰਚਦਾ ਰਹਿੰਦਾ ਹੈ।

ਰੋਪੜ, ਫਤਹਿਗੜ੍ਹ ਸਾਹਿਬ, ਲੁਧਿਆਣਾ, ਜਲੰਧਰ, ਪਟਿਆਲਾ, ਚੰਡੀਗੜ੍ਹ, ਮੋਹਾਲੀ ਅਤੇ ਹੋਰ ਕਾਫੀ ਸਾਰੇ ਇਲਕਿਆਂ ਅੰਦਰ ਨਿਰੰਤਰ ਲਗਾਤਾਰ ਮਹਾਂਪੁਰਖਾਂ ਦੀ ਹਾਜਰੀ ਨੂੰ ਹਾਜਰ ਨਾਜਰ ਜਾਣਦੇ ਹੋਏ ਉਨ੍ਹਾਂ ਦੇ ਦਰਸਾਏ ਰਾਹ ਆਤਮ ਮਾਰਗ ਦੇ, ਤੇ ਚੱਲ ਕੇ ਆਪਣਾ ਜੀਵਨ ਤਾਂ ਸਫਲਾ ਕਰ ਹੀ ਰਹੇ ਹਨ। ਉਸ ਦੇ ਨਾਲ ਨਾਲ ਆਪ ਘਰ ਘਰ ਜਾ ਕੇ ਆਪਣੇ ਹੱਥੀਂ ਆਤਮ ਮਾਰਗ ਵੰਡਣ ਦੀ ਸੇਵਾ ਕਰਦੇ ਹਨ ਅਤੇ ਹਰ ਇਕ ਮੈਂਬਰ ਦੀ ਰਿਨੀਊਵਲ ਸਾਲ ਤੋਂ ਬਆਦ ਆਤਮ ਮਾਰਗ ਦਫਤਰ ਵਿੱਚ ਪਹੁੰਚਾਉਂਦੇ ਹਨ। ਸਹਿਜ ਸੁਭਆ ਹੀ ਇਹ ਆਤਮ ਮਾਰਗ ਦੀ ਸੇਵਾ ਗੁਰਸ਼ਬਦ ਲੰਗਰ ਵਰਤਾਉਣ ਦੀ ਸੇਵਾ ਸੰਗਤਾਂ ਵੱਲੋਂ ਨਿਭਾਈ ਜਾ ਰਹੀ ਹੈ। ਕਿਤੇ ਵੀ ਕੋਈ ਵੱਡਾ ਇਤਿਹਾਸਿਕ ਜੋੜ ਮੇਲਾ ਹੋਵੇ। ਜਿਵੇਂ ਅਨੰਦਪੁਰ ਸਾਹਿਬ ਹੋਲੇ ਮਹੱਲੇ ਤੇ ਫਤਹਿਗੜ੍ਹ ਸਾਹਿਬ ਛੋਟੇ ਸਾਹਿਬਜਾਦੀਆਂ ਦੀ ਯਾਦ ਵਿੱਚ ਜੋੜ ਮੇਲੇ ਤੇ ਵੱਡੇ ਪੱਧਰ ਤੇ ਆਤਮ ਮਾਰਗ ਗੁਰਸ਼ਬਦ ਲੰਗਰ ਵਰਤਾਉਣ,

ਇਸ ਦੇ ਨਵੇਂ ਮੈਂਬਰ ਬਣਾਉਣ ਦੀ ਸੇਵਾ ਰਲ ਮਿਲ ਕੇ ਮਹਾਂਪੁਰਖਾਂ ਦੇ ਪ੍ਰੇਮ ਵਿੱਚ ਕੀਤੀ ਜਾਂਦੀ ਹੈ।

ਬਾਬਾ ਸਤਨਾਮ ਸਿੰਘ ਅਟਵਾਲ ਸੈਨਹੋਜ਼ੇ ਅਮਰੀਕਾ ਵਿੱਚ ਲਗਾਤਾਰ ਮਹਾਂਪੁਰਖਾਂ ਦੀ ਦਰਸਾਈ ਜੁਗਤ ਅਨੁਸਾਰ ਹਰ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਅੰਮ੍ਰਿਤਵੇਲੇ 3.00 ਵਜੇ 45 ਮਿੰਟ ਮਹਾਂਪੁਰਖਾਂ ਦੀ ਕੈਸੇਟ ਲਗਾ ਕੇ ਸਵਾਸ ਸਵਾਸ ਨਾਮ ਸਿਮਰਨ ਕਰਵਾਇਆ ਜਾਂਦਾ ਹੈ ਅਤੇ ਆਤਮ ਮਾਰਗ ਦੇ ਨਵੇਂ ਮੈਂਬਰ ਬਣਾਉਣ ਦੀ ਸੇਵਾ ਅਤੇ ਮਹਾਂਪੁਰਖਾਂ ਵੱਲੋਂ ਲਿਖਿਆਂ ਪੁਸਤਕਾਂ ਦੀ ਸੇਵਾ ਲਗਾਤਾਰ ਮਹਾਂਪੁਰਖਾਂ ਦੇ ਸਮੇਂ ਤੋਂ ਸਾਰੇ ਪਰਿਵਾਰ ਵੱਲੋਂ ਨਿਭਾਈ ਜਾਂਦੀ ਹੈ।



ਕਾਰਸੇਵਾ ਦ੍ਰਿਸ਼ ਰਤਵਾੜਾ ਸਾਹਿਬ

ਇੰਗਲੈਂਡ ਵਿੱਚ ਤੱਖਰ ਪਰਿਵਾਰ ਵੱਲੋਂ ਆਤਮ ਮਾਰਗ ਦੇ ਨਵੇਂ ਮੈਂਬਰਾਂ ਦੀ ਸੇਵਾ ਮਹਾਂਪੁਰਖਾਂ ਦੀਆਂ ਸੀ.ਡੀ.ਜ਼ ਡੀ.ਵੀ.ਡੀ.ਜ਼ ਦੀ ਸੇਵਾ ਅਤੇ ਪੁਸਤਕਾਂ ਦੀ ਲਗਾਤਾਰ ਸੇਵਾ ਬੀਬੀ ਗੁਰਬਖਸ਼ ਕੌਰ, ਭਾਈ ਜਗਤਾਰ ਸਿੰਘ ਜੱਗੀ, ਭਾਈ ਅਰਵਿੰਦਰ ਸਿੰਘ ਤੱਖਰ ਮਹਾਂਪੁਰਖਾਂ ਦੇ ਸਮੇਂ ਤੋਂ ਉਨ੍ਹਾਂ ਦੀ ਹਾਜਰੀ ਨੂੰ ਹਾਜਰ ਨਾਜਰ ਜਾਣਦੇ ਹੋਏ ਨਿਭਾਉਂਦੇ ਚਲੇ ਆ ਰਹੇ ਹਨ।

ਕਨੇਡਾ ਵਿੱਚ ਭਾਈ ਸਰਮੁਖ ਸਿੰਘ ਜੀ, ਭਾਈ ਜਸਬੀਰ ਸਿੰਘ ਰਾਣੂੰ, ਭਾਈ ਪਰਮਜੀਤ ਸਿੰਘ, ਗੁਰਮੇਜ ਸਿੰਘ ਬੈਂਸ ਮਹਾਂਪੁਰਖਾਂ ਦੇ ਪਿਆਰੇ ਲਗਾਤਾਰ ਆਤਮ ਮਾਰਗ ਦੀ ਸੇਵਾ ਵਿੱਚ ਤੱਤਪਰ ਰਹਿੰਦੇ ਹਨ ਅਤੇ ਰਤਵਾੜਾ ਸਾਹਿਬ ਵਿਖੇ ਮਹਾਂਪੁਰਖਾਂ ਦੇ ਬਰਸੀ ਸਮਾਗਮ ਤੇ ਪਹੁੰਚ ਕੇ ਸੇਵਾ ਨਿਭਾਉਂਦੇ ਹਨ।

ਆਪ ਜੀ ਦੱਸਿਆ ਕਰਦੇ ਸਨ ਕਿ ਸੰਤ ਕਿਤੇ ਜਾਂਦੇ ਨਹੀਂ ਹੁੰਦੇ ਜਿਵੇਂ ਗੁਰਬਾਣੀ ਦਾ ਫੁਰਮਾਨ ਹੈ –

***ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥ ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥***

***ਅੰਗ – 529***

ਆਤਮ ਮਾਰਗ ਵਿੱਚ ਜੋ ਲੇਖ ਛਪਦੇ ਹਨ ਉਹ ਮਹਾਂਪੁਰਖਾਂ ਦੀ ਅਣਥੱਕ ਕਈ ਜਨਮਾਂ ਦੀ ਘਾਲਣਾ ਦਾ ਤਜਰਬਾ ਹੈ। ਜੋ ਉਨ੍ਹਾਂ ਵੱਲੋਂ ਦਰਸਾਏ ਗਏ ਰਾਹ ਤੇ ਚੱਲ ਰਹੇ ਨੇ ਉਨ੍ਹਾਂ ਲਈ ਹਰ ਬਾਰ ਨਵਾਂ ਹੁੰਦਾ ਹੈ। ਆਪ ਜੀ ਦੱਸਿਆ ਕਰਦੇ ਕਿ ਕਿ ਸਾਡੇ ਸਰੀਰ ਦਾ ਇੱਕ ਜਨਮ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਹੋਇਆ ਉਥੇ ਰਹਿ ਕੇ ਅਸੀਂ ਪੂਰਾ ਜਨਮ ਤਪੱਸਿਆ ਕਰਦਿਆਂ ਲੰਘਾਇਆ। ਸਾਡਾ ਧੂਣਾ ਲੱਗਿਆ ਹੁੰਦਾ ਸਾਢੇ 6 ਫੁੱਟ ਲੰਮਾਂ ਸਰੀਰ ਜਟਾ-ਜੂਟ ਦਿਗੰਬਰ ਅਵਸਥਾ ਵਿੱਚ ਅਸੀਂ ਵਿਚਰਦੇ ਉਸ ਤੋਂ ਬਾਅਦ। ਸਾਡੇ ਸਰੀਰ ਦਾ ਜਨਮ ਧਮੋਟ ਨਗਰ ਵਿੱਚ ਹੋਇਆ ਉਸ ਵੇਲੇ ਸਰੀਰ ਦਾ ਨਾਮ ਹਰਨਾਮ ਸਿੰਘ ਸੀ ਅਤੇ ਅਸੀਂ 10 ਸਾਲ ਦੇ ਹੋ ਕੇ ਚੜ੍ਹਾਈ ਕਰ ਗਏ ਸੀ, ਫਿਰ ਉਸੇ ਹੀ ਘਰ ਵਿੱਚ ਪੈਦਾ ਹੋਏ।



ਸਤਿਸੰਗ ਪ੍ਰੇਮੀ ਮਿਲਾਪ ਦ੍ਰਿਸ਼ ਸੇਨਹੋਜੇ ਕੈਲੇਫੋਰਨੀਆਂ ਅਮਰੀਕਾ

ਕਹਿਣ ਦਾ ਭਾਵ ਮਹਾਂਪੁਰਖਾਂ ਦੀ ਆਤਮ ਮਾਰਗ ਲਿਖਤ ਦੇ ਜੋ ਬਚਨ ਹਰ ਮਹੀਨੇ ਮੈਗਜ਼ੀਨ ਵਿੱਚ ਛਪ ਰਹੇ ਹਨ। ਇਹ ਕੋਈ ਅਟਕਲ ਪੱਚੂ ਬਾਤਾਂ ਨਹੀਂ। ਇਹ ਖਜਾਨਾਂ ਫਿਰ ਹੱਥ ਨਹੀਂ ਆਉਣ ਵਾਲਾ। ਜਿਹੜਾ ਇੱਕ ਵਾਰ ਲੇਖ ਮੈਗਜ਼ੀਨ ਵਿੱਚ ਛਪ ਜਾਂਦਾ ਹੈ ਫੇਰ

ਚਲਦਾ....

# ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

*ਧਾਰਨਾ - ਏਕੋ ਕਹੀਐ ਨਾਨਕਾ,*
*ਏਕੋ ਕਹੀਐ ਨਾਨਕਾ।*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ।*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ।*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ।*
*ਅਕਾਲ ਉਸਤਤਿ*

*ਧਾਰਨਾ - ਤੂੰ ਹੀ-ਤੂੰ ਹੀ ਮੋਹਿਨਾ।*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਉਨ੍ਹਾਂ ਦੇ ਉਪਦੇਸ਼ਾਂ ਬਾਰੇ, ਉਨ੍ਹਾਂ ਦੀਆਂ ਕਰਨੀਆਂ ਕਮਾਈਆਂ ਬਾਰੇ ਪ੍ਰੇਰਨਾ ਲੈ ਕੇ ਪ੍ਰਕਾਸ਼ ਲੈ ਕੇ ਦ੍ਰਿੜਤਾ ਦੇ ਘਰ ਵਿਚ ਆਉਣ ਲਈ ਆਪਣੇ ਜੀਵਨ ਨੂੰ ਏਸ ਭਵਸਾਗਰ ਤੋਂ ਦੂਸਰੇ ਕਿਨਾਰੇ ਜਿਥੇ ਨਾ ਮੌਤ ਹੈ, ਜਿਥੇ ਨਾ ਦੁੱਖ ਹੈ, ਨਾ ਜਿਥੇ ਆਉਣਾ ਜਾਣਾ ਹੈ, ਉਥੇ ਪਹੁੰਚਾਉਣ ਦਾ ਰਸਤਾ ਸੁਣਨ ਤੇ ਜਾਣਨ ਲਈ ਆਪ ਏਸ ਥਾਂ ਦੇ ਉਤੇ ਇਕੱਤਰ ਹੋਏ ਓਂ।ਸੋ ਆਪਾਂ ਨੂੰ ਬਹੁਤ ਕੁਛ ਦੱਸਿਆ ਗਿਆ ਹੈ, ਸਮਝਾਇਆ ਗਿਆ ਹੈ, ਕਿਸੇ ਨੇ ਕਿਸੇ ਕੋਨੇ 'ਤੇ ਖੜ੍ਹੇ ਹੋ ਕੇ ਗੱਲ ਕਰੀ ਹੈ, ਕਿਸੇ ਨੇ ਕਿਸੇ ਪਾਸਿਓਂ ਖੜ੍ਹੇ ਹੋ ਕੇ ਕਰੀ ਹੈ, ਕਿਉਂਕਿ ਜੋ ਵਿਸ਼ਾਲਤਾ ਹੁੰਦੀ ਹੈ, ਉਹਨੂੰ ਸੀਮਤ ਨਹੀਂ ਕੀਤਾ ਜਾ ਸਕਦਾ ਇਕ ਪਾਸਿਓਂ ਨਹੀਂ ਦੱਸਿਆ ਜਾ ਸਕਦਾ, ਉਹਦੇ ਬੇਅੰਤ ਪਹਿਲੂ ਹੋਇਆ ਕਰਦੇ ਨੇ ਤੇ ਮਹਾਂਪੁਰਸ਼ਾਂ ਦੇ ਜੀਵਨ ਦੇ ਤਾਂ ਐਨੇ ਪਹਿਲੂ ਨੇ ਕਿ ਇਥੇ ਮੇਰੇ ਤੋਂ ਪਹਿਲਾਂ ਇਕ ਮਹਾਂਪੁਰਸ਼ ਨੇ ਸ਼ਬਦ ਪੜ੍ਹੇ ਸੀ - *'ਸਾਧ ਕੀ ਮਹਿਮਾ ਬੇਦ ਨ ਜਾਨਹਿ॥* ਨਹੀਂ ਪਤਾ ਲਗਦਾ, ਬਾਹਰਲੀ ਕ੍ਰਿਆ ਦਾ ਨਹੀਂ ਪਤਾ ਲਗਦਾ, ਅੰਦਰਲੀ ਕ੍ਰਿਆ ਨੂੰ ਉਨ੍ਹਾਂ ਦੀ ਅਸੀਂ ਕਿਵੇਂ ਜਾਣ ਸਕਦੇ ਹਾਂ, ਸੋ ਉਹਦੇ ਵਾਸਤੇ ਆਪ ਸਾਰੇ ਇਕਾਗਰ ਚਿਤ ਹੋ ਕੇ ਸੁਣਨ ਵਾਸਤੇ ਬੈਠੇ ਓਂ। ਸੋ ਕੱਲ ਮੈਂ ਬੇਨਤੀ ਕੀਤੀ ਸੀ, ਤੇ ਮਹਾਂਪੁਰਸ਼ਾਂ ਦੇ ਸਮੁੱਚੇ ਜੀਵਨ ਬਾਰੇ ਤਾਂ ਕਿਹਾ ਹੀ ਨਹੀਂ ਜਾ ਸਕਦਾ। ਸਾਰੀ ਸੰਪਰਦਾ ਦੇ ਮਹਾਂਪੁਰਸ਼ਾਂ ਬਾਰੇ ਕਹਿਣਾ ਇਸ ਤਰ੍ਹਾਂ ਹੀ ਹੈ ਜਿਵੇਂ ਇਕ-ਇਕ ਝਾਕੀ ਉਨ੍ਹਾਂ ਦੇ ਜੀਵਨ ਦੀ ਦਿਖਾ ਦਿਤੀ ਜਾਵੇ। ਇਸ ਤੋਂ ਜ਼ਿਆਦਾ ਕਿਹਾ ਨਹੀਂ ਜਾ ਸਕਦਾ।

ਸੋ ਬਾਬਾ ਸਾਹਿਬ ਸਿੰਘ ਜੀ ਬੇਦੀ, ਬਹੁਤ ਉਚ ਕੋਟੀ ਦੇ ਮਹਾਂਪੁਰਸ਼ ਸਰਬ ਕਲਾ ਸਮਰੱਥ ਤ੍ਰਿਕਾਲਦਰਸ਼ੀ, ਭੂਤ, ਭਵਿੱਖਤ, ਵਰਤਮਾਨ; ਸਭ ਦੇ ਮਾਲਕ। ਇਸ ਤਰ੍ਹਾਂ ਦੇ ਨਾਲ ਏਸ ਲੜੀ ਦੇ ਵਿਚ ਚਮਕ ਰਹੇ ਨੇ, ਜਿਸ ਤਰ੍ਹਾਂ ਸੂਰਜ ਚਮਕ ਰਿਹਾ ਹੈ, ਆਪ ਦੇ ਜਨਮ ਤੋਂ ਕੁਛ ਦੇਰ ਪਹਿਲਾਂ ਗੁਰੂ ਦਸ਼ਮੇਸ਼ ਪਿਤਾ ਦੇ ਵੇਲੇ ਗੁਰੂ ਨਾਨਕ ਪਾਤਸ਼ਾਹ ਦੀ ਬਿੰਦੀ ਓਲਾਦ ਦੇ ਵਿਚੋਂ ਬਾਬਾ ਕਲਾਧਾਰੀ ਨੌਵੇਂ ਥਾਂ ਸੀਗੇ। ਕੁਦਰਤੀ ਤੌਰ ਤੇ ਗੁਰੂ ਨਾਨਕ ਪਾਤਸ਼ਾਹ ਦੀ ਓਲਾਦ ਦਾ ਸਤਿਕਾਰ ਗੁਰੂ ਮਹਾਰਾਜ, ਸਾਰੇ ਮਹਾਤਮਾ ਜਿੰਨੇ ਵੀ ਗੁਰੂ ਮਹਾਰਾਜ ਹੋਏ, ਸਾਰੇ ਹੀ ਕਰਦੇ ਆਏ। ਭਾਵੇਂ ਇਧਰ ਵੀ ਗੁਰੂ ਨਾਨਕ ਪਾਤਸ਼ਾਹ ਹੀ ਸੀ, ਫੇਰ ਵੀ ਜਗਤ ਮਰਿਆਦਾ ਨੂੰ ਕਾਇਮ ਰੱਖਣ ਵਾਸਤੇ ਜਦੋਂ ਮਾਤਾ ਸੁਲੱਖਣੀ ਜੀ ਨੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਲ ਖੜ੍ਹੇ ਹੋ ਕੇ ਬੇਨਤੀ ਕੀਤੀ, ਹੰਝੂਆਂ ਨਾਲ ਭਰ ਕੇ ਅੱਖਾਂ, ਕਹਿਣ ਲੱਗੇ ਤੁਸੀਂ ਤਾਂ ਚਲੇ ਗਏ ਤੇ ਸਭ ਕੁਛ ਭਾਈ ਲਹਿਣੇ ਦੇ ਹਵਾਲੇ ਕਰ ਦਿਤਾ, ਮੇਰੇ ਬੱਚਿਆਂ ਦਾ ਕੀ ਹਾਲ ਹੋਏਗਾ? ਇਨ੍ਹਾਂ ਨੂੰ ਤਾਂ ਕਿਸੇ ਨੇ ਪੁੱਛਣਾ ਹੀ ਨਹੀਂ ਹੈ। ਮਹਾਰਾਜ ਕਹਿੰਦੇ, ਬੱਚਿਆਂ ਦੀ ਗੱਲ ਕਰਦੇ ਓਂ? ਬੱਚੇ ਤਾਂ ਇਕ ਪਾਸੇ ਰਹੇ ਏਸ ਘਰ ਦੇ ਕੁੱਤਿਆਂ ਨੂੰ ਵੀ ਲੋਕ ਮੱਥੇ ਟੇਕਿਆ ਕਰਨਗੇ। ਕੁੱਤਿਆਂ ਦੇ ਵਿਚ ਵੀ ਕਰਾਮਾਤ ਹੋਇਆ ਕਰੇਗੀ, ਸ਼ਕਤੀ ਹੋਇਆ ਕਰੇਗੀ। ਉਸੇ ਤਰ੍ਹਾਂ ਦੇ ਨਾਲ ਬਿੰਦੀ ਵੰਸ ਅੱਜ ਨੌਵੇਂ ਥਾਂ ਦਾਖਲ ਹੋ ਕੇ ਬਾਬਾ ਕਲਾਧਾਰੀ ਦੇ ਰੂਪ ਵਿਚ ਗੁਰੂ ਦਸ਼ਮੇਸ਼ ਪਿਤਾ ਦੇ ਵੇਲੇ, ਮਹਾਰਾਜ ਬਹੁਤ ਪਿਆਰ ਕਰਦੇ ਸੀ ਗੁਰੂ ਦਸਵੇਂ ਪਾਤਸ਼ਾਹ, ਤੇ ਸਲੋਹਗੜ੍ਹ ਇਕ ਪਿੰਡ ਹੈ ਊਨਾ ਸਾਹਿਬ ਤੇ ਅਨੰਦਪੁਰ ਸਾਹਿਬ ਦੇ ਦਰਮਿਆਨ। ਉਥੇ ਹਰ ਰੋਜ਼ ਹੀ ਤਕਰੀਬਨ ਆਪ ਜੀ ਏਧਰ ਨੂੰ ਆ ਜਾਂਦੇ, ਉਹ ਓਧਰ ਨੂੰ ਚਲੇ ਜਾਂਦੇ, ਸੈਰ ਸਪਾਟੇ ਕਰਦੇ, ਓਥੇ ਮੇਲ ਹੋਣਾ, ਪਰਸਪਰ ਕੁਛ ਵਿਚਾਰ ਹੋਣੀ, ਬੜੇ ਪਿਆਰ ਦੇ ਨਾਲ ਉਨ੍ਹਾਂ ਨੇ ਓਧਰ ਨੂੰ ਵਿਦਾ ਹੋ ਜਾਣਾ। ਇਨ੍ਹਾਂ ਨੇ ਇਧਰ ਨੂੰ ਹੋ ਜਾਣਾ, ਦੂਸਰੀ

ਮਰਿਆਦਾ ਗੁਰੂ ਘਰ ਵਿਚ ਇਹ ਸੀ ਕਿ ਜਦੋਂ ਸਾਹਿਬਜ਼ਾਦੇ ਆ ਜਾਂਦੇ ਸੀ ਓਸ ਵੇਲੇ ਬੜਾ ਸਤਿਕਾਰ ਕੀਤਾ ਜਾਂਦਾ ਸੀ। ਬਾਬਾ ਸ੍ਰੀ ਚੰਦ ਜੀ ਜਦੋਂ ਚੌਥੇ ਪਾਤਸ਼ਾਹ ਦੇ ਪਾਸ ਆਉਂਦੇ ਨੇ, ਸਹਿਜ-ਸੁਭਾਅ ਪੁੱਛ ਬੈਠੇ ਕਿ ਆਪ ਦਾ ਦਾੜ੍ਹਾ ਬੜਾ ਲੰਮਾ ਹੈ, ਓਸੇ ਵੇਲੇ ਜਵਾਬ ਨਹੀਂ ਦਿਤਾ ਆਪ ਨੇ, ਬੋਲੇ ਨਹੀਂ ਹਨ ਮੂੰਹ ਤੋਂ, ਐਕਸ਼ਨ ਵਿਚ ਆ ਗਏ, ਦਾੜ੍ਹੇ ਦੇ ਨਾਲ ਚਰਨ ਸਾਫ ਕਰਨ ਲਗ ਗਏ, ਕਹਿੰਦੇ ਇਹ ਕੀ ਗੱਲ? ਕਹਿੰਦੇ ਪਾਤਸ਼ਾਹ! ਆਪ ਦੇ ਚਰਨ ਸਾਫ ਕਰਨ ਵਾਸਤੇ ਹੈ। ਕਹਿੰਦੇ, ਆਹ ਨਿਮਰਤਾ ਨੇ ਗੁਰੂ ਨਾਨਕ ਦੀ ਜੋਤ ਖਿੱਚ ਲਈ। ਸਾਡੇ ਵਿਚ ਇਹ ਨਿਮਰਤਾ ਨਹੀਂ ਸੀ, ਅਸੀਂ ਬਿੰਦੀ ਓਲਾਦ ਹੋਣ ਕਰਕੇ ਕੁਛ ਥੋੜ੍ਹਾ ਜਿਹਾ ਜ਼ਿਆਦਾ ਹੱਕ ਰੱਖਦੇ ਸੀ, ਪਰ ਇਹ ਨਿਵਾਣ ਨੂੰ ਚੀਜ਼ ਆਉਂਦੀ ਹੈ, ਸੋ ਇਸੇ ਤਰ੍ਹਾਂ ਦੇ ਨਾਲ ਮਰਿਆਦਾ ਚਲੀ ਆਈ, ਜਿਸ ਵਕਤ ਗੁਰੂ ਛੇਵੇਂ ਪਾਤਸ਼ਾਹ ਜੀ ਦੇ ਪਾਸ ਬਾਬਾ ਸ੍ਰੀ ਚੰਦ ਆਏ, ਤਾਂ ਓਸ ਵੇਲੇ ਆਪ ਨੇ ਕਿਹਾ ਗੁਰੂ ਮਹਾਰਾਜ ਨੂੰ ਕਿ ਵੱਡਾ ਪੁੱਤਰ ਜੋ ਆਪ ਦਾ ਟਿੱਕਾ ਹੈ ਇਹ ਸਾਡੇ ਹਵਾਲੇ ਕਰ ਦਿਓ, ਇਕ ਪੁੱਤਰ ਸਾਨੂੰ ਦੇ ਦਿਓ। ਓਸ ਵੇਲੇ ਮਹਾਰਾਜ ਜੀ ਨੇ ਦੇ ਦਿਤਾ। ਚਾਰ ਧੂਣੇ ਉਦਾਸੀਆਂ ਦੇ ਪ੍ਰਚਾਰ ਵਾਸਤੇ ਨਾਨਕਮਤੇ, ਬੰਗਾਲ ਤਕ, ਹੇਠਾਂ ਤਕ ਉੜੀਸਾ ਤਕ ਕਾਇਮ ਕੀਤੇ ਤੇ ਜਦੋਂ ਵੀ ਬੇਦੀ ਸਾਹਿਬਜ਼ਾਦੇ ਗੁਰੂ ਦਰਬਾਰ 'ਚ ਆਉਂਦੇ ਓਸ ਵੇਲੇ ਮਰਿਯਾਦਾ ਇਹ ਰੱਖੀ ਗਈ ਸੀ ਕਿ ਪੰਜ ਸੌ ਰੁਪਿਆ ਤੇ ਇਕ ਦੁਸ਼ਾਲਾ ਤੇ ਇਕ ਖਿਲਤ, ਉਨ੍ਹਾਂ ਦੇ ਸਤਿਕਾਰ ਵਜੋਂ ਸਿਰੋਪਾਓ ਦਿਤਾ ਜਾਂਦਾ ਸੀ। ਅੱਜ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ ਵਿਚ ਇਕ ਪਾਖੰਡੀ ਜਿਸ ਦੀ ਜਾਤ ਸੋਨੇ ਦਾ ਕੰਮ ਕਰਨ ਵਾਲੀ ਸੀ, ਬੇਦੀਆਂ ਦਾ ਰੂਪ ਧਾਰ ਕੇ ਉਨ੍ਹਾਂ ਦੇ ਦਰਬਾਰ ਵਿਚ ਆਉਂਦੇ ਨੇ, ਮਹਾਰਾਜ ਨੇ ਦੇਖ ਲਿਆ ਕਿ ਰੂਪ ਧਾਰਿਆ ਹੋਇਆ ਹੈ, ਪਾਖੰਡੀ ਹੈ ਪਰ ਭੇਖ ਦਾ ਆਦਰ ਕਰਨ ਵਾਸਤੇ ਆਪ ਓਸੇ ਤਰ੍ਹਾਂ ਦੇ ਨਾਲ ਸਤਿਕਾਰ ਕੀਤਾ। ਜਦੋਂ ਆਪ ਸਿਰੋਪਾਓ ਦੇ ਰਹੇ ਸੀ ਉਹਦੇ ਮਨ ਵਿਚ ਇਹ ਗੱਲ ਚੱਲ ਰਹੀ ਸੀ ਕਿ ਐਵੇਂ ਦੁਨੀਆਂ ਤਾਂ ਲਕੀਰ ਦੀ ਫਕੀਰ ਹੈ, ਇਹ ਮੰਨਦੇ ਤੁਰੇ ਆਉਂਦੇ ਨੇ, ਪਰ ਅਸਲ ਤਾਂ ਗੱਲ ਕੋਈ ਨਹੀਂ, ਮੇਰਾ ਨਹੀਂ ਇਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਇਨ੍ਹਾਂ ਨੂੰ ਧੋਖਾ ਦੇ ਰਿਹਾ ਹਾਂ? ਮਹਾਰਾਜ ਜੀ ਦੇਖ ਕੇ ਮੁਸਕਰਾਏ, ਚੁੱਪ ਕਰ ਰਹੇ, ਕੋਈ ਗੱਲ ਨਹੀਂ ਕਰੀ, ਓਸ ਤੋਂ ਬਾਅਦ ਇਹ ਚਲਿਆ ਜਾਂਦਾ ਹੈ, ਜਦੋਂ ਸਤਿਲੁਜ ਪਾਰ ਕਰਕੇ ਲੰਘਣ ਲਗਦਾ ਹੈ, ਓਸ ਵੇਲੇ ਕਹਿਣ ਲੱਗਿਆ ਇਹ ਗੱਦੀ ਜਿਹੜੀ ਹੈ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਇਕ ਧੋਖੇ ਦੀ ਦੁਕਾਨ ਹੈ ਜ਼ਬਰਦਸਤ, ਲੋਕਾਂ ਨੂੰ ਲੁੱਟ ਰਹੇ ਨੇ, ਓਸ ਵੇਲੇ ਗੁਰੂ ਮਹਾਰਾਜ ਨੇ ਸਿੰਘਾਂ ਨੂੰ ਬੁਲਾਇਆ, ਕਹਿਣ ਲੱਗੇ ਇਹ ਜਿਹੜਾ ਲੈ ਕੇ ਗਿਆ ਹੈ ਸਾਡੇ ਤੋਂ ਸਿਰੋਪਾ, ਜਾਓ ਉਹਦੀਆਂ ਮੁਸ਼ਕਾਂ ਬੰਨ੍ਹ ਕੇ ਲੈ ਆਓ ਉਹਨੂੰ। ਇਕ ਗੱਲ ਰੱਖਿਓ ਕਿ ਜੋ ਬੇਦੀਆਂ ਦਾ ਭੇਖ ਓਸਨੇ ਕਰਿਆ ਹੋਇਆ ਹੈ, ਉਹਦਾ ਭੇਖ ਪਹਿਲਾਂ ਲਾ ਲਿਓ। ਭੇਖ ਦਾ ਨਿਰਾਦਰ ਨਹੀਂ ਅਸੀਂ ਕਰਨਾ, ਸਾਰੇ ਹੀ ਭੇਖ ਸਾਨੂੰ ਪ੍ਰਵਾਨ ਨੇ ਜਿੰਨੇ ਵੀ ਨੇ, ਸਭ ਦਾ ਆਦਰ ਹੈ ਸਾਨੂੰ। ਸੋ ਓਸ ਵੇਲੇ ਸਿੰਘਾਂ ਨੇ ਜਾ ਕੇ ਪਹਿਲਾਂ ਵਸਤਰ ਉਤਾਰ ਲਏ ਸਾਰੇ; ਓਸ ਤੋਂ ਬਾਅਦ ਫੇਰ ਉਹਦੀਆਂ ਮੁਸ਼ਕਾਂ ਦੇ ਕੇ ਗੁਰੂ ਮਹਾਰਾਜ ਕੋਲ ਲਿਆਂਦਾ, ਕੁਛ ਥੋੜ੍ਹਾ ਬਹੁਤਾ ਸਜ਼ਾ ਵੀ ਦਿਤੀ ਤੇ ਓਸ ਵੇਲੇ ਮਹਾਰਾਜ ਕਹਿਣ ਲੱਗੇ, ਕਿਉਂ ਬਈ ਪ੍ਰੇਮੀਆਂ! ਮੈਂ ਤਾਂ ਆਪਣੀ ਗੱਲ ਬਾਰੇ ਕੁਛ ਨਹੀਂ ਕਿਹਾ। ਕਿਉਂਕਿ ਸਾਡੀ ਤਾਲੀਮ ਹੀ ਇਹ ਹੈ ਕਿ -

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ ॥ ਅੰਗ - ੧੩੬੪***
***ਹਮ ਨਹੀ ਚੰਗੇ ਬੁਰਾ ਨਹੀ ਕੋਇ ॥***
***ਪ੍ਰਣਵਤਿ ਨਾਨਕੁ ਤਾਰੇ ਸੋਇ ॥ ਅੰਗ - ੭੨੮***

ਤੇਰੀ ਭਾਵਨਾ ਸੀ ਗਲਤ ਦੇਖਦਾ ਸੀ, ਗੁਰੂ ਨਿਰਵੈਰ ਹੁੰਦਾ ਹੈ ਅਫੁਰ ਹੁੰਦਾ ਹੈ, ਪਰ ਗੁਰੂ ਨਾਨਕ ਪਾਤਸ਼ਾਹ ਦੀ ਨਿੰਦਿਆ ਤੂੰ ਕਿਉਂ ਕਰੀ। ਉਸ ਵੇਲੇ ਕੱਢ ਦਿਤਾ। ਗੱਲ ਉਡ ਗਈ ਕਿ ਬੇਦੀ ਸਾਹਿਬਜ਼ਾਦਾ ਕੁੱਟਿਆ, ਬਾਬਾ ਕਲਾਧਾਰੀ ਨੂੰ ਨਰਾਜ਼ਗੀ ਆਈ, ਮਹਾਰਾਜ ਜੀ ਜਾਂਦੇ ਨੇ ਸਲੋਅ ਤਕ ਜਾਂਦੇ ਨੇ, ਕਹਿੰਦੇ ਬਾਬਾ ਜੀ ਆਏ ਨਹੀਂ ਇੰਤਜ਼ਾਰ ਕਰਕੇ ਮੁੜ ਆਉਂਦੇ ਨੇ, ਓਸ ਵੇਲੇ ਸੁਨੇਹਾ ਭੇਜ ਕੇ ਬੁਲਾਏ ਕਹਿਣ ਲੱਗੇ ਕਿ ਤੁਸੀਂ ਨਰਾਜ਼ ਕਿਉਂ ਹੋ ਗਏ, ਕਾਰਨ ਕੀ ਹੈ? ਵੈਸੇ ਤਾਂ ਗੁਰਮੁਖ ਨੂੰ ਨਰਾਜ਼ਗੀ ਨਹੀਂ ਆਇਆ ਕਰਦੀ। ਪਰ ਫੇਰ ਵੀ ਪਾਣੀ ਦੀ ਲੀਕ ਵਾਂਗੂੰ ਗੁਰਮੁਖ ਦਾ protest (ਰੋਸ) ਹੋਇਆ ਕਰਦਾ ਹੈ, ਕਾਰਨ ਦੱਸੋ ਆਪ? ਕਹਿਣ ਲੱਗੇ, ਮਹਾਰਾਜ! ਹੁਣ ਤਾਂ ਬੇਦੀਆਂ ਨੂੰ ਆਪ ਦੇ ਹੁੰਦੇ ਹੀ ਕੁੱਟਣ ਲਗ ਗਏ। ਆਪ ਦਾ ਪੰਥ ਤਾਂ ਪਤਾ ਨਹੀਂ ਕੀ ਕਰੇਗਾ। ਗੁਰੂ ਨਾਨਕ ਨੇ ਤਾਂ ਕਿਹਾ ਸੀ ਕਿ ਇਸ ਘਰ ਦੇ ਕੁੱਤਿਆਂ ਦੀ ਵੀ, ਮਾੜਿਆਂ ਦੀ ਵੀ ਇੱਜ਼ਤ ਹੋਏਗੀ।

ਕਹਿਣ ਲੱਗੇ, ਇਸ ਘਰ ਦੇ ਕੁੱਤਿਆਂ ਦੀ ਵੀ, ਮਾੜਿਆਂ ਦੀ ਵੀ ਇੱਜ਼ਤ ਹੋਏਗੀ। ਕਹਿਣ ਲੱਗੇ ਬਾਬਾ ਜੀ! ਜੋ ਤੁਹਾਡਾ ਭੇਖ ਹੈ ਬੇਦੀਆਂ ਦਾ, ਉਹਦਾ ਅਸੀਂ ਸਤਿਕਾਰ ਕਰਿਆ ਹੈ, ਇਹ ਪਾਖੰਡੀ ਬੰਦਾ ਸੀ, ਇਹਨੇ ਜੋ ਗੱਲਾਂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਵਾਸਤੇ ਕਹੀਆਂ ਉਹ ਸਾਨੂੰ ਸਹਿਣੀਆਂ ਔਖੀਆਂ ਸੀ। ਸੋ ਇਸ ਕਰਕੇ ਅਸੀਂ ਤਾਂ ਇਕ ਭੇਖੀ ਨੂੰ ਦੰਡ ਦਿਤਾ ਹੈ, ਕਹਿੰਦੇ ਚਾਹੇ ਭੇਖੀ ਨੂੰ ਦਿਤਾ ਹੈ, ਪਰ ਦੁਨੀਆਂ 'ਚ ਇਹ ਹੋ ਗਿਆ ਨਾ? ਮਹਾਰਾਜ ਕਹਿੰਦੇ, ਫੇਰ ਖੁਸ਼ ਕਿਵੇਂ ਹੁੰਦੇ ਓਂ, ਤੁਹਾਡੀਆਂ ਖੁਸ਼ੀਆਂ ਕਿਵੇਂ ਹੋਣ? ਕਹਿਣ ਲੱਗੇ, ਮਹਾਰਾਜ! ਜਿੱਡਾ ਆਪ ਦਾ ਪ੍ਰਤਾਪ ਹੈ, ਚਾਹੇ ਆਪ ਆਓ, ਚਾਹੇ ਕਿਸੇ ਹੋਰ ਨੂੰ ਭੇਜੋ ਗੁਰੂ ਨਾਨਕ ਦੇ ਬਿੰਦੀ ਵੰਸ ਦੇ ਵਿਚ ਪੂਰਨ ਪ੍ਰਤਾਪਵਾਨ ਪੁਰਸ਼ ਆਉਣਾ ਚਾਹੀਦਾ ਹੈ। ਬੜੀ ਦੇਰ ਹੋ ਗਈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਬਾਬਾ ਜੀ! ਅਸੀਂ ਤਾਂ ਨਹੀਂ ਆਉਣਾ ਅਸੀਂ ਤਾਂ ਹੁਣੇ ਬੜੀ ਮੁਸ਼ਕਲ ਨਾਲ ਆਏ ਹਾਂ -

***ਚਿਤ ਨ ਭਯੋ ਹਮਰੋ ਆਵਨ ਕਹ।***
***ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।***

ਪਰ ਇਕ ਐਸੀ ਤੇਜਵਾਨ ਰੂਹ ਅਸੀਂ ਤੁਹਾਡੇ ਘਰ ਵਿਚ ਭੇਜਾਂਗੇ, ਜੋ ਜਮਾਂਦਰੂ ਸਿੱਧ ਹੋਣਗੇ, ਤ੍ਰਿਕਾਲਦਰਸ਼ੀ ਹੋਣਗੇ। ਪਰ ਇਕ ਸ਼ਰਤ ਹੈ ਕਿ ਤੁਸੀਂ ਅੰਮ੍ਰਿਤ ਛਕ ਲਓ। ਆਪਣੀ ਓਲਾਦ ਨੂੰ ਅੰਮ੍ਰਿਤ ਛਕਾ ਦਿਓ। ਓਸ ਵੇਲੇ ਕਹਿਣ ਲੱਗੇ ਕਿ ਅਸੀਂ ਆਪਣੇ ਲੜਕੇ ਨੂੰ ਅਜੀਤ ਸਿੰਘ ਜਿਨ੍ਹਾਂ ਦਾ ਨਾਮ ਅੰਮ੍ਰਿਤ ਛਕ ਕੇ ਰੱਖਿਆ ਗਿਆ, ਛਕਾਵਾਂਗੇ। ਕਹਿੰਦੇ ਫੇਰ ਆ ਜਾਏਗੀ, ਕਿਉਂਕਿ

ਉਹ ਮਹਾਂਪਵਿੱਤਰ ਰੂਹ ਜਿਹੜੀ ਆਉਣੀ ਹੈ, ਉਹ ਪੂਰੇ ਤਿਆਰ-ਬਰ-ਤਿਆਰ ਦੇ ਘਰ ਵਿਚ ਆਉਣੀ ਹੈ, ਜਿਹੜਾ ਹਰ ਪਾਸਿਆਂ ਤੋਂ ਪੂਰਨ ਹੋਵੇ, ਕਿਉਂਕਿ ਜੋ ਪੂਰਨ ਰੂਹਾਂ ਹੋਇਆ ਕਰਦੀਆਂ ਨੇ। ਇਹ ਐਵੇਂ ਨਹੀਂ ਆਇਆ ਕਰਦੀਆਂ, ਗੰਦੀਆ ਕੁਖਾਂ 'ਚ, ਜੇ ਗੁਰੂ ਦਸ਼ਮੇਸ਼ ਪਿਤਾ ਪ੍ਰਗਟ ਹੋਏ ਨੇ ਤਾਂ ਆਪ ਨੇ ਇਹ ਫੁਰਮਾਨ ਕੀਤਾ ਹੈ ਕਿ ਮੇਰੇ ਮਾਤਾ ਤੇ ਪਿਤਾ ਨੇ ਬਹੁਤ ਤਪਸਿਆ ਕਰੀ -

*ਤਾਤ ਮਾਤ ਮੁਰ ਅਲਖ ਦੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*

ਫੇਰ ਆ ਕੇ ਅਕਾਲ ਪੁਰਖ ਨੇ ਸਾਰੇ ਸੰਸਾਰ ਨੂੰ ਤੋਲਿਆ, ਨਾਪਿਆ ਕਿ ਕਿਸ ਦੇ ਗ੍ਰਹਿ ਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰੂਹ ਟਿਕ ਸਕਦੀ ਹੈ, ਸੋ ਕਹਿਣ ਲੱਗੇ ਇਸ ਤਰ੍ਹਾਂ ਦੇ ਨਾਲ ਅੰਮ੍ਰਿਤਧਾਰੀ ਹੋਵੋਂਗੇ, ਉਹ ਆ ਜਾਣਗੇ, ਸੋ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਇਨ੍ਹਾਂ ਹਾਲਾਤ ਦੇ ਵਿਚ ਹੋਇਆ।

ਬਚਪਨ ਤੋਂ ਹੀ ਆਪ ਸਿੱਧ ਸੀਗੇ। ਓਸ ਵੇਲੇ ਸਿੱਖ ਰਾਜ ਦੀ ਜੱਦੋ-ਜਹਿਦ ਚਲ ਰਹੀ ਸੀ, ਛੋਟੀਆਂ-ਛੋਟੀਆਂ ਮਿਸਲਾਂ ਆਪਸ ਵਿਚ ਲੜ ਰਹੀਆਂ ਸੀ ਤੇ ਮੰਗ ਕੀਤੀ ਜਾ ਰਹੀ ਸੀ ਕਿ ਕੋਈ ਐਸਾ ਪ੍ਰਵਾਨ ਪੁਰਸ਼ ਸੰਸਾਰ ਦੇ ਵਿਚ ਪ੍ਰਗਟ ਹੋਵੇ ਜਿਹੜਾ ਐਸ ਵੇਲੇ ਸਿੱਖੀ ਦੀ ਵਾਗਡੋਰ ਸੰਭਾਲ ਲਵੇ। ਦੂਸਰਾ ਸਿੱਖੀ ਦੇ ਉਤੇ ਬਹੁਤ ਵਹਿਮ-ਪ੍ਰਸਤੀ ਦਾ ਹੱਲਾ ਹੋਇਆ ਹੋਇਆ ਸੀ, ਜਿਨ੍ਹਾਂ ਗੱਲਾਂ ਵਿਚੋਂ ਗੁਰੂ ਮਹਾਰਾਜ ਨੇ ਕੱਢਿਆ ਸੀ ਸਾਨੂੰ, ਉਹ ਗੱਲਾਂ ਮੁੜ ਕੇ ਫੇਰ ਸਾਡੇ ਵਿਚ ਪ੍ਰਵਿਰਤ ਹੋ ਰਹੀਆ ਸੀ। ਸੋ ਲੋੜ ਸੀ ਕਿ ਕੋਈ ਆਵੇ, ਸਮੇਂ ਦੀ ਲੋੜ ਦੇ ਮੁਤਾਬਿਕ ਵਿਅਕਤੀ ਪ੍ਰਗਟ ਹੋਇਆ ਕਰਦੀ ਹੈ, ਸੋ ਬਾਬਾ ਸਾਹਿਬ ਸਿੰਘ ਜੀ ਆਏ, ਆ ਕੇ ਬਹੁਤ ਸੇਵਾ ਕੀਤੀ, ਬੜੀਆਂ ਹੀ ਉਨ੍ਹਾਂ ਦੀਆਂ ਸਾਖੀਆਂ ਨੇ ਜੋ ਛੋਟੇ ਜਿਹੇ ਸਮੇਂ ਵਿਚ ਦੱਸੀਆ ਨਹੀਂ ਜਾਂਦੀਆਂ, ਪਰ ਇਕ ਮੈਂ ਦਸਦਾ ਹਾਂ ਜਿਹੜੀ ਸਾਡੇ ਨਾਲ ਸਬੰਧ ਰਖਦੀ ਹੈ, ਜਿਸ ਪੱਧਰ ਦੇ ਉਤੇ ਅਸੀਂ ਚਲ ਰਹੇ ਹਾਂ, ਓਸ ਪੱਧਰ 'ਤੇ ਜਿਹੜੀ ਸਾਨੂੰ ਕੋਈ ਸਾਖੀ ਅਸਰ ਦੇ ਸਕਦੀ ਹੈ, ਉਹਦਾ ਮੈਂ ਜ਼ਿਕਰ ਕਰਦਾ ਹਾਂ ਕਿ ਇਕ ਰਾਜੂ ਨਾਮ ਦਾ ਕਿਸਾਨ ਸੀ, ਜਦੋਂ ਉਸ ਨੇ ਸਤਿਸੰਗ ਸੁਣਨਾ, ਮਨ ਵਿਚ ਉਹਦੇ ਖਿਆਲ ਆਉਂਦਾ ਸੀ ਕਿ ਕੋਈ ਐਸਾ ਪੂਰਾ ਮਿਲ ਜਾਵੇ, ਜਿਹੜਾ ਮੇਰੇ ਵਰਗੇ ਨੂੰ ਵੀ ਰਾਹ ਦੱਸ ਦੇਵੇ ਤੇ ਉਹਨੇ ਜਾਣਾ ਨਮਸ਼ਕਾਰ ਕਰਨੀ, ਦਾਨਿਆਂ ਦੇ ਰੂਪ 'ਚ ਭੇਟਾ ਕਰਨੀ। ਲੇਕਿਨ ਰਸਤਾ ਨਹੀਂ ਸੀ ਮਿਲ ਰਿਹਾ ਤੇ ਉਹਦੇ ਕੰਨ ਵਿਚ ਆਵਾਜ਼ ਪਈ ਕਿ ਐਸ ਵੇਲੇ ਰਾਹ ਦਿਖਾਉਣ ਵਾਲਾ ਪ੍ਰਗਟ ਹੋ ਚੁੱਕਿਆ ਹੈ ਤੇ ਬੇਦੀ ਸਾਹਿਬਜ਼ਾਦਾ ਹੈ। ਗੁਰੂ ਨਾਨਕ ਤੋਂ ਗਿਆਰ੍ਹਵੀਂ ਥਾਂ ਹਨ, ਮਨ ਵਿਚ ਚਾਓ ਜਾਗਿਆ, ਦਰਬਾਰ ਵਿਚ ਹਾਜ਼ਰ ਹੋਇਆ, ਬੜੇ ਪਿਆਰ ਤੇ ਸ਼ਰਧਾ ਨਾਲ ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰਨ ਤੋਂ ਬਾਅਦ, ਗਲ ਵਿਚ ਪੱਲਾ ਪਾ ਕੇ ਖੜ੍ਹਾ ਹੋ ਗਿਆ, ਮਹਾਂਪੁਰਸ਼ਾਂ ਨੇ ਪੁਛਿਆ ਕਿ ਪ੍ਰੇਮੀਆ! ਕੀ ਮਨੋਰਥ ਹੈ ਤੇਰਾ, ਪ੍ਰਗਟ ਕਰ, ਸਾਰੀ ਸੰਗਤ ਦੇ ਸਾਮ੍ਹਣੇ ਪ੍ਰਗਟ ਕਰ। ਓਸ ਵੇਲੇ ਏਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ-

*ਧਾਰਨਾ - ਕਾਟਹੁ ਮੇਰਾ ਇਕ ਦੁਖ ਰਾਮਰਾਇ।*

*ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥*
*ਤਿਹ ਮੁਖ ਦੇਖਤ ਲੂਕਟ ਲਾਏ ॥ ੧ ॥*
*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥*
*ਅਗਨਿ ਦਹੈ ਅਰੁ ਗਰਭ ਬਸੇਰਾ ॥ ਅੰਗ - ੩੨੯*

ਬਾਰ-ਬਾਰ ਜਾਲਿਆ ਜਾਂਦਾ ਹੈ, ਸਰੀਰ ਧਾਰਨ ਕਰ ਲਈਦਾ ਹੈ, ਫੇਰ ਮੁੜ ਕੇ ਗਰਭ 'ਚ ਚਲੇ ਜਾਈਦਾ ਹੈ, ਫੇਰ ਰੋਟੀਆ ਵਗੈਰਾ ਖਾ ਕੇ ਤਕੜੇ ਹੋਈਦਾ ਹੈ, ਸਮੇਂ ਦੇ ਨਾਲ ਫੇਰ ਵੱਡੇ ਹੋ ਜਾਈਦਾ ਹੈ, ਫੇਰ ਮਰ ਜਾਈਦਾ ਹੈ, ਫੇਰ ਜਾਲ ਦਿੰਦੇ ਨੇ, ਫੇਰ ਜਾ ਕੇ ਦੂਸਰੇ ਦੇ ਵਿਚ ਪੈਦਾ ਹੋ ਜਾਈਦਾ ਹੈ। ਪਾਤਸ਼ਾਹ! ਮੇਰਾ ਦੁਖ ਕਟਿਆ ਜਾਵੇ, ਕੋਈ ਇਲਾਜ ਦੱਸੋ, ਉਸ ਵੇਲੇ ਬਾਬਾ ਜੀ ਫੁਰਮਾਨ ਲੱਗੇ, ਕਹਿਣ ਲੱਗੇ, ਦੇਖ ਭਾਈ ਰਾਜੂ! ਇਕ ਗੱਲ ਸਮਝ ਲੈ, ਉਹ ਇਹ ਹੈ ਕਿ ਹੈ ਤਾਂ ਇਹ ਪ੍ਰਮੇਸ਼ਰ ਦੀ ਜੋਤ, ਜਿੰਨੇ ਆਪਾਂ ਬੈਠੇ ਹਾਂ ਆਪਣੇ ਨਾਮ ਜਿਹੜੇ ਰੱਖੇ ਗਏ ਨੇ ਸਰੀਰਾਂ ਦੇ ਨਾਮ ਨੇ, ਸਾਡਾ ਕੋਈ ਨਾਮ ਨਹੀਂ ਹੈ, ਨਾ ਕੋਈ ਰੱਖ ਸਕਦਾ ਹੈ, ਨਾ ਕੋਈ ਜਾਣਦਾ ਹੈ, ਇਹ ਕੰਮ ਚਲਾਉਣ ਵਾਸਤੇ ਸਰੀਰ ਦੇ ਨਾਮ ਦੱਸੇ ਗਏ ਨੇ, ਵਾਹਿਗੁਰੂ ਜੀ ਨੇ ਸਾਰਿਆਂ ਨੂੰ ਵੱਖਰੇ-ਵੱਖਰੇ ਪੈਦਾ ਕੀਤਾ ਹੈ, ਇਕ ਦੇ ਨਾਲ ਦੂਸਰਾ ਨਹੀਂ ਰਲਦਾ। ਕਹਿੰਦੇ, ਆਤਮ ਜੋਤ ਹੌਲੀ-ਹੌਲੀ ਨਾਲ ਹੇਠਾਂ ਨੂੰ ਪ੍ਰਕ੍ਰਿਤੀ ਦੇ ਨਾਲ ਮਿਲ ਕੇ ਚਲ ਪਈ -

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ ॥*
*ਬਿਨੁ ਸੰਗਤਿ ਇਉ ਮਾਂਨਈ*
*ਹੋਇ ਗਈ ਭਠ ਛਾਰ ॥ ਅੰਗ - ੧੩੭੫*

ਪ੍ਰਕ੍ਰਿਤੀ ਦੇ ਵਿਚ ਰਲ ਗਈ ਆ ਕੇ ਆਤਮ ਜੋਤ ਤੇ ਆਪਣੇ ਅਸਲੇ ਦੇ ਨਾਲੋਂ ਟੁੱਟ ਗਈ, ਆਪਣੇ ਅਸਲੇ ਦੇ ਨਾਲੋਂ ਟੁੱਟਣ ਦੇ ਨਾਲ ਕੀ ਹੋਇਆ, ਜਿਵੇਂ ਸੁਆਹ ਹੁੰਦੀ ਹੈ ਭੱਠ ਦੇ ਵਿਚ ਐਸ ਤਰ੍ਹਾਂ ਦੇ ਨਾਲ ਇਹ ਆਤਮ ਜੋਤ, ਚੇਤਨ ਜੋਤ ਆਪਣੇ ਆਪ ਨੂੰ ਸਰੀਰ ਸਮਝਣ ਲਗ ਗਈ ਗਲਤੀ ਦੇ ਨਾਲ, ਇਹ ਸਮਝਦੀ ਕਦ ਹੈ, ਜਦ ਇਹਦੇ ਅੰਦਰ ਪਹਿਲੀ ਵਾਰੀ ਇਹ ਅਹਿਸਾਸ ਆਉਂਦਾ ਹੈ, ਜਾਣਕਾਰੀ ਆਉਂਦੀ ਹੈ, ਜਦੋਂ ਚੇਤਨ ਦਾ ਪ੍ਰਕਾਸ਼ ਪੈਂਦਾ ਹੈ, ਪੰਜਾਂ ਤੱਤਾਂ 'ਤੇ; ਓਸ ਵੇਲੇ ਇਹਦੇ ਅੰਦਰ awarenwss (ਜਾਗ੍ਰਤ) ਆਉਂਦੀ ਹੈ, ਇਹ ਮੈਂ ਬਣ ਜਾਂਦਾ ਹੈ, ਜਦ ਇਹ ਮੈਂ ਬਣ ਜਾਂਦਾ ਹੈ, ਆਤਮ ਸਤਾ ਦੇ ਨਾਲ ਅੰਤਸ਼ਕਰਣ ਦੇ ਅੰਦਰ ਇਹਦੇ ਇਕ ਤਰ੍ਹਾਂ ਦਾ ਅਭਾਸ ਹੋ ਜਾਂਦਾ ਹੈ, ਇਕ ਖਿਆਲ ਪੱਕ ਜਾਂਦਾ ਹੈ ਕਿ ਮੈਂ ਫਲਾਣਾ ਸਿੰਘ ਹਾਂ, ਮੈਂ ਵਰਿਆਮ ਸਿੰਘ ਹਾਂ। ਮੇਰਾ ਫਲਾਣਾ ਟੱਬਰ ਹੈ, ਮੇਰੇ ਫਲਾਣੇ ਬੱਚੇ ਨੇ; ਮੇਰਾ ਫਲਾਣਾ ਧਰਮ ਹੈ, ਮੇਰਾ ਫਲਾਣਾ ਘਰ ਹੈ, ਸਰੀਰ ਦੇ ਨਾਲ ਤਾਂ ਇਹ ਚੀਜ਼ਾਂ ਸਬੰਧ ਰੱਖਦੀਆਂ ਨੇ, ਜਿੰਨਾਂ ਚਿਰ ਸਫਰ ਕਰਨਾ ਹੈ ਇਹ ਪ੍ਰਮੇਸ਼ਰ ਨੇ ਦਿਤੀਆਂ ਹੋਈਆਂ ਨੇ, ਲੇਕਿਨ ਚੇਤਨ ਦੇ ਨਾਲ ਕੋਈ ਸਬੰਧ ਨਹੀਂ। ਇਹੋ ਜਿਹੇ ਤਾਂ ਅਸੀਂ ਹਜ਼ਾਰਾਂ ਘਰ ਹੰਢਾ ਚੁੱਕੇ ਹਾਂ, ਕਿੰਨੀ ਵਾਰੀ ਤਖਤਾਂ 'ਤੇ ਬੈਠ ਚੁੱਕੇ ਹਾਂ, ਕਈ ਵਾਰੀ ਹੇਠਾਂ ਵੀ ਤੁਰੇ ਫਿਰਦੇ ਰਹੇ ਹਾਂ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*

*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬*

ਬੜਾ ਸਫਰ ਲੰਮਾ ਹੈ ਕਦੇ ਸੋਚੋ ਬੈਠ ਕੇ, ਬਈ ਐਡਾ ਲੰਮਾ ਸਫਰ ਮੁੱਕਣ 'ਚ ਹੀ ਨਹੀਂ ਆਉਂਦਾ। ਉਹ ਕਹਿਣ ਲੱਗੇ ਕਿ ਇਹ ਗੱਲ ਹੈ ਕੁਛ ਨਹੀਂ, ਸਿਰਫ ਇਕ ਖਿਆਲ ਪੱਕਿਆ ਹੋਇਆ ਹੈ ਜਿਹਨੂੰ ਹਉਮੈਂ ਕਹਿੰਦੇ ਨੇ, ਮੈਂ ਭਾਵ ਕਹਿੰਦੇ ਨੇ, ਮੈਂ ਦਾ ਬੰਨ੍ਹਿਆ ਹੋਇਆ ਇਹ ਜੀਵ ਗੇੜੇ ਖਾਈ ਜਾਂਦਾ ਹੈ -

*ਧਾਰਨਾ - ਜੰਮਦਾ ਤੇ ਮਰਦਾ ਹੈ*
*ਹਉਮੈ ਦਾ ਬੰਨ੍ਹਿਆ ਹੋਇਆ।*

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਅੰਗ - ੪੬੬*

ਇਕ ਗਲਤ ਖਿਆਲ ਨੇ ਏਸ ਜੀਵ ਨੂੰ ਜੋ ਨਿਰੋਲ ਆਤਮਾ ਸੀ ਉਸ ਤੋਂ ਖਿੱਚ ਕੇ ਇਹਨੂੰ ਜੀਵ ਆਤਮਾ ਬਣਾ ਦਿਤਾ, ਉਸ ਤੋਂ ਹੋਰ ਹੇਠਾਂ ਚਲਿਆ, ਪੰਜ ਤੱਤਾਂ ਦਾ ਸਰੀਰ ਬਣ ਗਿਆ, ਮਿੱਟੀ ਬਣ ਗਈ ਅੰਨ੍ਹੀ ਮਿੱਟੀ, ਹੁਣ ਇਸਨੂੰ ਪਤਾ ਨਹੀਂ ਲਗਦਾ ਕਿ ਮੈਂ ਕੌਣ ਹਾਂ, ਕਿੱਥੋਂ ਆਇਆ ਹਾਂ।

ਕਹਿੰਦੇ ਐ ਰਾਜੂ! ਤੂੰ ਬਚਨ ਸੁਣ ਕੇ ਹਿਰਦੇ ਦੇ ਵਿਚ ਧਾਰਨ ਕਰੀਂ, ਫੇਰ ਤੈਨੂੰ ਰਾਹ ਲੱਭ ਜਾਏਗਾ, ਹੌਲੀ-ਹੌਲੀ ਅਸੀਂ ਤੈਨੂੰ ਰਾਹ ਦੀ ਗੱਲ ਸਮਝਾ ਦਿੰਦੇ ਹਾਂ, ਤੂੰ ਰਸਤਾ ਪੁਛਿਆ ਹੈ। ਕਹਿਣ ਲੱਗੇ, ਜਿਹੜਾ ਤੇਰਾ ਆਪਣਾ ਆਪ ਹੈ ਨਾ ਜਿਹਨੂੰ ਤੂੰ ਗਲਤੀ ਦੇ ਨਾਲ ਹੁਣ ਰਾਜੂ ਕਹਿੰਦਾ ਹੈਂ, ਮੈਂ ਕਹਿੰਦਾ ਹੈਂ ਇਹਦਾ ਸਫਰ ਸ਼ੁਰੂ ਹੋਇਆ ਹੈ ਪਹਿਲਾਂ ਇਹਦੇ ਵਿਚ ਅਗਿਆਨ ਦਾ ਕੁੰਡਲ ਪਿਆ, ਅਗਿਆਨ ਦਾ ਚੱਕਰ ਪਿਆ, ਅਗਿਆਨ ਦੇ ਚੱਕਰ ਨੇ ਜਿਵੇਂ ਘੂਕ ਨੀਂਦ ਦੇ ਵਿਚ ਆਦਮੀ ਨੂੰ ਅਨੰਦ ਹੁੰਦਾ ਹੈ, ਐਸ ਤਰ੍ਹਾਂ ਦੇ ਇਕ ਅਨੰਦ ਦੀ ਅਵਸਥਾ ਆਉਣ ਦੇ ਨਾਲ ਆਪਣੇ ਸ੍ਰੋਤ ਦੇ ਨਾਲੋਂ ਤੋੜ ਦਿਤਾ ਤੇ ਇਕ ਪੜਦਾ ਪੈ ਗਿਆ ਜਿਹਨੂੰ ਅਨੰਦ ਦਾ ਪੜਦਾ ਕਹਿੰਦੇ ਨੇ, ਇਹਦੇ ਬਾਅਦ ਜਦੋਂ ਇਹਨੂੰ ਹੋਸ਼ ਆਈ, ਆਪਣੇ ਆਪ ਨੂੰ ਭੁੱਲ ਚੁੱਕਿਆ ਹੈ, ਪ੍ਰਕ੍ਰਿਤੀ ਦੇ ਨਾਲ ਰਲ ਗਿਆ ਤੇ ਇਹਨੇ ਦੂਸਰਾ ਹੋਰ ਹੇਠਾਂ ਦਾ ਡੰਡਾ ਫੜਿਆ ਤੇ ਆਪਣੀ ਬੁੱਧੀ ਦੇ ਵਿਚ ਆ ਕੇ ਸੋਚਣ ਲਗ ਗਿਆ, ਦੇਖਣ ਲਗ ਗਿਆ ਤੇ ਬੁੱਧੀ ਦਾ ਪੜਦਾ ਪੈ ਗਿਆ, ਹੇਠਾਂ ਹੋਰ ਉਤਰਿਆ ਫੇਰ ਫੁਰਨੇ ਕਰਨ ਲਗ ਗਿਆ, ਫੁਰਨਿਆਂ ਦਾ ਪੜਦਾ ਪੈ ਗਿਆ, ਉਸ ਤੋਂ ਬਾਅਦ ਫੇਰ ਪੰਜਾਂ ਤੱਤਾਂ ਦੇ ਵਿਚ ਸ਼ਕਤੀ ਦੇ ਨਾਲ ਹਿਲਜੁਲ ਹੋਈ ਉਹਨੂੰ ਪ੍ਰਾਣਾਂ ਦਾ ਪੜਦਾ ਕਹਿੰਦੇ ਨੇ, ਉਸ ਤੋਂ ਬਾਅਦ ਜਿਹੜਾ ਸਾਢੇ ਤਿੰਨ ਹੱਥ ਦਾ ਸਰੀਰ ਹੈ, ਇਹ ਐਉਂ ਸਮਝ ਲੈ ਕਿ ਓਸ ਜੋਤ ਦੇ ਉਤੇ ਕੜਾਹਾ ਮੂਧਾ ਮਾਰ ਦਿਤਾ, ਹੁਣ ਜੋਤ ਅੰਦਰ ਤਾਂ ਹੈਗੀ, ਬਾਹਰਲੇ ਪਾਸੇ ਕੜਾਹਾ ਮੂਧਾ ਮਾਰਨ ਕਰਕੇ ਹਨ੍ਹੇਰਾ ਘੁੱਪ ਹੋ ਗਿਆ। ਤੂੰ ਤਾਂ ਓਹੀ ਚੀਜ਼ ਹੈਂ ਪਰ ਹੇਠਾਂ ਉਤਰਦਾ-ਉਤਰਦਾ ਤੇਰੇ ਉਤੇ ਵਿਕਾਰ ਪੈ ਗਏ, ਜਿਨ੍ਹਾਂ ਨੂੰ ਪੰਜ ਕੋਸ਼ ਕਹਿੰਦੇ ਨੇ, ਹੁਣ ਇਨ੍ਹਾਂ ਨੂੰ ਇਵੇਂ ਜਿਵੇਂ ਤੂੰ ਵਾਪਸ ਜਾਵੇਂ, ਤਾਂ ਆਪਣੇ ਥਾਂ 'ਤੇ ਪਹੁੰਚ ਸਕਦਾ ਹੈਂ। ਪਹਿਲਾਂ ਜੋ ਪੜਦਾ ਹੈ ਉਹ ਪੜਦਾ ਕਰਮ ਦੇ ਨਾਲ ਟੁੱਟਿਆ ਕਰਦਾ ਹੈ ਜਿਸਨੂੰ ਅੰਨਮਈ ਕੋਸ਼ ਕਹਿੰਦੇ ਨੇ, ਸ਼ੁਭ ਕਰਮ ਕਰਨੇ, ਸੇਵਾ ਕਰਨੀ, ਸੰਗਤ ਵਿਚ ਆਉਣਾ, ਪਾਠ ਕਰਨੇ ਹੋਰ ਅਨੇਕਾਂ ਸ਼ੁਭ ਕੰਮ ਕਰਨੇ, ਦਇਆ ਧਾਰਨੀ, ਖਿਮਾ ਧਾਰਨੀ, ਧੀਰਜਵਾਨ ਹੋਣਾ, ਅਹਿੰਸਾ 'ਚ ਆਉਣਾ, ਬ੍ਰਹਮਚਰੀਆ ਰੱਖਣਾ, ਸਤਿ ਦਾ ਜੀਵਨ ਬਤੀਤ ਕਰਨਾ, ਤ੍ਰਿਸ਼ਨਾ ਰਹਿਤ ਹੋਣਾ, ਇਹ ਸਾਰੇ ਕਰਮਾਂ ਦੇ ਨਾਲ ਪਹਿਲਾ ਪੜਦਾ ਟੁੱਟਿਆ ਕਰਦਾ ਹੈ ਇਹਦੇ ਵਾਸਤੇ ਸਾਧਨ ਇਹ ਹੁੰਦਾ ਹੈ ਕਿ ਰਸਨਾ ਦੇ ਨਾਲ ਨਾਮ ਜਪੇ। ਜਦੋਂ ਰਸਨਾ ਦੇ ਨਾਲ ਨਾਮ ਜਪੇਗਾ ਤਾਂ ਫੇਰ ਇਹ ਸਰੀਰ ਦੇ ਵਿਚੋਂ ਰਾਹ ਕੱਢੇਗਾ, ਪਿਛੇ ਜਾਏਗਾ ਸਰੀਰ ਨੂੰ ਛੱਡ ਕੇ। ਉਸ ਤੋਂ ਬਾਅਦ ਪ੍ਰਾਣਾਂ ਨਾਲ ਵਾਹ ਪੈਂਦਾ ਹੈ ਸਾਡਾ। ਪ੍ਰਾਣਾਂ ਦੇ ਨਾਲ ਜਦ ਨਾਮ ਜਪੇਂਗਾ ਜਦ ਤੂੰ ਧਿਆਨ ਕਰੇਂਗਾ, ਤੈਨੂੰ ਦੱਸਣਗੇ ਮਹਾਂਪੁਰਸ਼, ਅਭਿਆਸ ਕਰੀਂ ਫੇਰ ਦੂਸਰੇ ਪੜਦੇ ਨੂੰ ਲੰਘ ਜਾਏਂਗਾ, ਫੇਰ ਜਦੋਂ ਤੂੰ ਉਪਾਸਨਾ ਦੇ ਮੰਡਲ ਵਿਚ ਜਾਏਂਗਾ, ਤੇਰਾ ਮਨ ਉਪਾਸਨਾ ਦੇ ਵਿਚ ਟਿਕੇਗਾ, ਦੋ ਤਿੰਨ ਤਰ੍ਹਾਂ ਦੀ ਉਪਾਸਨਾ ਹੁੰਦੀ ਹੈ ਇਕ ਬਹਿਰੰਗ ਉਪਾਸ਼ਨਾ ਹੈ, ਇਹ ਤਾਂ ਬਹੁਤਾ ਫਲ ਨਹੀਂ ਦਇਆ ਕਰਦੀ, ਇਕ ਅੰਤਰੰਗ ਉਪਾਸ਼ਨਾ ਹੈ ਕਿ ਅੰਦਰਲੇ ਪਾਸੇ ਹੀ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਅੰਗ - ੮੬੪*

ਗੁਰੂ ਦੀ ਮੂਰਤਿ ਵਿਚ ਧਿਆਨ ਰੱਖਣਾ, ਮਨ ਨੂੰ ਇਕ ਥਾਂ ਦੇ ਉਤੇ ਕੇਂਦਰਤ ਕਰਨਾ, ਬਾਹਰੋਂ ਖਿੱਚ ਲੈਣਾ, ਜਾਂ ਸ਼ਬਦ ਦੀ ਧੁਨ 'ਤੇ ਧਿਆਨ ਟਿਕਾਉਣਾ, ਤੇ ਜਾਂ ਪ੍ਰੀਪੂਰਨ ਜੋਤੀ ਸਮਝ ਕੇ ਉਹਦੇ ਉਤੇ ਧਿਆਨ ਟਿਕਾਉਣਾ; ਕਹਿੰਦੇ ਇਹਦੇ ਨਾਲ ਫੇਰ ਉਪਾਸ਼ਨਾ ਕਾਂਡ ਦੇ ਵਿਚੋਂ ਨਿਕਲ ਕੇ ਤੂੰ ਮਨੋਮਈ ਕੋਸ਼ ਵਿਚੋਂ ਲੰਘ ਜਾਏਂਗਾ, ਬੁੱਧੀ ਦੇ ਕੋਸ਼ 'ਚੋਂ ਤੈਨੂੰ ਆਤਮ ਵਿਚਾਰ ਦੇ ਨਾਲ ਰਸਤਾ ਲੱਭੇਗਾ ਤੇ ਜੋ ਓਸ ਤੋਂ ਅਗਲਾ ਰਹਿ ਗਿਆ, ਜਿਹਨੂੰ ਅਗਿਆਨ ਕਹਿੰਦੇ ਨੇ, ਅਗਿਆਨ ਵਾਲਾ ਤੇਰਾ ਹਉਮੈ ਦੇ ਨਾਲ ਵਾਹ ਪੈਣਾ ਹੈ। ਜਦ ਤਕ ਹਉਮੈ ਨਹੀਂ ਟੁੱਟਦੀ ਓਦੋਂ ਤਕ ਤੂੰ ਜਾ ਨਹੀਂ ਸਕਦਾ। ਸੋ ਰੱਬ ਨਹੀਂ ਮਿਲ ਸਕਦਾ।

ਏਸ ਗੱਲ ਨੂੰ ਇਕ ਮਹਾਤਮਾ ਨੇ, ਸਮਸ਼ਤਬਰੇਜ਼ ਇਕ ਬਹੁਤ ਵੱਡੇ ਉਚ ਕੋਟੀ ਦੇ ਮਹਾਤਮਾ ਹੋਏ ਨੇ, ਉਨ੍ਹਾਂ ਦਾ ਇਕ ਚੇਲਾ ਸੀ ਬੜਾ ਸੁਲਝਿਆ ਹੋਇਆ, ਬਹੁਤ ਪੜ੍ਹਿਆ ਲਿਖਿਆ ਸੀ ਜਿਹਦਾ ਨਾਮ ਸਾਰੇ ਜਾਣਦੇ ਨੇ ਤੇ ਬੜੀਆ ਕਿਤਾਬਾਂ ਵੀ ਉਹਨੇ ਲਿਖੀਆਂ ਨੇ, ਉਹਦਾ ਨਾਉਂ ਮੋਲਾਨਾ ਰੂਮ ਸੀ, ਦਿੱਲੀ ਦੇ ਵਿਚ ਬੱਚਿਆਂ ਨੂੰ ਪੜ੍ਹਾਇਆ ਕਰਦਾ ਸੀ, ਇਹ ਸਮਸ਼ਤਬਰੇਜ਼ ਨੇ ਅਨੁਭਵ ਕੀਤਾ ਕਿ ਇਕ ਰੂਹ ਭਟਕ ਰਹੀ ਹੈ, ਰਸਤਾ ਨਹੀਂ ਉਸਨੂੰ ਲੱਭ ਰਿਹਾ, ਅੰਦਰ ਲੋਚਾ ਹੈ ਉਸਦੇ। (ਮਹਾਂਪੁਰਸ਼ ਆਪ ਹੀ ਚਲੇ ਜਾਇਆ ਕਰਦੇ ਨੇ ਬਹੁਤ ਥਾਂ ਦੱਸਣ ਵਾਸਤੇ, ਕਿਉਂਕਿ ਰੂਹਾਂ ਖੜ੍ਹੀਆਂ ਨੇ, ਭਟਕੀਆਂ ਹੋਈਆਂ ਨੇ, ਅਟਕੀਆਂ ਹੋਈਆਂ ਨੇ, ਅੰਦਰ ਲਗਨ ਹੁੰਦੀ ਹੈ, ਰਾਹ ਦਿਸਦਾ ਨਹੀਂ ਹੁੰਦਾ। ਉਸ ਵੇਲੇ ਉਸਦੇ ਸਕੂਲ ਵਿਚ ਚਲੇ ਗਏ, ਉਥੇ ਬੱਚੇ ਪੜ੍ਹ ਰਹੇ ਸੀ ਤੇ ਮੋਲਾਨਾ ਕਿਸੇ ਕੰਮ ਵਾਸਤੇ ਬਾਹਰ ਗਿਆ ਹੋਇਆ ਸੀ। ਬੱਚਿਆਂ ਨੂੰ ਕਹਿੰਦਾ ਕਿ ਕੀ ਪੜ੍ਹਦੇ ਓਂ ਲਿਆਓ ਕਿਤਾਬਾਂ। ਸਾਰੀਆਂ ਕਿਤਾਬਾਂ ਇਕੱਠੀਆਂ ਕਰ ਲਈਆਂ। ਢੇਰ ਲਗ ਗਿਆ ਕਿਤਾਬਾਂ ਦਾ, ਕੋਲ ਇਕ ਚੁਬੱਚਾ ਸੀ ਵੱਡਾ ਸਾਰਾ, ਸਾਰੀਆਂ ਕਿਤਾਬਾਂ ਚੁੱਕ ਕੇ ਉਹਦੇ ਵਿਚ ਸੁੱਟ ਦਿਤੀਆਂ। ਬੱਚੇ ਹੈਰਾਨ ਹੋ

ਗਏ, ਰੋਣ ਲਗ ਗਏ, ਕਹਿੰਦੇ ਦਰਵੇਸ਼ ਸਾਂਈਂ! ਸਾਡੇ ਨਾਲ ਕੀ ਬਣੂੰ, ਸਾਨੂੰ ਮੋਲਾਨਾ ਜੀ ਮਾਰਨਗੇ। ਉਹ ਕਹਿੰਦਾ ਨਹੀਂ ਮਾਰਦੇ, ਉਹਨੂੰ ਕਹਿ ਦੇਣਾ ਕਿ ਕੱਢ ਲਵੇ ਆ ਕੇ। ਤੁਸੀਂ ਨਾ ਕੱਢਿਓ ਆਪੇ ਕੱਢੇਗਾ। ਕਹਿੰਦੇ ਜੇ ਮਿਲਣਾ ਹੋਵੇ ਤਾਂ ਉਸ ਨੂੰ ਇਹ ਗੱਲ ਦੱਸ ਦੇਣਾ, ਮੁਲਤਾਨ ਵਿਚ ਮੁਹੱਲਾ-ਏ-ਖਾਮੋਸ਼ਾਂ ਦੇ ਵਿਚ ਮੈਂ ਰਹਿੰਦਾ ਹਾਂ। ਉਸ ਵੇਲੇ ਜਿਸ ਵਕਤ ਇਹਦੇ ਕੋਲ ਆਉਂਦੇ ਨੇ, ਮੋਲਾਨਾ ਵਾਪਸ ਆਇਆ, ਤੇ ਬੱਚੇ ਸਾਰੇ ਕਹਿਣ ਲੱਗੇ ਕਿ ਇਥੇ ਇਕ ਦਰਵੇਸ਼ ਆਇਆ ਸੀ, ਸਾਡੀਆਂ ਸਾਰੀਆਂ ਕਿਤਾਬਾਂ ਆਹ ਚੁਬੱਚੇ ਵਿਚ ਸੁੱਟ ਗਿਆ ਤੇ ਨਾਲ ਇਕ ਗੱਲ ਕਹਿ ਗਿਆ ਕਿ ਆਪਣੇ ਮੋਲਾਨੇ ਨੂੰ ਗੱਲ ਕਰਿਓ ਕਿ ਇਹ ਕਿਉਂ ਮੈਂ ਇਹ ਕੰਮ ਕੀਤਾ ਹੈ। ਜੇ ਉਹਨੇ ਇਹ ਸਵਾਲ ਕੱਢ ਲਿਆ ਤਾਂ ਅਗਲੇ ਪਾਸੇ ਮੈਨੂੰ ਮਿਲਣ ਦਾ ਯਤਨ ਕਰੇ। ਸੋ ਉਸ ਵੇਲੇ ਜਦੋਂ ਇਹ ਗੱਲ ਦੱਸੀ ਗਈ ਉਹਨੂੰ। ਉਸ ਵੇਲੇ ਸੋਚਾਂ 'ਚ ਪੈ ਗਿਆ, ਬੜਾ ਉਲਮਾ ਸੀ, ਪੜ੍ਹਿਆ ਲਿਖਿਆ ਪੀ.ਐਚ.ਡੀ ਜਿਹਨੂੰ ਕਹਿੰਦੇ ਨੇ ਅੱਜਕੱਲ੍ਹ। ਆਲਮ ਫਾਜ਼ਲ ਸੀ ਮਾਹਰ ਸੀ ਵਿਦਿਆ ਦਾ, ਹੁਣ ਸੋਚਦਾ ਹੈ ਕਿ ਇਹ ਗੱਲ ਕੀ ਹੋਈ? ਗੱਲ ਸਮਝ ਵਿਚ ਨਹੀਂ ਆ ਰਹੀ, ਅਖੀਰ ਰਮਜ਼ ਸਮਝ ਗਿਆ ਮਹਾਤਮਾ ਦੀ ਕਿ ਗੱਲ ਕੋਈ ਹੋਰ ਹੀ ਹੈ। ਓਸ ਗੱਲ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਵੀ ਸਾਨੂੰ ਐਸ ਤਰ੍ਹਾਂ ਦੱਸਿਆ ਹੈ -

***ਧਾਰਨਾ - ਲੇਖੇ ਤੇਰੇ ਜੀ ਇਕ ਗੱਲ ਹੈ,***
***ਹੋਰ ਹਉਮੈ ਝੱਖਣਾ ਝਾਖ ਪਿਆਰਿਆ।***

***ਪੜਿ ਪੜਿ ਗਡੀ ਲਦੀਅਹਿ***
***ਪੜਿ ਪੜਿ ਭਰੀਅਹਿ ਸਾਥ ॥***
***ਪੜਿ ਪੜਿ ਬੇੜੀ ਪਾਈਐ***
***ਪੜਿ ਪੜਿ ਗਡੀਅਹਿ ਖਾਤ ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ***
***॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥***
***ਨਾਨਕ ਲੇਖੈ ਇਕ ਗਲ***
***ਹੋਰੁ ਹਉਮੈ ਝਖਣਾ ਝਾਖ॥ ਅੰਗ - ੪੬੭***

ਸਮਝ ਗਿਆ ਕਿ ਮੈਨੂੰ ਰਮਜ਼ ਮਾਰੀ ਹੈ ਕਿ ਮੈਂ ਪੜ੍ਹਦਾ ਹੀ ਪੜ੍ਹਦਾ ਹਾਂ, ਕਿਤਾਬਾਂ ਪੜ੍ਹੀ ਜਾਂਦਾ ਹਾਂ -

***ਇਲਮੋਂ ਵਸ ਕਰੀ ਹੁਣ ਯਾਰ***
***ਇਕੋ ਅਲਫ ਤੈਨੂੰ ਦਰਕਾਰ।***

ਇਸ਼ਾਰਾ ਦੇ ਗਏ ਮੈਨੂੰ ਮਾਰਫਤ ਦਾ। ਓਸ ਵੇਲੇ ਕਿਤਾਬਾਂ ਕੱਢਣ ਲੱਗਿਆ, ਹੈਰਾਨ ਹੋ ਗਿਆ ਕਿ ਸਾਰੀਆ ਕਿਤਾਬਾਂ ਉਵੇਂ ਜਿਵੇਂ ਸੁੱਕੀਆਂ ਦੀਆਂ ਸੁੱਕੀਆਂ ਤਲਾਬ ਵਿਚੋਂ ਨਿਕਲ ਆਈਆਂ, ਸ਼ਰਧਾ ਆ ਗਈ ਮਨ ਵਿਚ ਕਿ ਕੋਈ ਪੂਰਾ ਸੀ ਰਮਜ਼ ਮਾਰ ਗਿਆ। ਮੁਲਤਾਨ ਪਹੁੰਚ ਜਾਂਦਾ ਹੈ, ਉਥੇ ਪੁਛਦਾ ਫਿਰਦਾ ਹੈ ਕਿ ਕੋਈ ਸਾਂਈ ਦਰਵੇਸ ਲੋਕ ਮਹੱਲਾ-ਏ-ਖਾਮੋਸ਼ਾਂ ਵਿਚ ਰਹਿੰਦਾ ਹੈ, ਚੁੱਪ ਮੁਹੱਲੇ ਵਿਚ ਰਹਿੰਦਾ ਹੈ, ਦੱਸੋ ਮੈਨੂੰ? ਚੁੱਪ ਮੁਹੱਲਾ ਕਿਸੇ ਕਾਗਜ਼ ਵਿਚ ਨਹੀਂ ਸੀ ਲਿਖਿਆ ਹੋਇਆ, ਨਾ ਕਿਸੇ ਪਟਵਾਰੀ ਕੋਲ ਲਿਖਿਆ ਹੋਇਆ ਸੀ, ਨਾ ਕਿਸੇ ਮਿਊਸਪੈਲਿਟੀ ਕੋਲ ਲਿਖਿਆ ਹੋਇਆ ਸੀ। ਕਹਿੰਦੇ ਇਹ ਤਾਂ ਮੁਹੱਲਾ ਹੀ ਨਹੀਂ ਹੈ, ਉਹ ਕਹਿਣ ਲੱਗਿਆ ਨਹੀਂ ਇਹ ਵੀ ਰਮਜ਼ ਹੋਣੀ ਹੈ। ਸੋਚਣ ਲੱਗ ਗਿਆ ਕਿ ਖਾਮੋਸ਼ੀ ਕਿੱਥੇ ਹੋ ਸਕਦੀ ਹੈ। ਅਖੀਰ ਇਕ ਮਹਾਤਮਾ ਮਿਲ ਗਏ, ਕਹਿਣ ਲੱਗੇ, ਪ੍ਰੇਮੀਆਂ! ਜਿਹਨੇ ਤੈਨੂੰ ਐਡਰੈਸ ਦਿਤਾ ਹੈ ਉਹਨੇ ਤੈਨੂੰ ਰਮਜ਼ ਨਾਲ ਦਿਤਾ ਹੈ। ਕਿਉਂਕਿ ਮਹਾਤਮਾ ਰਮਜ਼ ਮਾਰਦੇ ਨੇ, ਅਧਿਕਾਰੀ ਹੋਵੇ ਤਾਂ ਗੱਲ ਸਮਝ ਜਾਂਦਾ ਹੈ, ਨਾ ਅਧਿਕਾਰੀ ਹੋਵੇ ਤਾਂ ਫਿਰਦਾ ਰਹਿੰਦਾ ਹੈ। ਕਹਿੰਦਾ, ਮਹਾਰਾਜ ਦੱਸੋ? ਕਹਿੰਦੇ, ਖਾਮੋਸ਼ੀ ਕਬਰਸਤਾਨ 'ਚ ਹੋਇਆ ਕਰਦੀ ਹੈ, ਹੋਰ ਹਰ ਥਾਂ ਦੇ ਉਤੇ ਬੋਲ ਹੈ, ਉਥੇ ਸਾਰੀਆਂ ਕਬਰਾਂ ਦੇ ਵਿਚ ਖਾਮੋਸ਼ੀ ਹੀ ਖਾਮੋਸ਼ੀ ਹੈ। ਉਥੇ ਚਲਿਆ ਜਾਂਦਾ ਹੈ, ਅੱਗੇ ਦੇਖਦਾ ਹੈ ਕਿ ਇਕ ਮਹਾਤਮਾ ਜਲਾਲ ਵਾਲੇ ਬੈਠੇ ਨੇ, ਜਾ ਕੇ ਸਿੱਜਦਾ ਕਰਦਾ ਹੈ, ਚਰਨ ਚੁੰਮਦਾ ਹੈ।

ਕਹਿਣ ਲੱਗਿਆ, "ਮਹਾਰਾਜ! ਕ੍ਰਿਪਾ ਕਰੋ ਮੇਰੇ 'ਤੇ।"

ਕਹਿਣ ਲੱਗੇ, "ਕੀ ਚਾਹੁੰਦਾ ਹੈ?"

ਕਹਿਣ ਲੱਗਿਆ, "ਮੈਂ ਖੁਦਾ ਨੂੰ ਮਿਲਣਾ ਚਾਹੁੰਦਾ ਹਾਂ।"

ਕਹਿੰਦੇ, "ਖੁਦਾ ਨੂੰ ਮਿਲਣਾ ਹੈਂ, ਮਿਲਣਾ ਚਾਹੁੰਦਾ ਹੈਂ ਸੱਚਮੁੱਚ?

ਕਹਿੰਦੇ, "ਖਜੂਰ 'ਤੇ ਚੜ੍ਹ ਜਾ।"

ਖਜੂਰ 'ਤੇ ਚੜ੍ਹ ਜਾਂਦਾ ਹੈ ਤੇ ਜਦੋਂ ਸਿਖਰ ਚਲਿਆ ਗਿਆ, ਕਹਿੰਦੇ ਹੱਥ ਛੱਡ ਦੇ, ਛਾਲ ਮਾਰ ਹੇਠਾਂ।

ਹੁਣ ਬਚਨ ਦਾ ਭਰੋਸਾ ਸੀ ਉਸਨੂੰ, ਜੀਉਣ ਮਰਨ ਨਾਲ ਉਸਨੂੰ ਨਹੀਂ ਸੀ ਕੋਈ ਸਬੰਧ। ਉਹਨੂੰ ਸਬੰਧ ਸੀ ਕਿ ਮੈਨੂੰ ਅੱਲਾਹ ਤਾਲਾ ਮਿਲ ਜਾਵੇ। ਜਦੋਂ ਉਹਨੇ ਛਾਲ ਮਾਰੀ, ਰਾਹ ਵਿਚ ਕਹਿਣ ਲੱਗਿਆ, ਹਉ ਮੂਆ। ਕਹਿੰਦੇ, ਤਉ ਫਿਰ ਖੁਦਾ ਹੂਆ। ਸ਼ਕਤੀ ਦੇ ਨਾਲ ਰੋਕ ਲਿਆ, ਇਕੋ ਗੱਲ ਕਹੀ ਹਿਰਦੇ 'ਚ ਚਲੀ ਗਈ।

***ਬੁੱਲਿਆ ਰੱਬ ਦਾ ਕੀ ਪਾਉਣਾ***
***ਐਧਰੋਂ ਪੁੱਟਣਾ ਐਧਰ ਲਾਉਣਾ।***

ਸੋ ਇਹ ਮਹਾਤਮਾ ਦੀ ਰਮਜ਼ ਹੁੰਦੀ ਹੈ ਕਿ ਜਿੰਨਾ ਚਿਰ ਆਦਮੀ ਦੇ ਅੰਦਰ ਮੈਂ ਭਾਵ ਹੈ, ਤਨ ਹੰਗਤਾ ਹੈ, ਮਮਤਾ ਤੇ ਅਹੰਭਾਵ ਹੈ; ਕਹਿਣ ਲੱਗੇ, ਭਾਈ ਰਾਜੂ! ਰਾਹ ਨਹੀਂ ਲੱਭਿਆ ਕਰਦਾ। ਪਹਿਲਾਂ ਪਛਾਨਣਾ ਪੈਂਦਾ ਹੈ, ਓਸ ਤੋਂ ਪਹਿਲਾਂ ਪਛਾਨਣਾ ਤਾਂ ਆਉਂਦਾ ਹੈ ਜੇ ਪਹਿਲਾਂ ਕਾਇਆਂ ਨੂੰ ਸੋਧੇ। ਕਾਇਆ ਨੂੰ ਸੋਧਣਾ ਪੈਂਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕਾਇਆਂ ਨੂੰ ਸੋਧ ਲੈ,***
***ਮਿਲਣੈ ਜੇ ਪ੍ਰਭ ਜੀ ਤਾਈਂ।***

ਪ੍ਰੇਮੀਆਂ! ਆਹ ਜਿਹੜੀ ਸਾਡੀ ਕਾਇਆਂ ਹੈ ਨਾ, ਸਾਡੇ ਸਰੂਪ ਤੋਂ ਬਗੈਰ, ਅੰਤਸ਼ਕਰਣ ਤਕ ਜਿੰਨਾਂ ਵੀ ਕੂੜ ਕਬਾੜ ਸਾਰਾ ਇਹਦੇ ਵਿਚ ਹੈ ਇਹਨੂੰ ਸਾਰੀ ਨੂੰ ਕਾਇਆ ਕਹਿੰਦੇ ਨੇ, ਇਹਨੂੰ ਪਹਿਲਾਂ ਸੋਧ ਲੈ। ਜਦ ਤਕ ਤੂੰ ਇਹਦੀ ਸੋਧ-ਸੁਧਾਈ ਨਹੀਂ ਕਰਦਾ ਤਾਂ ਅਗਲਾ ਕਦਮ ਤੂੰ ਪੁੱਟ ਨਹੀਂ ਸਕਦਾ। ਜਿਹੜੀ ਗੱਲ ਅਸੀਂ ਤੈਨੂੰ ਅੱਗੇ ਦੱਸਣੀ ਹੈ, ਉਹ ਤੂੰ ਕਰ ਨਹੀਂ ਸਕਦਾ ਤੇ ਜੇ ਤੂੰ ਕਹੇਂ ਬਿਨਾਂ ਕਾਇਆਂ ਸੋਧੇ ਹੀ ਮੈਨੂੰ ਦੱਸ ਦਿਓ ਤਾਂ ਬਹੁਤ

ਮਾੜੀ ਗੱਲ ਹੈ।

ਇਕ ਕੋਈ ਜੱਟ ਸੀ, ਮਹਾਤਮਾ ਦੇ ਬਚਨ ਸੁਣੇ, ਤੇ ਪਤਾ ਲੱਗਿਆ ਕਿ ਜੇ ਸੰਤ ਉਪਦੇਸ਼ ਦੇ ਦੇਣ, ਤਾਂ ਆਦਮੀ ਜੀਵ ਤੋਂ ਰੱਬ ਬਣ ਜਾਇਆ ਕਰਦਾ ਹੈ ਤੇ ਏਸ ਨੂੰ ਨਾਮ ਕਹਿੰਦੇ ਨੇ। ਸੰਤਾਂ ਨੂੰ ਕਹਿਆ ਕਰੇ ਕਿ ਮੈਨੂੰ ਨਾਮ ਦੇ ਦਿਓ, ਮੈਨੂੰ ਨਾਮ ਦੇ ਦਿਓ। ਜਿਥੇ ਮਿਲਣ ਉਥੇ ਹੀ ਕਹਿ ਦਿਆ ਕਰੇ ਕਿ ਨਾਮ ਦਿਓ ਜੀ। ਬੇਅੰਤ ਦੁਨੀਆਂ ਹੈ ਜਿਹੜੀਆਂ ਇਹ ਗੱਲ ਕਹਿੰਦੀ ਹੈ ਕਿ ਮੈਨੂੰ ਨਾਮ ਦਾਨ ਦਿਓ ਜੀ। ਪਤਾ ਹੈ ਨਹੀਂ ਕਿ ਇਹਦੀ ਕੀਮਤ ਕੀ ਹੁੰਦੀ ਹੈ। ਸੁਖਾਲਾ ਜਿਹਾ ਤਾਂ ਨਹੀਂ ਨਾਮ ਦਾਨ ਮਿਲਦਾ। ਇਹ ਬਹੁਤ ਔਖੀ ਗੱਲ ਹੈ ਸਾਧਸੰਗਤ ਜੀ, ਉਹ ਤਾਂ ਪੂਰੀ ਲਗਨ ਵਾਲਾ ਬੰਦਾ ਹੋਵੇ, ਸੱਚਮੁੱਚ ਉਹਦੇ ਹਿਰਦੇ ਦੇ ਵਿਚ ਇਹ ਭਾਵ ਉਠ ਜਾਵੇ, ਮਹੀਨਿਆਂ ਬੱਧੀ, ਸਾਲਾਂ ਬੱਧੀ ਅੱਖਾਂ 'ਚੋਂ ਹੰਝੂ ਜਾਂਦੇ ਰਹਿਣ। ਵੈਰਾਗ ਵਿਚ ਰਹੇ, ਵੈਰਾਗ 'ਚ ਆ ਕੇ ਦੁਨੀਆਂ ਦੇ ਕੂੜ-ਕਬਾੜ ਨਾਲੋਂ ਆਪਣਾ ਮੋਹ ਤੋੜ ਕੇ ਕੇਵਲ ਆਪਣਾ ਧੇਅ ਪ੍ਰਮੇਸ਼ਰ ਨੂੰ ਬਣਾ ਕੇ ਜਦ ਏਸ ਰਸਤੇ ਚਲਦਾ ਹੈ, ਤਾਂ ਮਹਾਂਪੁਰਸ਼ ਧਿਆਨ ਦਿੰਦੇ ਨੇ, ਉਸ ਤੋਂ ਪਹਿਲਾਂ ਧਿਆਨ ਨਹੀਂ ਦਿੰਦੇ, ਟਾਲੀ ਜਾਂਦੇ ਨੇ, ਕਿਉਂਕਿ ਅਧਿਕਾਰੀ ਨਹੀਂ ਹੁੰਦਾ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥***
***ਨਹੀ ਪਟਣੁ ਨਹੀ ਪਾਰਖੂ***
***ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫***

ਜਦ ਗਾਹਕ ਹੀ ਨਹੀਂ ਹੈ, ਉਹਦੀ ਝੋਲੀ 'ਚ ਹੀਰੇ ਪਾ ਦਿਓ, ਕੰਚ ਦੇ ਟੁਕੜੇ ਸਮਝ ਕੇ ਇਥੇ ਹੀ ਸੁੱਟ ਜਾਏਗਾ, ਰਾਹ ਜਾਂਦਾ। ਪੰਜ ਪਿਆਰੇ ਗੁਰਮੰਤ੍ਰ, ਮੂਲਮੰਤ੍ਰ ਦਿੰਦੇ ਨੇ ਇਹ ਕੋਈ ਮਾਮੂਲੀ ਗੱਲ ਨਹੀਂ ਹੈ, ਅਨ-ਅਧਿਕਾਰੀ ਜਿਹੜੇ ਨੇ ਉਹ ਨਾਮ ਨੂੰ ਤਾਂ ਦਿੰਦੇ ਨੇ ਛੱਡ। ਥੋੜ੍ਹਾ ਜਿਹਾ ਰੱਖ ਲੈਂਦੇ ਨੇ ਕਿ ਕਕਾਰ ਪਹਿਨਣੇ ਨੇ, ਬੱਸ ਮੈਂ ਸਿੰਘ ਬਣ ਗਿਆ, ਅਗਲੀ ਗੱਲ ਦੇਖਦੇ ਹੀ ਨਹੀਂ ਕਿ ਅਸਲੀ ਗੱਲ ਮੇਰੇ ਕੋਲ ਕੀ ਸੀ ਕਿ ਮੈਂ ਕਾਹਦੇ ਵਾਸਤੇ ਅੰਮ੍ਰਿਤ ਛਕਿਆ ਹੈ, ਗੁਰੂ ਕਾਹਦੇ ਵਾਸਤੇ ਧਾਰਨ ਕਰਿਆ ਹੈ। ਸੋ ਪਤਾ ਨਾ ਹੋਣ ਕਰਕੇ ਉਹ ਕਿਸਾਨ ਐਵੇਂ ਜਿਵੇਂ ਕਹੀ ਜਾਂਦਾ ਹੈ। ਮਹਾਤਮਾ ਨੇ ਕਿਹਾ ਕਿ ਇਹ ਤਾਂ ਖਹਿੜਾ ਹੀ ਨਹੀਂ ਛੱਡਦਾ, ਇਹਨੂੰ ਜੁਗਤੀ ਦੇ ਨਾਲ ਸਮਝਾਉਂਦੇ ਹਾਂ। ਇਨ੍ਹਾਂ ਨੇ ਇਕ ਦਿਨ ਆਪਣੀ ਚਿੱਪੀ ਦੇ ਵਿਚ ਲਿੱਦ ਪਾ ਲਈ, ਜਾ ਕੇ ਉਹਦੇ ਘਰ 'ਚ ਆਵਾਜ਼ ਦੇ ਦਿਤੀ ਸਤਿ ਕਰਤਾਰ, ਬਾਹਰ ਆਇਆ ਸੁਣ ਕੇ ਕਿ ਸੰਤ ਆ ਗਏ, ਅੱਜ ਮਨ 'ਚ ਖੁਸ਼ੀ ਆਈ ਕਿ ਅੱਜ ਸਾਡੇ ਦਰ ਤੇ ਆ ਕੇ ਅਲੱਖ ਜਗਾਈ ਹੈ, ਊਂਜਲ ਭਰ ਲਿਆਇਆ ਆਟੇ ਦਾ, ਕਹਿੰਦਾ ਕਰੋ ਚਿੱਪੀ ਮਹਾਰਾਜ! ਜਦ ਚਿੱਪੀ ਵਲ ਦੇਖਿਆਂ ਤਾਂ ਵਿਚ ਲਿੱਦ ਪਈ ਹੈ। ਖੜ੍ਹ ਗਿਆ, ਕਹਿੰਦੇ ਪਾ ਦੇ। ਕਹਿੰਦਾ, ਲਿੱਦ ਹੈ ਮਹਾਰਾਜ ਇਹਦੇ ਵਿਚ ਤਾਂ। ਕਹਿੰਦੇ ਤੈਨੂੰ ਕੀ ਲਿੱਦ ਹੋਵੇ, ਕੁਛ ਹੋਵੇ; ਕਹਿੰਦਾ ਆਟਾ ਖਰਾਬ ਹੋ ਜਾਏਗਾ। ਮੈਨੂੰ ਪਾਪ ਲਗੇਗਾ, ਐਨੀ ਸ਼ੁੱਧ ਚੀਜ਼ ਮੈਂ ਲਿੱਦ ਵਿਚ ਪਾ ਦੇਵਾਂ, ਤੁਹਾਡੇ ਕਿਸੇ ਕੰਮ ਨਹੀਂ ਆਉਣੀ, ਕਹਿੰਦੇ ਪਾ ਦੇ, ਪਾ ਦੇ, ਤੈਨੂੰ ਕੀ ਇਸ ਗੱਲ 'ਤੇ। ਜਦ ਅੱਠ ਦੱਸ ਵਾਰੀ ਉਹਨੂੰ ਕਿਹਾ ਸੰਤਾਂ ਨੇ ਤਾਂ ਉਹਨੇ ਆਪਣੇ ਹੱਥ ਦੂਰ ਕਰ ਲਏ, ਕਹਿਣ ਲੱਗਿਆ ਕਿ ਮਹਾਰਾਜ! ਪਹਿਲਾਂ ਇਹਨੂੰ ਸਾਫ ਕਰੋ, ਫੇਰ ਮੈਂ ਆਟਾ ਪਾਵਾਂ। ਕਹਿੰਦੇ, ਪ੍ਰੇਮੀਆਂ! ਕਿੰਨੇ ਕੁ ਦਾ ਆਟਾ ਹੋਣਾ ਹੈ ਊਂਜਲ ਦੇ ਵਿਚ? ਸਸਤੇ ਹੀ ਭਾਅ ਦੀ, ਕਹਿੰਦੇ ਪੈਸੇ ਦੋ ਪੈਸੇ ਦਾ ਹੋਣਾ ਹੈ? ਤੇ ਮੇਰੇ ਤੋਂ ਨਾਮ ਦੀ ਦਾਤ ਮੰਗਦਾ ਹੈਂ, ਤੇਰੇ ਅੰਦਰ ਪਤਾ ਹੈ ਕਿੰਨੀਆਂ ਬਿੱਲੀਆਂ ਮਰੀਆਂ ਪਈਆਂ ਨੇ, ਕਿੰਨੇ ਚੂਹੇ ਮਰੇ ਪਏ ਨੇ, ਨਿੰਦਿਆ ਤੇਰੇ ਅੰਦਰ ਹੈ, ਚੁਗਲੀਆਂ ਤੇਰੇ ਅੰਦਰ ਨੇ, ਈਰਖਾ ਤੇਰੇ ਅੰਦਰ ਹੈ, ਪੰਜ ਚੋਰ ਦਿਨ ਰਾਤ ਤੇਰੇ ਅੰਦਰ ਖੌਰੂ ਪਾ ਰਹੇ ਨੇ, ਦੱਸ ਨਾਮ ਦਾ ਵਾਸਾ ਕਿੱਥੇ ਹੋਏਗਾ? ਕਹਿੰਦੇ, ਪਹਿਲਾਂ ਇਹਨੂੰ ਕੂੜ-ਕਬਾੜ ਨੂੰ ਸਾਫ ਕਰ, ਫੇਰ ਜਾ ਕੇ ਪਛਾਣ ਆਏਗੀ -

***ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥***
***ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ॥***
***ਅੰਗ - ੪੬੮***

ਬੀਜ ਤਾਂ ਪੈਣਾ ਹੈ ਪਹਿਲਾਂ ਜ਼ਮੀਨ ਨੂੰ ਵਾਹ। ਕਹਿਣ ਲੱਗੇ, ਭਾਈ ਰਾਜੂ! ਤੂੰ ਕਿਸਾਨ ਹੈਂ, ਅਸੀਂ ਇਸ ਕਰਕੇ ਗੱਲ ਕਰਕੇ ਤੈਨੂੰ ਸਮਝਾਉਂਦੇ ਹਾਂ। ਇਹਦੇ ਵਿਚੋਂ ਪਹਿਲਾਂ ਜੜ੍ਹੀਆਂ-ਬੂਟੀਆਂ ਤਾਂ ਸਾਫ ਕਰ, ਕਿੰਨੇ ਬੀਜ ਪਏ ਨੇ ਕੂੜ-ਕਬਾੜ ਦੇ। ਫੇਰ ਇਹਨੂੰ ਸੋਧ। ਸੋਧ ਕੇ ਜਿਵੇਂ ਦਵਾਈਆਂ ਅਸੀਂ ਖਾਦ ਪਾਉਂਦੇ ਹਾਂ ਕਿ ਨਾਈਟਰੋਜਨ ਐਨੀ ਪਾ ਦਿਓ, ਪੋਟਾਸ਼ ਐਨੀ ਪਾ ਦਿਓ, ਸੁਪਰਫਾਸਫੇਟ ਐਨਾ ਪਾ ਦਿਓ, ਜ਼ਿੰਕ ਐਨਾ ਪਾ ਦਿਓ, ਗੰਧਕ ਐਨੀ ਪਾ ਦਿਓ, ਸੋਲ੍ਹਾਂ ਨਿਊਟ੍ਰੈਂਟ ਹੁੰਦੇ ਨੇ, ਜਦੋਂ ਸੋਲ੍ਹਾਂ ਨਿਊਟ੍ਰੈਂਟ ਧਰਤੀ ਦੇ ਵਿਚ ਚਲੇ ਜਾਣ, ਕਿੰਨੀਓਂ ਮਾੜ੍ਹੀ ਧਰਤੀ ਹੋਵੇ ਪੂਰੀ ਫਸਲ ਦਿੰਦੀ ਹੈ। ਮੈਗਨੀਸ਼ੀਅਮ ਇਹਦੇ ਵਿਚ ਪੈਂਦਾ ਹੈ, ਅਮੋਨੀਆ ਇਹਦੇ ਵਿਚ ਪੈਂਦਾ ਹੈ, ਬੇਅੰਤ ਚੀਜ਼ਾਂ ਪੈਂਦੀਆਂ ਨੇ, ਉਹ ਪਾ ਲੈ।

ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰਕੇ ਮੈਨੂੰ ਸਮਝਾਓ।

ਮਹਾਂਪੁਰਸ਼ ਕਹਿਣ ਲੱਗੇ, ਦੇਖ ਰਾਜੂ! ਗੱਲ ਇਹ ਹੈ ਕਿ ਪਹਿਲਾਂ ਤੂੰ ਸਤਿ ਦਾ ਜੀਵਨ ਜੀਉਣਾ ਸਿੱਖ, ਪਾਖੰਡ ਨਾ ਕਰੀਂ ਬਿਲਕੁਲ ਵੀ। ਸਤਿ ਦਾ ਜੀਵਨ, ਜੋ ਬਚਨ ਕਹਿ ਦਿਤਾ ਉਹਦੇ ਉਤੇ ਪਹਿਰਾ ਦੇ। ਫੇਰ ਤੂੰ ਕਿਸੇ ਦਾ ਬੁਰਾ ਨਾ ਬੋਲ ਕੇ ਕਰੀਂ, ਨਾ ਮਨ ਨਾਲ ਬੁਰਾ ਕਰੀਂ, ਮਨ ਨਾਲ ਕਿਹਾ ਕਰੀਂ ਰੋਜ਼ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਸੱਚੀਮੁੱਚੀਂ ਕਹੀਂ ਕਹਿੰਦਾ ਮਹਾਰਾਜ! ਜਿਹੜੇ ਮੇਰੇ ਖੇਤ ਦੀਆਂ ਵੱਟਾਂ ਬੰਨ੍ਹਦੇ ਨੇ ਉਨ੍ਹਾਂ ਦਾ ਵੀ ਮੈਂ ਭਲਾ ਕਹਿਆ ਕਰਾਂ। ਕਹਿੰਦੇ ਹਾਂ, ਉਨ੍ਹਾਂ ਦਾ ਵੀ ਭਲਾ ਮੰਗਣਾ ਹੈ -

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ - ੧੩੮੨***

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯***

ਕਹਿੰਦੇ ਵੈਰ ਨਹੀਂ ਕਿਸੇ ਨਾਲ ਕਰਨਾ। ਸੋ ਨਾ ਸਰੀਰਕ ਤੌਰ ਤੇ ਕਿਸੇ ਨੂੰ ਦੁਖ ਦੇਣਾ ਹੈ, ਨਾ ਬਚਨ ਦੇ ਨਾਲ ਤਾਹਨਾ

ਮੇਹਣਾ ਫਿੱਕਾ ਬੋਲ ਕੇ ਦੇਣਾ ਹੈ, ਨਾ ਮਨ ਦੇ ਨਾਲ ਬੁਰਾ ਚਿਤਵਣਾ ਹੈ, ਨਾ ਬੁੱਧੀ ਦੀ ਚਤੁਰਾਈ ਦੇ ਨਾਲ ਕਿਸੇ ਦਾ ਨੁਕਸਾਨ ਕਰਨਾ ਹੈ, ਬਾਕੀ ਆਤਮ ਸਤਾ ਤਾਂ ਤੇਰੇ ਕੋਲ ਹੈ ਹੀ ਨਹੀ, ਉਹਦੇ ਬਾਰੇ ਤਾਂ ਅਸੀਂ ਗੱਲ ਨਹੀਂ ਕਰਦੇ, ਕਿਉਂਕਿ ਆਤਮ ਸਤਾ ਦੇ ਨਾਲ ਵੀ ਨੁਕਸਾਨ ਕਰ ਦੇਣਾ ਦੂਸਰੇ ਦਾ, ਇਹਨੂੰ ਹਿੰਸਾ ਕਹਿੰਦੇ ਨੇ, ਇਹਦੇ ਉਲਟ ਕਹਿੰਦੇ ਅਹਿੰਸਾ ਧਾਰਨ ਕਰੋ। ਫੇਰ ਨਾ ਮਨ ਦੀ ਚੋਰੀ ਕਰੀਂ, ਨਾ ਅੱਖਾਂ ਨਾਲ ਚੋਰੀ ਕਰੀਂ, ਨਾ ਕੰਨਾਂ ਨਾਲ ਚੋਰੀ ਕਰੀਂ; ਕਈ ਹੈਰਾਨ ਹੋਣਗੇ ਕਿ ਕੰਨਾਂ ਨਾਲ ਵੀ ਚੋਰੀ ਹੁੰਦੀ ਹੈ? ਦੋ ਬੰਦੇ ਗੱਲ ਕਰ ਰਹੇ ਨੇ, ਉਹਨੂੰ ਅੰਗ੍ਰੇਜ਼ੀ ਵਿਚ over-hearing ਕਹਿੰਦੇ ਨੇ, ਭੇਤ ਦੀ ਗੱਲ ਜਾਨਣ ਦੀ ਕੋਸ਼ਿਸ਼ ਕਰਨੀ। ਅੱਖਾਂ ਦੇ ਨਾਲ ਜਿਹੜੀ ਗੱਲ ਸਾਡੇ ਨਾਲ ਸਬੰਧ ਹੀ ਨਹੀਂ ਰੱਖਦੀ ਉਹਨੂੰ ਦੇਖਣਾ, ਬੇਗਾਨੇ ਰੂਪ ਦੇਖਣੇ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥    ਅੰਗ – ੨੭੪*

ਹੱਥ ਚੋਰੀ ਕਰਦੇ ਨੇ ਬੇਗਾਨੀਆਂ ਚੀਜ਼ਾਂ ਚੁੱਕ ਕੇ, ਸੋ ਕਹਿੰਦੇ ਕਿਸੇ ਤਰ੍ਹਾਂ ਤਨ ਦੇ ਨਾਲ ਚੋਰੀ ਨਹੀਂ ਕਰਨੀ, ਮਨ ਚੋਰੀ ਕਰਦਾ ਹੈ, ਖਿਆਲ ਚੋਰੀ ਕਰਦਾ ਹੈ ਦੂਸਰੇ ਦੇ ਕਿ ਮੈਂ ਸੁਣਾਵਾਂਗਾ ਇਹਦੇ ਖਿਆਲ ਬੜੇ ਵਧੀਆ ਨੇ। ਲਿਖਤ ਚੋਰੀ ਕਰਦਾ ਹੈ, ਲਿਖੀ ਹੋਈ ਕਿਤਾਬ ਪੜ੍ਹ ਲਈ ਤੇ ਆਪਣੀ ਦੇ ਵਿਚ ਓਹੀ ਲਿਖ ਦੇ ਦਿਤਾ। ਫੇਰ ਸਾਰੇ ਇੰਦ੍ਰਿਆਂ ਦਾ ਬ੍ਰਹਮਚਰੀਆ ਰੱਖਣਾ, ਅੱਖਾਂ ਦਾ ਵੀ, ਕੰਨਾਂ ਦਾ ਵੀ, ਜ਼ੁਬਾਨ ਦਾ ਵੀ, ਸਾਰੇ ਸਰੀਰ ਦਾ ਬ੍ਰਹਮਚਰੀਆ ਰੱਖਣਾ।

*ਏਕਾ ਨਾਰੀ ਜਤੀ ਹੋਇ*
*ਪਰਨਾਰੀ ਧੀ ਭੈਣ ਵਖਾਣੈ॥*

ਫੇਰ ਉਸ ਤੋਂ ਬਾਅਦ ਭਾਈ ਧੀਰਜੀ ਹੋਣਾ ਹੈ, ਕਾਹਲਾ ਨਹੀਂ ਹੋਣਾ, ਵੱਡੇ-ਵੱਡੇ ਧੀਰਜੀ ਬੰਦੇ ਹੋਏ ਨੇ ਸੰਸਾਰ ਦੇ ਵਿਚ; ਇਕ ਨਿਊਟਨ ਨਾਮ ਦਾ ਸਭ ਤੋਂ ਪਹਿਲਾ ਸਾਇੰਸਦਾਨ ਹੋਇਆ ਹੈ, ਆਹ ਸਾਰੀ ਸਾਇੰਸ ਨਿਊਟਨ ਤੋਂ ਚਲਦੀ ਹੈ। ਇਕ ਵਾਰੀ ਉਹਨੇ ਖੋਜ ਕਰੀ, ਅੱਠ ਦੱਸ ਸਾਲ ਖੋਜ ਕਰਦਾ ਰਿਹਾ, ਸਾਰੇ ਕਾਗਜ਼ ਤਿਆਰ ਕਰਕੇ ਮੇਜ਼ 'ਤੇ ਰੱਖ ਲਏ, ਰਾਤ ਸੀਗੀ, ਮੋਮਬੱਤੀ ਜਾਲੀ ਹੋਈ ਸੀ, ਉਹਦੀ ਇਕ ਬਿੱਲੀ ਪਾਲੀ ਹੋਈ ਸੀ, ਬਿੱਲੀ ਨੇ ਛਾਲ ਮਾਰੀ, ਮੋਮਬੱਤੀ ਸੁੱਟ ਦਿਤੀ, ਸਾਰੇ ਹੀ ਕਾਗਜ਼ ਜਲ ਗਏ ਉਹਦੇ, ਦੱਸ ਸਾਲ ਦੀ ਮਿਹਨਤ ਸੁਆਹ ਬਣ ਗਈ। ਜਿਸ ਵਕਤ ਉਹ ਆਇਆ, ਉਹਨੂੰ ਪਤਾ ਲਗ ਗਿਆ ਕਿ ਬਿੱਲੀ ਨੇ ਸੁੱਟੀ ਹੈ ਇਹ; ਬਿੱਲੀ ਵਲ ਦੇਖਿਆ ਬਿੱਲੀ ਸਹਿਮੀ ਪਈ ਹੈ, ਕੋਲ ਗਿਆ, ਚੁੱਕ ਲਿਆ, ਚੁੱਕ ਕੇ ਹੱਥ ਫੇਰਿਆ, ਪਿਆਰ ਕੀਤਾ, ਨਾਲ ਕਹਿਣ ਲੱਗਿਆ ਕਿ ਤੈਨੂੰ ਇੰਨੀ ਗੱਲ ਦਾ ਗਿਆਨ ਨਹੀਂ ਸੀ ਕਿ ਤੇਰੇ ਮਾਲਕ ਨੇ ਦੱਸ ਸਾਲ ਲਾਏ ਨੇ। ਤੇਰੇ ਤੋਂ ਭੁੱਲ ਹੋ ਗਈ, ਤੈਨੂੰ ਪਤਾ ਨਹੀ ਸੀ। ਦੇਖੋ, ਕਿੰਨੀ ਧੀਰਜ ਹੈ।

ਕਹਿੰਦੇ ਇਸੇ ਤਰ੍ਹਾਂ ਖਿਮਾ ਕਰਨੀ, ਦਇਆ ਕਰਨੀ, ਕੋਮਲ ਚਿੱਤ ਰਹਿਣਾ, ਮਧੁਰ ਵਾਕ ਬੋਲਣੇ, ਅਲਪ ਅਹਾਰ ਸੁਲਪ ਸੀ ਨਿੰਦ੍ਰਾ ਰੱਖਣੀ, ਪਵਿੱਤਰਤਾ ਰੱਖਣੀ; ਫੇਰ ਸਾਧਸੰਗਤ ਦੀ ਸੇਵਾ ਕਰਨੀ; ਜਿਥੇ ਸਤਿਸੰਗ ਹੋਵੇ ਉਥੇ ਚੱਲ ਕੇ ਜਾਣਾ। ਸੇਵਾ ਕਰਨੀ ਹੈ, ਪੱਖੇ ਝੱਲਣੇ ਨੇ, ਜੋੜਿਆਂ ਦੀ ਸੇਵਾ ਕਰਨੀ ਹੈ, ਲੰਗਰ ਦੀ ਸੇਵਾ ਕਰਨੀ ਹੈ, ਬਰਤਨ ਮਾਂਜਣੇ ਨੇ, ਪਾਣੀ ਪਿਲਾਉਣਾ ਹੈ, ਹਿਰਦੇ ਦੇ ਅੰਦਰ ਸੰਤੋਖ ਧਾਰਨ ਕਰਨਾ ਹੈ, 'ਯਥਾ ਲਾਭ ਸੰਤਸ਼ੁਟੇ'। ਜੋ ਕੁਛ ਮਿਲ ਗਿਆ ਉਹਦੇ 'ਤੇ ਸਤੁੰਸ਼ਟ ਰਹਿਣਾ ਤੇ ਅੱਖਾਂ ਦਾ ਸੰਤੋਖ, ਕੰਨਾਂ ਦਾ ਸੰਤੋਖ, ਸਾਰੇ ਇੰਦ੍ਰਿਆਂ ਦਾ ਸੰਤੋਖ ਧਾਰਨ ਕਰਨਾ ਹੈ। ਬੁੱਧੀ ਹਮੇਸ਼ਾ ਇਹ ਰੱਖਣੀ ਹੈ ਕਿ ਵਾਹਿਗੁਰੂ ਮੇਰੇ ਨਾਲ ਰਹਿੰਦਾ ਹੈ, ਅੰਦਰ ਵੀ ਮੇਰੇ ਤੇ ਬਾਹਰ ਵੀ। ਇਹ ਪੱਕਾ ਨਿਸ਼ਚਾ ਰੱਖਣਾ ਹੈ। ਉਸ ਤੋਂ ਬਾਅਦ ਫੇਰ ਆਪਣੀ ਕਮਾਈ ਕਰਕੇ ਆਪਣੀ ਕਮਾਈ ਹੋਈ ਚੀਜ਼ ਦੇ ਵਿਚੋਂ ਪ੍ਰਮੇਸ਼ਰ ਦੇ ਨਮਿਤ ਦਾਨ ਕੱਢਣਾ ਹੈ, ਦੂਸਰੇ ਦੀ ਮਦਦ ਕਰਨੀ ਹੈ, ਮਾਇਆ ਦੇ ਨਾਲ ਵੀ ਮਦਦ ਕਰਨੀ ਹੈ। ਬਚਨਾਂ ਦੇ ਨਾਲ ਵੀ ਦੂਸਰੇ ਨੂੰ ਦਾਨ ਦੇਣਾ ਹੈ, ਬੁੱਧੀ ਦਾ ਵੀ ਦਾਨ ਦੇਣਾ ਹੈ, ਮਨ ਦਾ ਵੀ ਦਾਨ ਦੇਣਾ ਹੈ ਸੋ ਏਸ ਤਰ੍ਹਾਂ ਸਾਰਿਆਂ ਨਾਲੋਂ ਵੱਡਾ ਦਾਨ ਹੋਇਆ ਕਰਦਾ ਹੈ–

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥    ਅੰਗ – ੭੪੯*

ਕਹਿੰਦੇ ਸਮਝ ਗਿਆ ਨਾ? ਕਹਿੰਦਾ, ਗੱਲਾਂ ਬਹੁਤ ਹੋ ਗਈਆਂ ਜੀ। ਕਹਿੰਦੇ ਫੇਰ ਦੱਸ ਦਿੰਦੇ ਹਾਂ ਤੈਨੂੰ। ਮਹਾਂਪੁਰਸ਼ਾਂ ਨੇ ਦਇਆ ਕੀਤੀ ਫੇਰ ਸਮਝਾ ਦਿਤਾ। ਕਹਿੰਦਾ ਹੁਣ ਸਮਝ ਵਿਚ ਪੈ ਗਈ।

ਕਹਿਣ ਲੱਗੇ, ਫੇਰ ਤੂੰ ਇਸ ਤੋਂ ਅੱਗੇ ਗੁਰੂ ਦੇ ਸ਼ਬਦ ਦੀ ਕਮਾਈ ਕਰੀਂ, ਜਿਹੜਾ ਅਸੀਂ ਕੋਈ ਬਚਨ ਕਹਾਂਗੇ ਉਸ ਨੂੰ ਸਤਿ ਮੰਨੀਂ। ਬਾਣੀ ਪੜ੍ਹੀਂ, ਪੜ੍ਹ ਕੇ ਉਹਦੇ ਅਰਥ ਜਾਨਣ ਦੀ ਕੋਸ਼ਿਸ਼ ਕਰੀਂ, ਅਰਥ ਜਾਨਣ ਤੋਂ ਬਾਅਦ ਹਿਰਦੇ 'ਚ ਵਸਾਈਂ, ਆਪਣੇ ਜੀਵਨ 'ਤੇ ਘਟਾਈਂ। ਸਤੋ ਗੁਣੀ ਬਿਰਤੀ ਰੱਖੀਂ, ਤਮੋ ਗੁਣੀ ਤੇ ਰਜੋ ਗੁਣੀ ਬਿਰਤੀ 'ਚੋਂ ਨਿਕਲ ਕੇ ਸਤੋ ਗੁਣੀ ਬਿਰਤੀ 'ਚ ਰਹਿਣਾ ਹੈ। ਚੰਚਲ ਬਿਰਤੀ ਨਹੀਂ ਧਾਰਨ ਕਰਨੀ। ਫੇਰ ਨਿਤਨੇਮ ਦੇ ਪੂਰੇ ਹੋਣਾ ਹੈ। ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ ਹੈ।

ਕਹਿੰਦੇ, ਭਾਈ ਰਾਜੂ! ਇਹਦੇ ਨਾਲ ਤਨ ਸੋਧਿਆ ਜਾਂਦਾ ਹੈ। ਕਾਇਆ ਸੋਧ ਹੁੰਦੀ ਹੈ ਜਦ ਤਕ ਕਾਇਆਂ ਨਹੀਂ ਸੋਧਦਾ–

*ਧਰਤਿ ਕਾਇਆ ਸਾਧ ਕੈ*
*ਵਿਚਿ ਦੇਇ ਕਰਤਾ ਬੀਉ ॥    ਅੰਗ – ੪੬੮*

ਫੇਰ ਅਗਲਾ ਕੰਮ ਕੀ ਹੈ? ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਨਾਮ ਤੂੰ ਬੀਜ ਲੈ,*
*ਹਿਰਦੇ ਦੇ ਖੇਤ ਅੰਦਰ।*

ਕਹਿਣ ਲੱਗੇ, ਜਦੋਂ ਹਿਰਦੇ ਦੀ ਧਰਤੀ ਸਾਫ ਕਰ ਲਈ ਨਾ, ਫੇਰ ਐਉਂ ਨਹੀਂ ਪਾਣੀ ਕਿ ਸੱਤਵੇ ਦਿਨ, ਦਸਵੇਂ ਦਿਨ, ਪੰਦਰਵੇਂ ਦਿਨ ਦੇਣਾ ਹੈ, ਕਹਿੰਦੇ ਫੇਰ ਪ੍ਰਮੇਸ਼ਰ ਦੇ ਨਾਮ ਦਾ ਰੋਜ਼ ਪਾਣੀ ਦੇਈਂ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਭਾਈ ਰਾਜੂ! ਦੇਖ ਆਦਮੀ ਨੂੰ ਆਪਣੇ ਆਪ ਦਾ ਨਹੀਂ ਪਤਾ ਲਗਦਾ। ਜਦ ਤਕ ਇਹ ਆਪਣੇ ਆਪ ਦਾ ਨਹੀਂ ਪਤਾ ਲਾਉਂਦਾ, ਓਨੀਂ ਦੇਰ ਤਕ ਇਹ ਰੂਹਾਨੀ ਤੌਰ 'ਤੇ ਚਲ ਹੀ ਨਹੀਂ ਸਕਦਾ। ਪਹਿਲਾਂ ਇਹਨੂੰ ਪਤਾ ਤਾਂ ਹੋਣਾ ਚਾਹੀਦਾ ਹੈ, ਮਾੜਾ ਮੋਟਾ ਤਾਂ ਤੁਰੇ। ਥੋੜ੍ਹਾ ਜਿਹਾ

ਤਾਂ ਲੰਘੋ, ਸਰੀਰਧਾਰੀ ਬੈਠੇ ਹਾਂ ਆਪਾਂ ਸਾਰੇ ਸਾਧਸੰਗਤ ਜੀ! ਕੋਈ ਫਲਾਣਾ ਸਿੰਘ, ਕੋਈ ਫਲਾਣਾ ਸਿੰਘ; ਮੇਰਾ ਫਲਾਣਾ ਪਿੰਡ, ਮੈਂ ਸਿੱਖ ਹਾਂ, ਮੈਂ ਹਿੰਦੁਸਤਾਨੀ ਹਾਂ, ਮੈਂ ਪਾਕਿਸਤਾਨੀ ਹਾਂ, ਕਿਥੇ ਭੁੱਲ ਗਈ ਦੁਨੀਆਂ ਸਾਰੀ। ਮਹਾਰਾਜ ਕਹਿੰਦੇ ਪ੍ਰੇਮੀਓਂ ਪਛਾਣ ਕਰੋ -

*ਧਾਰਨਾ - ਪਛਾਣ ਪਿਆਰਿਆ!*
*ਤੂੰ ਤਾਂ ਜੋਤ ਸਰੂਪ ਹੈਂ।*

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥*
*ਅੰਗ - ੪੪੧*

ਆਹ ਮਿੱਟੀ ਕਿਉਂ ਸਮਝੀ ਜਾਂਦਾ ਹੈਂ ਤੂੰ ਆਪਣੇ ਆਪ ਨੂੰ। ਕਿੱਡੀ ਭੁੱਲ ਤੇਰੇ 'ਚ ਪਈ ਹੋਈ। ਗੁਰੂ ਦੀ ਬਾਣੀ ਸੁਣਦਾ ਹੈਂ, ਅੱਗੇ ਲੰਘਣ ਦੀਆਂ ਤਿਆਰੀਆਂ ਕਰਦਾ ਹੈਂ, ਪਰ ਐਨਾ ਅੰਧਕਾਰ ਤੇਰੇ ਮਨ ਵਿਚ ਛਾਇਆ ਹੋਇਆ ਹੈ ਕਿ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇ ਸਮਝੀ ਜਾਂਦਾ ਹੈਂ। ਕਹਿੰਦੇ ਪਛਾਣ ਤੂੰ ਤਾਂ ਪ੍ਰਮੇਸ਼ਰ ਦੀ ਅੰਸ ਹੈਂ।

*ਪੰਚ ਤਤੁ ਮਿਲਿ ਕਾਇਆ ਕੀਨੀ ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ ॥*
*ਅੰਗ - ੧੦੩੦*

ਆਹ ਸਰੀਰ ਦੇ ਅੰਦਰ ਆਤਮਾ ਦਾ ਨਿਵਾਸ ਹੋਇਆ ਹੈ -

*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ ॥*
*ਅੰਗ - ੧੦੩੦*

ਆਤਮਾ ਹੀ ਪ੍ਰਮੇਸ਼ਰ ਹੈ, ਪ੍ਰਮੇਸ਼ਰ ਹੀ ਆਤਮਾ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ ॥ ਅੰਗ - ੮੪੬*

ਕਹਿੰਦੇ ਦੇਖ, ਇਕ ਸ਼ੀਸ਼ਾ ਲੈ ਲੈ, ਉਹਨੂੰ ਭੰਨ ਦੇ, ਜੇ ਤੇਰੇ ਮਨ ਦੇ ਵਿਚ ਵਹਿਮ ਹੈ ਕਿ ਰੱਬ ਸਾਰਿਆਂ 'ਚ ਕਿਵੇਂ ਆ ਗਿਆ। ਉਹ ਸੂਰਜ ਦੇ ਸਾਮ੍ਹਣੇ ਸੁੱਟਦਾ ਹੈ, ਕੋਈ ਟੁਕੜਾ ਚੁੱਕ ਲੈ ਉਹਦੇ ਵਿਚ ਸੂਰਜ ਉਹੋ ਜਿਹਾ ਹੀ ਦਿੱਸੇਗਾ, ਪੂਰੇ ਦਾ ਪੂਰਾ। ਇਵੇਂ ਜਿਵੇਂ ਸਾਰੇ ਜੀਵਾਂ ਦੇ ਅੰਦਰ ਇਕ ਪ੍ਰਮੇਸ਼ਰ ਦੀ ਸਤਾ ਕੰਮ ਕਰ ਰਹੀ ਹੈ। ਇਕ ਪਰਛਾਵਾਂ ਹੈ ਇਹਦੇ ਅੰਦਰ -

*ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ*
*ਉਦਕ ਕੁੰਭੁ ਬਿਗਰਾਨਾ ॥*
*ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ*
*ਤਉ ਮਨੁ ਸੁੰਨਿ ਸਮਾਨਾਂ॥ ਅੰਗ - ੪੭੬*

ਬ੍ਰਹਮ ਗਿਆਨ ਦੇ ਵਿਚ ਪਹੁੰਚਾ ਦਿਤਾ, ਕਹਿੰਦੇ ਲੈ ਹੁਣ ਇਹ ਗਿਆਨ ਐਉਂ ਨਹੀਂ ਪੱਕਣਾ, ਇਹਦੇ ਪੱਕਣ ਦੀ ਵੀ ਅਸੀਂ ਤੈਨੂੰ ਜੁਗਤੀ ਦੱਸ ਦਿੰਦੇ ਹਾਂ -

*ਧਾਰਨਾ - ਕਲੂ ਆਇਓ ਰੇ,*
*ਇਕ ਨਾਮ ਬੀਜ ਲਓ।*
*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਕਹਿਣ ਲੱਗੇ, ਪਿਆਰਿਆ! ਜੇ ਲੰਘਣਾ ਹੈ, ਸੱਚਮੁੱਚ ਚਾਹੁੰਦਾ ਹੈਂ ਕਿ -

*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥*
*ਅਗਨਿ ਦਹੈ ਅਰੁ ਗਰਭ ਬਸੇਰਾ ॥ ਅੰਗ - ੩੨੯*

ਤਾਂ ਇਹ ਦੁਖ ਕੱਟਣ ਦਾ ਇਲਾਜ ਤੈਨੂੰ ਬਹੁਤ ਵਿਸਥਾਰ ਦੇ ਨਾਲ ਅਸੀਂ ਸਮਝਾਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਓਸ ਗਰੀਬ ਆਦਮੀ ਦੇ ਉਤੇ ਕ੍ਰਿਪਾ ਕੀਤੀ, ਕਿਉਂਕਿ ਮਹਾਤਮਾ ਦੀ ਡਿਊਟੀ ਹੋਇਆ ਕਰਦੀ ਹੈ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ ॥ ਅੰਗ - ੧੩੭੩*

ਸੰਤਾਂ ਦਾ ਕੰਮ ਕੀ ਹੁੰਦਾ ਹੈ, ਕਹਿੰਦੇ ਨਾਮ ਜਪਾਉਣਾ -

ਸੰਤਾਂ ਦੀ ਡਿਊਟੀ ਲੱਗੀ ਹੋਈ ਹੈ ਅਕਾਲ ਪੁਰਖ ਵਲੋਂ ਕਿ ਆਪ ਵੀ ਜਪੋ ਤੇ ਦੂਸਰਿਆਂ ਨੂੰ ਵੀ ਜਪਾਓ, ਸਿੱਖਾਂ ਦੀ ਵੀ ਡਿਊਟੀ ਲੱਗੀ ਹੋਈ ਹੈ ਕਿ ਆਪ ਨਾਮ ਜਪੋ, ਦੂਸਰਿਆਂ ਨੂੰ ਵੀ ਜਪਾਓ ਤੇ ਪਦਵੀ ਕਿੱਡੀ ਮਿਲਦੀ ਹੇ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ*
*ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਸੋ ਇਸ ਤਰ੍ਹਾਂ ਦੇ ਨਾਲ ਬਾਬਾ ਜੀ ਦੇ ਬੇਅੰਤ ਕੌਤਕ ਇਕ ਤੋਂ ਇਕ ਚੜ੍ਹਦੇ ਬ੍ਰਹਮਗਿਆਨ ਕਰਾ ਦਿੰਦੇ ਸੀ ਜਦ ਕੋਈ ਕੋਲ ਆਉਂਦਾ ਸੀ। ਭਰਮ-ਭੁਲੇਖਾ ਨਹੀਂ ਸੀ ਰਹਿਣ ਦਿੰਦੇ। ਨਾਮ ਦੀਆਂ ਸਾਰੀਆਂ ਵਿਧੀਆਂ, ਸਾਰਾ ਰਸਤਾ ਭਾਈ ਦਇਆ ਸਿੰਘ ਜੀ ਤੋਂ ਜਿਸ ਤਰ੍ਹਾਂ ਚਲਿਆ ਆਉਂਦਾ ਸੀ, ਕਿਉਂਕਿ ਮੈਂ ਪਹਿਲਾਂ ਬੇਨਤੀ ਕੀਤੀ ਸੀ ਕਿ ਭਾਈ ਦਇਆ ਸਿੰਘ ਜੀ ਪੂਰਨ ਯੋਗੀ ਸੀਗੇ, ਨਾਲੇ ਤਾਂ ਸਬਦਿ-ਸੁਰਤਿ ਦੇ ਮਾਰਗ ਦੇ, ਨਾਮ ਮਾਰਗ ਦੇ; (ਅੱਡ-ਅੱਡ ਨੇ ਮਾਰਗ ਇਹ) ਹੱਠ ਯੋਗ ਦੇ ਤੇ ਰਾਜ ਯੋਗ ਦੇ, ਪੂਰਨ ਧਨੀ ਸੀਗੇ, ਸਭ ਕੁਛ ਦੇਖਿਆ ਹੋਇਆ ਹੈ ਅਸੀਂ ਕਮਾ ਕੇ, ਸ਼ਕਤੀਆਂ ਦੇ ਮਾਲਕ ਸੀ। ਉਹੀ ਦਾਤ ਚਲਦੀ-ਚਲਦੀ ਬਾਬਾ ਸੋਭਾ ਸਿੰਘ ਜੀ ਤੋਂ ਹੋ ਕੇ ਬਾਬਾ ਸਾਹਿਬ ਸਿੰਘ ਜੀ ਤਕ ਆਈ। ਇਸੇ ਤਰ੍ਹਾਂ ਇਹ ਚੀਜ਼ ਅੱਗੇ ਚਲਦੀ ਆਉਂਦੀ ਹੈ, ਅਮਾਨਤ ਮਹਾਂਪੁਰਸ਼ ਇਕੱਠੀ ਕਰਕੇ ਓਸ ਅਧਿਕਾਰੀ ਨੂੰ ਦਿੰਦੇ ਨੇ, ਲੈ ਭਾਈ! ਹੁਣ ਤੂੰ ਅੱਗੇ ਨਾਮ ਜਸ ਫੈਲਾਉਣਾ ਹੈ, ਅਸੀਂ ਆਪਣਾ ਪਹਿਰਾ ਦੇ ਦਿਤਾ, ਹੁਣ ਤੇਰੀ ਡਿਊਟੀ ਹੈ ਤੇ ਹੁਣ ਤੂੰ ਕਰ ਅੱਗੇ ਚੱਲ ਕੇ। ਸੋ ਚਲਦੀ ਆਂਉਂਦੀ ਹੈ ਇਹ ਗੱਲ।

ਸੋ ਇਸ ਤਰ੍ਹਾਂ ਬਾਬਾ ਜੀ ਦੇ ਬੇਅੰਤ ਕੌਤਕ ਨੇ। ਇਕ ਵਾਰੀ ਆਪ ਸਾਹਨੇਵਾਲ ਗਏ। ਲੁਧਿਆਣੇ ਤੋਂ ਉਰਲੇ ਪਾਸੇ।ਉਨ੍ਹਾਂ ਦਿਨਾਂ 'ਚ ਮਿਸਲਾਂ ਆਪਣਾ-ਆਪਣਾ ਰਾਜ ਦੱਬ ਰਹੀਆਂ ਸੀ ਤੇ ਓਥੇ ਇਕ ਸਰਦਾਰ ਸੀ, ਸਾਹਨੇਵਾਲ ਦਾ ਜਿਸਨੂੰ ਰਾਜਾ ਵੀ

ਕਿਹਾ ਜਾ ਸਕਦਾ ਹੈ, ਉਹਦਾ ਨਾਮ ਸੁੱਧ ਸਿੰਘ ਸੀਗਾ। ਉਹਦੇ ਕੋਲ ਜਦ ਆਏ ਤਾਂ ਉਹਨੂੰ ਇਕ ਸ਼ੌਕ ਜਾਗਿਆ ਹੋਇਆ ਸੀ, ਬਾਰ੍ਹਾਂਬਾਂਕੀ ਤੋਂ ਇਕ ਹਾਥੀ ਮੰਗਾਇਆ ਉਹਨੇ, ਜਿਧਰ ਵੀ ਜਾਣਾ, ਚਾਹੇ ਕਿਤੇ ਵੀ ਜਾਏ, ਹਾਥੀ 'ਤੇ ਚੜ੍ਹ ਕੇ ਜਾਂਦਾ ਹੁੰਦਾ ਸੀ, ਘੋੜੇ ਤੇ ਨਹੀਂ ਸੀ ਜਾਂਦਾ ਹੁੰਦਾ। ਹਾਥੀ ਬਹੁਤ ਤਕੜਾ ਸੀ, ਪਲਿਆ ਹੋਇਆ ਹਾਥੀ, ਬਾਬਾ ਜੀ ਦਾ ਪਤਾ ਲੱਗਿਆ ਤਾਂ ਤੁਰ ਕੇ ਵੀ ਆ ਸਕਦਾ ਸੀ, ਕਿਉਂਕਿ ਸੰਤਾਂ ਕੋਲ ਤਾਂ ਬੜੀ ਨਿਮਰਤਾ ਨਾਲ ਜਾਣਾ ਚਾਹੀਦਾ ਹੈ, ਜ਼ਿਆਦਾ pump & show ਨਾਲ ਜਾਣਾ, ਖਾਲੀ ਆਉਂਦਾ ਹੈ ਆਦਮੀ, ਨਿਮਰਤਾ ਦੀ ਝੋਲੀ ਲੈ ਕੇ ਜਾਣ ਵਾਲਾ, ਝੋਲੀ ਭਰ ਕੇ ਲਿਆਂਦਾ ਹੈ, ਬਾਬਾ ਜੀ ਦੇ ਕੋਲ ਆ ਕੇ ਹਾਥੀ ਬਿਠਾ ਦਿਤਾ ਤੇ ਉਥੇ ਉਤਰ ਆਇਆ। ਬਾਬਾ ਜੀ ਪੂਰਨ ਮਹਾਂਪੁਰਸ਼ ਸੀ, ਮਾੜੇ ਮੋਟੇ ਤਾਂ ਹੈ ਨਹੀਂ ਸੀ, ਬਾਬਾ ਜੀ ਨੇ ਇਕ ਦਮ ਅਨੁਭਵ ਕਰਿਆ ਕਿ ਇਹ ਹਾਥੀ ਤਾਂ ਜਾਨਲੇਵੂ ਹੈ, ਫੇਰ ਵੀ ਮਹਾਂਪੁਰਸ਼ਾਂ ਦੇ ਮਨ 'ਚ ਉਪਕਾਰ ਹੁੰਦਾ ਹੈ ਤੇ ਹਾਲ ਚਾਲ ਪੁਛਿਆਂ, ਕਹਿਣ ਲੱਗੇ, ਸੁੱਧ ਸਿੰਘ! ਆਹ ਹਾਥੀ 'ਤੇ ਨਾ ਤੂੰ ਚੜ੍ਹਿਆ ਕਰ ਪ੍ਰੇਮੀਆਂ! ਇਹਦੇ ਤੇਰੇ ਲੈਣੇ ਦੇਣੇ ਦੇ ਕੁਛ ਹਿਸਾਬ ਨੇ, ਇਹ ਇਹਨੇ ਪੂਰੇ ਕਰਨੇ ਨੇ ਤੇ ਤੇਰੇ ਤੋਂ ਹਿਸਾਬ ਕਿਤਾਬ ਲੈਣਾ ਹੀ ਹੈ ਜਿਵੇਂ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ -

***ਧਾਰਨਾ - ਫਲ ਦਿਤਿਆਂ ਬਾਜ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਪਿਆਰਿਆ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩***

ਕਹਿਣ ਲੱਗੇ, ਸੁੱਧ ਸਿੰਘ! ਤੇਰੇ ਕਰਮ ਐਹੋ ਜਿਹੇ ਕੀਤੇ ਹੋਏ ਨੇ ਕਿ ਇਹ ਫਲ ਦੇਣ ਨੂੰ ਤਿਆਰ ਹੋਏ-ਹੋਏ ਨੇ। ਕਰਮ ਵੀ ਫਲ ਦਿੰਦੇ ਨੇ ਸਾਧਸੰਗਤ ਜੀ? ਮੈਂ ਪਿਛੇ ਬੇਨਤੀ ਕੀਤੀ ਸੀ ਕਿ ਭਾਈ ਦਇਆ ਸਿੰਘ ਜੀ ਨੇ ਬੜੇ ਵਿਸਥਾਰ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਦੇ ਆਖਣ 'ਤੇ ਸਮਝਾਇਆ ਸੀ ਸਿੰਘਾਂ ਨੂੰ ਕਿ ਕਰਮ ਕਿਵੇਂ ਕੰਮ ਕਰਦੇ ਨੇ। ਤਿੰਨ ਤਰ੍ਹਾਂ ਦੇ ਕਰਮ ਹੁੰਦੇ ਨੇ - ਇਕ ਕ੍ਰਿਆਮਾਨ ਕਰਮ ਹੁੰਦੇ ਨੇ, ਇਕ ਸੰਚਿਤ ਹੁੰਦੇ ਨੇ, ਇਕ ਪਰਾਲਬਧ ਕਰਮ ਹੁੰਦੇ ਨੇ। ਜਿਹੜਾ ਕਰਮ ਪਰਾਲਬਧ ਦੀ ਕੋਟੀ ਵਿਚ ਆ ਗਿਆ, ਉਹ ਐਸਾ ਮੱਤ ਹੈ ਕਿ ਭੋਗਣਾ ਹੀ ਪੈਂਦਾ ਹੈ।

***ਭੋਗੇ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।***

ਗੁਰੂ ਮਹਾਰਾਜ ਗੁਰੂ ਨਾਨਕ ਸਾਹਿਬ ਇਸ ਦੀ ਜ਼ਬਰਦਸਤ ਪ੍ਰੋੜਤਾ ਕਰਦੇ ਹੋਏ ਫੁਰਮਾਨ ਕਰਦੇ ਨੇ ਕਿ ਮੱਥੇ ਦੇ ਵਿਚ ਲਿਖੀ ਹੋਈ ਗੱਲ ਨੂੰ ਕੋਈ ਟਾਲ੍ਹਣ ਨੂੰ ਸਮਰੱਥ ਨਹੀ, ਕੋਈ ਟਾਲ ਨਹੀਂ ਸਕਦਾ।

***ਰਾਜਾ ਜਨਮੇਜਾ ਦੇ ਮਤੀਂ***
***ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ***
***ਕਿਰਤੁ ਨ ਚਲੈ ਚਲਾਇਆ ॥ ਅੰਗ - ੧੩੪੪***

ਅਰਜਨ ਦਾ ਪੜੋਤਾ ਸੀਗਾ, ਇਕ ਵਾਰੀ ਵਿਆਸ ਰਿਸ਼ੀ ਜਿਨ੍ਹਾਂ ਨੂੰ ਤ੍ਰਿਕਾਲਦਰਸ਼ੀ ਕਿਹਾ ਜਾਂਦਾ ਹੈ, ਜੋ ਵਿਦਿਆ ਦੇ ਕਾਰਕ ਅਵਤਾਰ ਨੇ, ਜਦ ਵੀ ਵਿਦਿਆ ਲੀਨਤਾ 'ਚ ਆਏਗੀ, ਉਸ ਵੇਲੇ ਕਾਰਕ ਰੂਪ ਦੇ ਅਨੁਸਾਰ, ਭੀਸ਼ਮ ਪਿਤਾਮਾ ਬਾਲ ਜਤੀ ਤੇ ਸਭ ਕੁਛ ਜਾਨਣ ਵਾਲਾ ਤੇ ਹੋਰ ਵੱਡੇ-ਵੱਡੇ ਮਹਾਂਪੁਰਸ਼ ਦਰੋਣਾਚਾਰੀਆ ਵਰਗੇ ਤੇ ਬਿਦਰ ਵਰਗੇ ਨੀਤੀ ਨੇਤਾ ਹੁੰਦਿਆਂ ਹੋਇਆਂ ਫੇਰ ਯੁੱਧ ਹੋ ਗਿਆ, ਅਰ ਕਿਸੇ ਗੱਲ 'ਤੇ ਨਹੀਂ ਹੋਇਆ, ਉਹਦਾ ਕੋਈ ਵੀ ਕਾਰਨ ਨਹੀਂ ਕੇਵਲ ਹਉਮੈ ਕਾਰਨ ਹੈ, ਮਾਣ ਕਾਰਨ ਹੈ। ਪਾਂਡਵਾਂ ਨੇ ਮਹੱਲ ਬਣਾਇਆ ਸੀ ਤੇ ਸੀਗਾ ਮਾਇਆ ਮਹੱਲ, ਦੁਰਯੋਧਨ ਪਾਣੀ 'ਚ ਗਿਰ ਗਿਆ ਤੇ ਦਰੋਪਤੀ ਦੇ ਮੂੰਹੋਂ ਨਿਕਲ ਗਿਆ ਕਿ ਅੰਨ੍ਹੇ ਦਾ ਪੁੱਤਰ ਅੰਨਾ ਹੀ ਹੁੰਦਾ ਹੈ, ਆਹ ਗੱਲ ਸੀ ਸਾਰੀ ਲੜਾਈ ਦੀ, ਇਥੋਂ ਜਿਉਂ ਵਿਵਾਦ ਛਿੜਿਆ, 45 ਲੱਖ ਬੰਦਾ 18 ਦਿਨਾਂ 'ਚ ਮਰ ਗਿਆ। ਢਾਈ-ਢਾਈ ਲੱਖ ਦੀ ਇਕ ਖੂਹਣੀ ਹੁੰਦੀ। ਹਰ ਰੋਜ਼ ਇਕ ਖੂਹਣੀ ਮਰ ਜਾਇਆ ਕਰਦੀ ਸੀ, ਢਾਈ ਲੱਖ ਬੰਦਾ ਰੋਜ਼ ਮਰਦਾ ਸੀ। 18 ਦਿਨਾਂ 'ਚ ਸਾਰਾ ਮੈਦਾਨ-ਏ-ਜੰਗ ਮਰੇ ਹੋਏ ਬੰਦਿਆਂ ਨਾਲ ਭਰਿਆਂ ਪਿਆ ਸੀ, ਸਿਰਫ ਸੱਤ ਬੰਦੇ ਬਚੇ। ਕਹਿਣ ਲੱਗੇ, ਐਡੀ ਵੱਡੀ ਦੁਰਘਟਨਾ ਸਾਰੇ ਇਤਿਹਾਸ ਦੇ ਅੰਦਰ ਕਦੇ ਕਿਸੇ ਨਾਲ ਨਹੀਂ ਹੋਈ, ਜਿਹੜੀ ਤੁਹਾਡੇ ਹੁੰਦਿਆਂ ਹੋਈ। ਸਮਝਾ ਨਾ ਸਕੇ ਤੁਸੀ ਉਨ੍ਹਾਂ ਨੂੰ। ਉਸ ਵੇਲੇ ਬਿਆਸ ਜੀ ਕਹਿਣ ਲੱਗੇ, ਕਹਿੰਦੇ ਜਨਮੇਜੇ! -

***ਹੋਣਹਾਰ ਹਿਰਦੇ ਵਸੀ ਗਈ ਸਰੀਰੋਂ ਬੁੱਧ।***

ਜਦੋਂ ਹੋਣਹਾਰ ਵਸ ਜਾਵੇ ਨਾ ਹਿਰਦੇ 'ਚ। ਫੇਰ ਬੁੱਧੀ ਨਹੀਂ ਕੰਮ ਕਰਿਆ ਕਰਦੀ। ਬੁੱਧੀ ਮਲੀਨ ਹੋ ਜਾਂਦੀ ਹੈ -

***ਵਿਨਾਸ ਕਾਲਯ ਬੁੱਧੀ ਬਿਪਰੀਤਯ।***

ਦੂਜੀ ਗੱਲ ਇਹ ਹੈ ਕਿ ਜਿਹੜਾ ਕੁਛ ਹੋਣਾ ਹੈ, ਇਵੇਂ ਹੀ ਹੋਣਾ ਹੈ। ਹੋਣਾ ਹੀ ਸੀਗਾ ਇਹ। ਹੋਣੀ ਨੂੰ ਕੋਈ ਟਾਲ ਨਹੀਂ ਸਕਦਾ। ਕਹਿੰਦੇ, ਇਹ ਤਾਂ ਜਦ ਗੱਲ ਹੋ ਜਾਂਦੀ ਹੈ ਨਾ, ਜਿਥੇ ਹੱਥ ਨਾ ਅਪੜੇ ਓਥੇ ਰੱਬ ਦਾ ਭਾਣਾ, ਪਿਛੋਂ ਗੱਲ ਕਹਿ ਦੇਣੀ,। ਕਹਿੰਦਾ ਪਤਾ ਹੋਵੇ ਬੰਦੇ ਨੂੰ ਕਿ ਸਾਮ੍ਹਣੇ ਮੈਂ ਖੂਹ ਵਿਚ ਗਿਰਨਾ ਹੈ ਤੇ ਕੋਈ ਦੱਸ ਦੇਵੇ, ਦੇਖਦਾ ਹੋਵੇ, ਕਿਵੇਂ ਖੂਹ ਵਿਚ ਗਿਰ ਪਏਗਾ। ਉਹ ਕਹਿੰਦੇ, ਜਨਮੇਜਾ! ਜੇ ਖੂਹ ਵਿਚ ਗਿਰਨਾ ਹੈ, ਗਿਰ ਹੀ ਪਏਗਾ ਉਹਦੀ ਅਕਲ ਨੂੰ ਤਾਲਾ ਲਗ ਜਾਏਗਾ। ਅਕਲ ਨਹੀਂ ਉਸ ਵੇਲੇ ਕੰਮ ਕਰਦੀ। ਕਿਹੜਾ ਬੰਦਾ ਹੈ ਕਮਲਾ ਜਿਹੜਾ ਆਪਣਾ ਨਫਾ ਨੁਕਸਾਨ ਨਹੀਂ ਜਾਣਦਾ। ਲੇਕਿਨ ਫੇਰ ਸਾਡੇ ਨਾਲ ਬੀਤਦੀਆਂ ਨੇ। ਕਹਿਣ ਲੱਗੇ, ਜੇ ਮੈਨੂੰ ਪਤਾ ਹੋਵੇ ਮੈਂ ਬਿਲਕੁਲ ਨਹੀਂ ਹੋਣ ਦਿੰਦਾ। ਕਹਿੰਦਾ, ਲੈ ਲਿਖ ਲੈ, ਤੈਨੂੰ ਮੈਂ ਸਮਝਾ ਦਿੰਦਾ ਹਾਂ। ਕਹਿੰਦੇ, ਤੂੰ ਇਕ ਘੋੜੀ ਲੈਣੀ ਹੈ, ਉਹ ਘੋੜੀ 'ਤੇ ਚੜ੍ਹ ਕੇ ਤੂੰ ਸ਼ਿਕਾਰ ਖੇਲ੍ਹਣਾ ਹੈ ਤੇ ਇਕ ਦਿਨ ਓਸ ਘੋੜੀ ਦੇ ਪੇਟ ਤੋਂ ਬੱਚਾ ਹੋਣਾ ਹੈ ਹਰੇ ਰੰਗ ਦਾ, ਵਛੇਰਾ ਹੋਏਗਾ ਤੇ ਤੂੰ ਸ਼ਿਕਾਰ ਖੇਲ੍ਹਦੇ-ਖੇਲ੍ਹਦੇ ਦੱਖਣ ਦਿਸ਼ਾ 'ਚ ਚਲੇ ਜਾਣਾ ਹੈ ਤੇ ਓਥੇ ਜਾ ਕੇ, ਖੂਬਸੂਰਤ ਲੜਕੀ ਜਿਸਦੀ ਜ਼ਾਤ ਬਾਰੇ ਤੂੰ ਨਹੀਂ ਜਾਣਦਾ, ਓਸ ਨੂੰ ਆਪਣੇ ਮਹਿਲਾਂ 'ਚ ਲੈ ਆਵੇਂਗਾ ਤੇ ਕਿਉਂਕਿ ਜ਼ਾਤ ਪਾਤ ਦਾ ਬੰਧਨ ਹੱਦ ਤੋਂ ਜ਼ਿਆਦਾ ਸੀ, ਓਸ ਵੇਲੇ ਰਿਆਇਆ ਤੇਰੀ ਸਾਰੀ ਤੇਰੇ ਨਾਲ ਨਰਾਜ਼ ਹੋ ਜਾਏਗੀ ਤੇ ਤੇਰਾ ਬਾਈਕਾਟ ਕਰ ਦੇਵੇਗੀ। ਓਸ ਵੇਲੇ ਤੂੰ ਉਨ੍ਹਾਂ ਨੂੰ ਟਿਕਾਉਣ ਵਾਸਤੇ ਵੱਡਾ ਯੱਗ

ਕਰੇਂਗਾ, ਅਸ੍ਵਮੇਧ ਯੱਗ ਕਰੇਂਗਾ, ਘੋੜਾ ਮਾਰ ਕੇ ਫੇਰ ਮੰਤਰਾਂ ਦੇ ਬਲ ਨਾਲ ਉਹਨੂੰ ਜੀਉਂਦਾ ਕਰ ਲੈਣਾ। ਉਸ ਦੇ ਵਿਚ ਕਿਸੇ ਬ੍ਰਾਹਮਣ ਨੇ ਨਹੀਂ ਆਉਣਾ, ਬੱਚਿਆਂ ਨੂੰ ਸਕੂਲਾਂ 'ਚੋਂ ਲੈ ਆਵੇਂਗਾ। 18-18 ਸਾਲਾਂ ਦੇ ਬੱਚੇ ਹੋਣਗੇ, ਉਹ ਪ੍ਰਸ਼ਾਦਾ ਛਕਦੇ-ਛਕਦੇ ਆਪਣੀ ਹੀ ਗੱਲ ਤੋਂ ਹੱਸਣਗੇ ਤੇ ਓਧਰਲੇ ਪਾਸੇ ਤੇਰੀ ਰਾਣੀ ਦਾ ਪੱਲਾ ਉਚਾ ਹੋ ਜਾਏਗਾ ਸਾੜੀ ਦਾ, ਤੇ ਤੂੰ ਸਮਝੇਂਗਾ ਕਿ ਤੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ ਉਹ। ਤੂੰ ਉਨ੍ਹਾਂ ਬੱਚਿਆਂ ਨੂੰ ਮਾਰ ਦੇਵੇਂਗਾ ਤੇ ਤੈਨੂੰ ਕੋਹੜ ਹੋ ਜਾਏਗਾ। ਦੁਖੀ ਹੋਏਂਗਾ ਤੇ ਮੈਂ ਤੇਰੇ ਕੋਲ ਆ ਕੇ -

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪***

ਤੈਨੂੰ ਨਾਮ ਦੀ ਕਥਾ ਸੁਣਾਵਾਂਗਾ। ਭਾਗਵਤ ਕਥਾ ਸੁਣਾਵਾਂਗਾ ਪ੍ਰਮੇਸ਼ਰ ਦੀ। ਪ੍ਰਭੂ ਦੀ ਕਥਾ ਦਾ ਫਲ ਇਹ ਹੋਏਗਾ ਕਿ ਤੇਰਾ ਰੋਗ, ਜਿਉਂ-ਜਿਉਂ ਤੂੰ ਸੁਣੇਂਗਾ, ਤਿਉਂ-ਤਿਉਂ ਮਿਟਦਾ ਚਲਾ ਜਾਏਂਗਾ। ਲੇਕਿਨ ਤੇਰੇ ਅੰਦਰ ਵਿਸ਼ਵਾਸ਼ ਦੀ ਘਾਟ ਹੋਣ ਕਰਕੇ, ਤੂੰ ਉਹਦੇ ਉਤੇ ਤਰਕ ਕਰ ਦਏਂਗਾ। ਤਰਕ ਦੇ ਨਾਲ ਤੇਰੇ ਨੱਕ ਦੇ ਉਤੇ ਕੋਹੜ ਰਹਿ ਜਾਏਗਾ। ਤੂੰ ਉਹਦੇ ਨਾਲ ਹੀ ਮਰੇਂਗਾ। ਜਾਹ, ਜਿਹੜਾ ਕੁਛ ਕਰਨਾ ਹੈ ਕਰ ਲੈ। ਕਹਿੰਦਾ, ਆਹ ਤਾਂ ਮਾਮੂਲੀ ਗੱਲ ਹੈ ਮੈਂ ਘੋੜੀ ਹੀ ਨਹੀਂ ਖਰੀਦਦਾ। ਮੈਂ ਚੜ੍ਹਨਾ ਹੀ ਨਹੀਂ ਘੋੜਿਆਂ 'ਤੇ। ਕਹਿੰਦੇ ਜਾਹ, ਕਰ ਲੈ ਜਿਹੜਾ ਕੁਛ ਤੂੰ ਕਰਨਾ ਹੈ। ਕਹਿੰਦੇ, ਤੇਰੀ ਬੁੱਧੀ ਕਾਇਮ ਨਹੀਂ ਰਹਿਣੀ ਜਦ ਇਹ ਗੱਲ ਹੋਣੀ ਹੈ। ਉਸ ਵੇਲੇ ਹੁਕਮ ਕਰ ਦਿਤਾ ਕਿ ਘੋੜਾ ਕੋਈ ਨਹੀਂ ਖਰੀਦਣਾ, ਚਾਰ ਸਾਲ ਲੰਘ ਗਏ। ਉਸ ਵੇਲੇ ਜਿਹੜਾ ਉਹਦਾ ਸੈਨਾਪਤੀ ਸੀ ਉਹ ਕਹਿਣ ਲੱਗਿਆ ਕਿ ਮਹਾਰਾਜ! ਘੋੜੇ ਬੁੱਢੇ ਹੋ ਗਏ, ਜੇ ਕਿਸੇ ਨਾਲ ਲੜਾਈ ਕਰਨੀ ਪਈ, ਨਾ ਤਾਂ ਘੋੜੇ ਨੱਠ ਸਕਣਗੇ ਤੇਜ਼ੀ ਫੁਰਤੀ ਦੇ ਨਾਲ ਨਾ ਆਪਣੇ ਪੈਂਤਰੇ ਬਦਲ ਸਕਣਗੇ ਤੇ ਜੁਆਨ ਮਾਰੇ ਜਾਣਗੇ, ਹਾਰ ਹੋ ਜਾਏਗੀ ਤੇ ਰਾਜ ਜਾਂਦਾ ਰਹੇਗਾ, ਦੁਸ਼ਮਣ ਸਿਰ 'ਤੇ ਚੜ੍ਹੇ ਬੈਠੇ ਨੇ। ਕਹਿੰਦਾ, ਘੋੜੇ ਖਰੀਦ ਲਓ, ਘੋੜੀ ਨਹੀਂ ਖਰੀਦਣੀ। ਘੋੜੇ ਖਰੀਦ ਲਏ ਗਏ, ਇਕ ਘੋੜੀ ਐਨੀ ਖੂਬਸੂਰਤ ਆ ਗਈ, ਜਿਹਨੂੰ ਦੇਖ ਕੇ ਸਾਰੇ ਅਮੀਰ ਵਜ਼ੀਰ ਕਹਿਣ ਲੱਗੇ ਕਿ ਆਹ ਘੋੜੀ ਤਾਂ ਰਾਜੇ ਕੋਲ ਚਾਹੀਦੀ ਹੈ। ਇਹਦੇ ਉਤੇ ਹੋਰ ਬੰਦਾ ਨਹੀਂ ਚੜ੍ਹਨਾ ਚਾਹੀਦਾ। ਸੋ ਉਸ ਵੇਲੇ ਜਨਮੇਜੇ ਨੂੰ ਕਿਹਾ ਕਿ ਘੋੜੀ ਤੁਹਾਡੇ ਅਸਤਬਲ 'ਚ ਚਾਹੀਦੀ ਹੈ, ਨਾ ਚੜ੍ਹਨਾ ਉਹਦੇ ਉਤੇ, ਖਰੀਦ ਤਾਂ ਲਓ। ਘੋੜੀ ਖਰੀਦ ਲਈ ਗਈ, ਪੰਜ ਚਾਰ ਮਹੀਨੇ ਤੋਂ ਬਾਅਦ ਘੋੜੀ ਮਾੜੀ ਹੋ ਗਈ ਤੇ ਉਸ ਵੇਲੇ ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਮਾੜਾ-ਮੋਟਾ ਫਿਰ ਆਇਆ ਕਰੋ, ਦੱਖਣ ਦਿਸ਼ਾ ਨਾ ਜਾਇਓ, ਅਖੀਰ ਇਸ ਤਰ੍ਹਾਂ ਹੁੰਦੇ-ਹੁੰਦੇ ਦੱਖਣ ਦਿਸ਼ਾ 'ਚ ਚਲਿਆ ਗਿਆ। ਓਸ ਲੜਕੀ ਨੂੰ ਲੈ ਆਇਆ ਤੇ ਉਸ ਤੋਂ ਬਾਅਦ ਨਰਾਜ਼ਗੀ ਫੈਲ ਗਈ ਰਿਆਇਆ 'ਚ। ਇਹਨੇ ਯੱਗ ਸ਼ੁਰੂ ਕਰ ਦਿਤਾ, ਕੋਈ ਆਇਆ ਨਾ, ਬੱਚਿਆਂ ਨੂੰ ਲੈ ਆਇਆ ਤੇ ਜਦੋਂ ਪ੍ਰਸ਼ਾਦਾ ਵਰਤਾਉਂਦੇ ਨੇ ਤੇ ਉਹ ਰਾਣੀ ਨਾਲ ਰਹਿੰਦੀ ਹੈ ਹਰ ਵਕਤ। ਉਹ ਵੀ ਪੰਗਤ ਵਿਚ ਨਾਲ ਘੁੰਮਦੀ ਫਿਰਦੀ ਹੈ ਤੇ ਕਰਦੀ ਇਹ ਹੈ ਕਿ ਹਰ ਵਾਰੀ ਅੰਦਰ ਜਾ ਕੇ ਦੂਜੀ ਸਾੜੀ ਲਾ ਆਉਂਦੀ ਹੈ। ਬੱਚੇ ਕਹਿਣ ਲੱਗੇ ਕਿ ਰਾਣੀਆਂ ਬਦਲ ਜਾਂਦੀਆਂ ਨੇ ਹਰ ਵਾਰੀ, ਇਕ ਕਹਿਣ ਲੱਗਿਆ ਕਿ ਨਹੀਂ ਓਹੀ ਆਉਂਦੀ ਹੈ। ਦੂਜਾ ਕਹਿੰਦਾ ਕਿ ਤੈਨੂੰ ਕਿਵੇਂ ਪਤਾ ਹੈ। ਕਿਉਂਕਿ ਬੱਚਿਆਂ ਦੀ ਚੰਚਲ ਬੁੱਧ ਹੁੰਦੀ ਹੈ, ਕਹਿੰਦਾ ਖੀਰ ਦਾ ਇਕ ਚੌਲ ਨਹੁੰ ਤੇ ਰੱਖ ਕੇ ਮਾਰਿਆ, ਉਹਦੇ ਪੈਰ ਤੇ ਲੱਗਿਆ ਹੋਇਆ ਹੈ, ਦੇਖ ਲੈਣਾ, ਜਦ ਉਹ ਰਾਣੀ ਆਈ ਤਾਂ ਸੱਚੀਓਂ ਪੈਰ 'ਤੇ ਲੱਗਿਆ ਹੋਇਆ ਸੀ, ਬੱਚੇ ਤਾੜੀ ਮਾਰ ਕੇ ਹੱਸ ਪਏ, ਬੱਚੇ ਸੀਗੇ, ਉਚੀ-ਉਚੀ ਹਸੇ ਤੇ ਓਧਰੋਂ ਹਵਾ ਆ ਗਈ, ਸਾੜੀ ਦਾ ਪੱਲਾ ਉਪਰ ਉਠ ਗਿਆ। ਰਾਜੇ ਨੂੰ ਐਨਾ ਕ੍ਰੋਧ ਆਇਆ ਕਿ ਚੁੱਕ-ਚੁੱਕ ਕੇ ਕੜਾਹਿਆਂ 'ਚ ਸੁੱਟ ਦਿਤੇ, ਭੱਠਾਂ ਵਿਚ ਸੁੱਟ ਦਿਤੇ। ਬੱਚੇ ਮਰ ਗਏ, ਕੋਹੜ ਹੋ ਗਿਆ। ਜਨਮੇਜੇ ਦੇ ਕੋਲ ਵਿਆਸ ਜੀ ਆਏ, ਕਹਿਣ ਲੱਗੇ ਕਿਉਂ ਜਨਮੇਜੇ ਹੁਣ ਦੱਸ ਤੇਰੀ ਬੁੱਧੀ ਕਿਥੇ ਗਈ ਸੀ। ਤੈਨੂੰ ਤਾਂ ਅਸੀ ਲਿਖਾ ਦਿਤਾ ਸੀ ਨਾ ਪਰ ਤੂੰ ਰੋਕ ਨਾ ਸਕਿਆ। ਕਹਿਣ ਲੱਗਿਆ, ਮਹਾਰਾਜ! ਹੁਣ ਤਾਂ ਹੋ ਗਿਆ ਸਭ ਕੁਛ, ਜੋ ਕੁਛ ਹੋਣਾ ਸੀ। ਹੁਣ ਮੇਰੇ 'ਤੇ ਕ੍ਰਿਪਾ ਕਰੋ, ਕਹਿੰਦੇ ਲੈ ਕ੍ਰਿਪਾ ਤਾਂ ਅਸੀਂ ਕਰ ਦਿੰਦੇ ਹਾਂ, ਪਰ ਤੇਰੇ ਅੰਦਰ ਤਰਕ ਆ ਜਾਣੀ ਹੈ। ਕਹਿੰਦਾ ਕਿੱਥੇ? ਕਹਿੰਦੇ ਉਹ ਵੀ ਤੈਨੂੰ ਦੱਸ ਦਿੰਦੇ ਹਾਂ ਕਿ ਹੁਣ ਆਏਗੀ ਤੈਨੂੰ ਤਰਕ। ਸੁਣਾਉਂਦੇ-ਸੁਣਾਉਂਦੇ ਇਕ ਥਾਂ ਦੇ ਉਤੇ ਮੰਤਰ ਬਲ ਦਾ ਜ਼ਿਕਰ ਚੱਲ ਰਿਹਾ ਸੀ, ਉਹਦੇ ਵਿਚ ਆਇਆ ਕਿ ਬਾਰ-ਬਾਰ ਜੇ ਕਿਸੇ ਮੰਤਰ ਨੂੰ ਜਪਿਆ ਜਾਵੇ ਤਾਂ ਉਹਦੀ ਤਾਕਤ ਪ੍ਰਗਟ ਹੋ ਜਾਂਦੀ ਹੈ।

ਐਥੇ ਆਪਣੇ ਆਸ਼ਰਮ ਦੇ ਅੰਦਰ (ਰਤਵਾੜਾ ਸਾਹਿਬ) ਬਿਮਾਰ ਆਉਂਦੇ ਨੇ ਬਹੁਤ ਸਾਰੇ। ਅਸੀਂ ਕੁਛ ਨਹੀਂ ਦਸਦੇ, ਕੋਈ ਦਵਾਈ ਨਹੀਂ ਉਨ੍ਹਾਂ ਨੂੰ ਦਿੰਦੇ। ਸਿਰਫ ਐਨਾ ਹੀ ਦਸਦੇ ਹਾਂ ਕਿ ਤੁਸੀਂ ਜਪੁਜੀ ਸਾਹਿਬ ਦੀ ਸ਼ਕਤੀ ਦੇ ਨਾਲ ਰਾਜ਼ੀ ਹੋ ਜਾਵੋਂਗੇ। ਜਪੁਜੀ ਸਾਹਿਬ ਨੂੰ ਚਾਹੇ ਤਾਂ ਗਿਆਨ ਵਾਸਤੇ ਪੜ੍ਹ ਲਓ, ਚਾਹੇ ਦੁਨੀਆਂ ਦੇ ਕੰਮ ਠੀਕ ਕਰਨ ਨੂੰ ਪੜ੍ਹ ਲਓ, ਚਾਹੇ ਬੀਮਾਰੀਆਂ ਠੀਕ ਕਰਨ ਨੂੰ ਪੜ੍ਹ ਲਓ, ਸਾਰੀਆਂ ਚੀਜ਼ਾਂ ਨੂੰ ਸਮਰੱਥ ਹੈ ਤੇ ਨਾਲ ਅਸੀਂ ਸੇਵਾ ਦੱਸ ਦਿੰਦੇ ਹਾਂ, ਪੜ੍ਹਦੇ-ਪੜ੍ਹਦੇ ਉਨ੍ਹਾਂ ਦੀਆਂ ਬੀਮਾਰੀਆਂ ਖਤਮ ਹੋ ਜਾਂਦੀਆਂ ਨੇ। ਥੱਕੇ ਹੁੰਦੇ ਨੇ ਦਵਾਈਆਂ ਖਾ-ਖਾ ਕੇ, ਕਿਉਂਕਿ ਮੰਤਰ ਬਲ ਹੈ ਇਹ। ਪ੍ਰਗਟ ਹੋ ਜਾਂਦਾ ਹੈ ਉਹਦੇ ਵਿਚੋਂ। ਦੋ ਚੀਜ਼ਾਂ ਹੁੰਦੀਆਂ ਨੇ, ਇਕ ਤਾਂ ਲਕਸ਼ਣ ਹੁੰਦਾ ਹੈ, ਇਕ ਸ਼ਕਤੀ ਹੁੰਦੀ ਹੈ, ਅੱਖਰ ਕੋਈ ਬੋਲ ਲਓ ਤੁਸੀ, ਇਕ ਤਾਂ ਲਕਸ਼ਣ ਹੋਏਗਾ, ਇਕ ਸ਼ਕਤੀ ਹੋਏਗੀ। ਆਹ ਵਾਜਾ ਪਿਆ ਹੈ ਮੇਰੇ ਮੂਹਰੇ, ਇਕ ਤਾਂ ਇਹਦਾ ਲਕਸ਼ਣ ਹੈ ਕਿ ਜਿਹੜਾ ਤੁਹਾਨੂੰ ਨਜ਼ਰ ਆਉਂਦਾ ਹੈ, ਇਹਦੀ ਸ਼ਕਤੀ ਹੈ ਜੇ ਮੈਂ ਇਹਨੂੰ ਸਹੀ ਤਰੀਕੇ ਨਾਲ ਤਾਂ ਉਹ ਸੁਰਾਂ ਤੁਹਾਡੇ ਮਨ ਨੂੰ ਮੋਹਿਤ ਕਰ ਦੇਣਗੀਆਂ। ਮੋਹ ਲੈਣਾ ਇਹਦੀ ਸ਼ਕਤੀ ਹੈ, ਇਸੇ ਤਰ੍ਹਾਂ ਸ਼ਬਦ ਦੇ ਵਿਚ ਸ਼ਕਤੀ ਹੁੰਦੀ ਹੈ। ਸੋ ਉਹ ਜਿਸ ਵਕਤ ਕਹਿਣ ਲੱਗੇ ਮੈਂ ਸ਼ਬਦ ਦੀ ਗੱਲ ਕਰਨੀ ਹੈ ਤਾਂ ਤੈਨੂ ਤਰਕ ਆਉਣੀ ਹੈ, ਸਾਰੀ ਕਥਾ ਸੁਣਾਉਣ ਤੋਂ ਬਾਅਦ ਇਕ ਥਾਂ ਆਇਆ ਕਿ ਭੀਮ ਘਿਰ ਗਿਆ, ਕੋਈ ਹਥਿਆਰ ਨਹੀਂ। ਮੰਤਰ ਬਲ ਨਾਲ ਉਹਨੇ ਹਾਥੀ ਚੁੱਕ-ਚੁੱਕ ਕੇ ਉਪਰ ਸੁੱਟ ਦਿਤੇ, space ਵਿਚ, ਉਹ ਹੁਣ ਤਾਂਈਂ ਘੁੰਮਦੇ ਫਿਰਦੇ ਨੇ, ਉਤੋਂ ਤਾਂ ਹਾਂ ਕਰ ਦਿਤੀ ਲੇਕਿਨ ਅੰਦਰੋਂ ਤਰਕ ਆ ਗਈ, ਕਹਿੰਦੇ ਸੱਚ ਦੱਸ। ਕਹਿੰਦਾ, ਸੱਚ ਤਾਂ ਇਹ ਹੈ ਜੀ ਬਈ ਆਦਮੀ 'ਚ ਐਨਾ ਬਲ ਹੋ ਸਕਦਾ ਹੈ ਕਿ ਹਾਥੀਆਂ ਨੂੰ ਘੁੰਮਾ ਕੇ ਉਪਰ ਮਾਰੇ ਚੁੱਕ ਕੇ,

ਚਾਲੀ ਪੰਜਾਹ ਮੀਲ ਕਹਿੰਦੇ ਉਹ ਤਾਂ ਤੈਨੂੰ ਹੁਣ ਅਸੀਂ ਦਿਖਾ ਦਿੰਦੇ ਹਾਂ, ਯੋਗ ਬਲ ਦੇ ਨਾਲ ਸਾਰੇ ਹਾਥੀਆਂ ਦੇ ਪਿੰਜਰਾਂ ਦਾ ਢੇਰ ਲਾ ਦਿਤਾ, ਕਹਿੰਦੇ ਹੁਣ ਦੱਸ। ਹੁਣ ਤੇਰੇ ਨੱਕ 'ਤੇ ਕੋਹੜ ਰਹਿ ਗਿਆ, ਇਹ ਵੀ ਮਿਟ ਜਾਣਾ ਸੀ, ਪਰ ਤੇਰੇ ਕਰਮਾਂ ਨੇ ਤੇਰਾ ਸਾਥ ਦਿਤਾ ਨਹੀਂ ਹੈ। ਸੋ ਮਹਾਰਾਜ ਕਹਿੰਦੇ –

*ਰਾਜਾ ਜਨਮੇਜਾ ਦੇ ਮਤੀਂ*
*ਬਰਜਿ ਬਿਆਸਿ ਪੜ੍ਹਾਇਆ ॥*
*ਤਿਨ੍ਹਿ ਕਰਿ ਜਗ ਅਠਾਰਹ ਘਾਏ*
*ਕਿਰਤੁ ਨ ਚਲੈ ਚਲਾਇਆ ॥ ਅੰਗ – ੧੩੪੪*

ਮੱਥੇ ਦੇ ਉਤੇ ਜੋ ਲਿਖਿਆ ਹੋਇਆ ਹੈ ਕਲਮ ਨਾਲ ਉਹ ਟਲਦੀ ਨਹੀਂ।

ਇਹਦੇ ਵਿਚ ਕਈਆਂ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਟਲਣ ਦਾ ਕੋਈ ਇਲਾਜ ਹੀ ਨਹੀਂ। ਮਹਾਰਾਜ ਕਹਿੰਦੇ, ਹੈਗਾ। ਸਿਰਫ veeto power ਸੰਤਾਂ ਕੋਲ ਹੁੰਦੀ ਹੈ ਇਸੇ ਕਰਕੇ ਵੇਦ ਸ਼ਾਸਤਰ ਇਨ੍ਹਾਂ ਦੀ ਮਹਿਮਾ ਨੂੰ ਨਹੀਂ ਜਾਣਦੇ।

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਅੰਗ – ੨੭੨*

ਸੁਪਨੇ 'ਚ ਭੁਗਤਾ ਦੇਣ, ਸੂਲੀ ਦੀ ਸੂਲ ਕਰ ਦੇਣ, ਇਨ੍ਹਾਂ ਕੋਲ veeto power ਹੁੰਦੀ ਹੈ –

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ – ੭੪੮*

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ*
*ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਅੰਗ – ੧੨੫੨*

ਕਹਿੰਦਾ, ਮਹਾਰਾਜ! ਕ੍ਰਿਪਾ ਕਰਕੇ ਚਾਨਣਾ ਵੀ ਪਾ ਦਿਓ, ਮੈਂ ਬਚਣ ਦਾ ਯਤਨ ਕਰਾਂਗਾ।

ਕਹਿੰਦੇ ਲੈ ਤੈਨੂੰ ਦਸ ਦਿੰਦੇ ਹਾਂ ਪਿਛਲੇ ਜਨਮ 'ਚ ਤੂੰ ਗੁਰੂ ਕਾ ਸਿੰਘ ਸੀਗਾ, ਅਨੰਦਪੁਰ ਸਾਹਿਬ ਜਦੋਂ ਯੁੱਧ ਹੋਇਆ, ਉਥੇ ਜਦ ਘੇਰਾ ਪਿਆ ਤੇਰਾ ਦਿਲ ਟੁੱਟ ਗਿਆ, ਤੂੰ ਬੇਦਾਵਾ ਦੇ ਕੇ ਚਲਿਆ ਗੁਰੂ ਮਹਾਰਾਜ। ਲੇਕਿਨ ਦੁਬਾਰਾ ਮੁਕਤਸਰ ਆ ਕੇ ਤੂੰ ਆਪਣਾ ਬਲੀਦਾਨ ਦਿਤਾ ਤੇ ਮਹਾਰਾਜ ਜੀ ਨੇ ਜਿੰਨੇ-ਜਿੰਨੇ ਕਿਸੇ ਦੇ ਦੁਆਲੇ ਮਰੇ ਹੋਏ, ਕਟੇ ਹੋਏ ਬੰਦੇ ਪਏ ਸੀ, ਉਸੇ ਤਰ੍ਹਾਂ ਦੱਸ ਹਜ਼ਾਰੀ, ਵੀਹ ਹਜ਼ਾਰੀ, ਪੰਜਾਹ ਹਜ਼ਾਰੀ, ਪੰਜ ਹਜ਼ਾਰੀ; ਇਸ ਤਰ੍ਹਾਂ ਵਰ ਦਿੰਦੇ ਚਲੇ ਗਏ। ਉਹ ਵਰ ਦਾ ਸਦਕਾ, ਆਹ ਜਿਹੜੇ ਛੋਟੇ-ਛੋਟੇ ਮਿਸਲਾਂ ਵਾਲੇ ਨੇ ਇਹਨਾਂ ਨੂੰ ਸਰਦਾਰੀਆਂ ਮਿਲ ਰਹੀਆ ਨੇ। ਤੇਰੇ ਘਰ ਵਿਚ ਇਕ ਨੌਕਰ ਸੀ, ਉਹਨੇ ਚੋਰੀ ਕਰ ਲਈ, ਤੂੰ ਐਨਾ ਕੁੱਟਿਆ ਕਿ ਉਹ ਮਰ ਗਿਆ। ਕਹਿੰਦਾ, ਮਰਨ ਤੋਂ ਬਾਅਦ ਉਹ ਬਾਰ੍ਹਾਂਬੰਕੀ 'ਚ ਜਾ ਕੇ ਯੂ.ਪੀ. 'ਚ ਹਾਥੀ ਬਣ ਗਿਆ। ਕਹਿੰਦਾ, ਹੁਣ ਤੇਰੇ ਕਰਮ ਨੇ ਓਹੀ ਹਾਥੀ ਖਰੀਦ ਲਿਆ। ਕਹਿੰਦਾ, ਮਹਾਰਾਜ! ਇਹ ਤਾਂ ਮੈਨੂੰ ਬੜੇ ਜੰਗਾਂ-ਯੁੱਧਾਂ 'ਚੋਂ ਬਚਾ ਕੇ ਲਿਆਉਂਦਾ ਹੈ, ਕਹਿੰਦਾ ਬਚਾ ਕੇ ਹੀ ਲਿਆਉਂਦਾ ਹੈ ਦੂਜੇ ਦੇ ਹੱਥੋਂ ਨਹੀਂ ਇਹਨੇ ਤੈਨੂੰ ਮਰਨ ਦੇਣਾ, ਇਹਨੇ ਤੈਨੂੰ ਆਪ ਮਾਰਨਾ ਹੈ।

ਕਹਿੰਦੇ, ਅਸੀਂ ਪੜ੍ਹ ਲਿਆ, ਮਨ ਦੇ ਵਿਚ ਇਹ ਬੁਰਿਆਈ ਰੱਖੀ ਬੈਠਾ ਹੈ ਇਹ। ਬਚਨ ਮੰਨ ਲੈ ਸੰਤਾਂ ਦਾ। ਜੇ ਬਚਨ ਮੰਨ ਲਏਂਗਾ, ਸੁਖੀ ਰਹੇਂਗਾ। ਤੇਰੀ ਮਰਜ਼ੀ ਅੱਗੇ, ਸੋ ਸਾਰੀ ਗੱਲ ਸਮਝਾ ਦਿੱਤੀ। ਮਹਾਂਪੁਰਸ਼ ਤਾਂ ਵਾਪਸ ਊਨੇ ਸਾਹਿਬ ਨੂੰ ਆ ਗਏ। ਜਦੋਂ ਇਹ ਬਾਬਾ ਸਾਹਿਬ ਸਿੰਘ ਜੀ ਕੋਲੋਂ ਤੁਰਿਆ ਤਾਂ ਹਾਥੀ ਦੇ ਨਾਲ ਤੁਰਿਆ ਜਾਂਦਾ ਹੈ, ਜਿਹੜੇ ਅੰਗਰਖਿਅਕ ਸੀ ਕਹਿਣ ਲੱਗੇ ਕਿ ਸਰਦਾਰ ਜੀ! ਉਤੇ ਚੜ੍ਹ ਜਾਓ। ਕਹਿੰਦਾ, ਨਾ ਬਾਬਾ ਜੀ ਨੇ ਕਿਉਂ ਮਨ੍ਹਾਂ ਕਰਿਆ ਹੈ। ਉਹ ਕਹਿੰਦੇ ਕਿ ਸਾਨੂੰ ਪਤਾ ਹੈ ਕਿ ਬਾਬਾ ਜੀ ਨੇ ਮਨ੍ਹਾਂ ਕਰਿਆ ਹੈ। ਕਹਿੰਦਾ, ਤੁਹਾਨੂੰ ਕੀ ਪਤਾ ਹੈ? ਕਹਿੰਦੇ, ਤੁਸੀਂ ਉਨ੍ਹਾਂ ਦੇ ਸਾਮ੍ਹਣੇ ਹਾਥੀ 'ਤੇ ਚੜ੍ਹ ਕੇ ਆਏ ਤੇ ਉਥੇ ਸਾਮ੍ਹਣੇ ਬਿਠਾ ਕੇ ਉਤਰੇ, ਉਨ੍ਹਾਂ ਨੇ ਬੁਰਾ ਮੰਨਿਆ ਤੇ ਹਾਥੀ ਤੋਂ ਹੀ ਤੁਹਾਡਾ ਖਹਿੜਾ ਛੁਡਾ ਦਿਤਾ ਢੰਗ ਨਾਲ।

ਗੱਲ ਨਾਸਤਕਤਾ ਦੀ ਕਰ ਦਿਤੀ। ਕਹਿੰਦਾ ਗੱਲ ਤਾਂ ਮੇਰੇ ਮਨ 'ਚ ਵੀ ਲਗਦੀ ਹੈ, ਇਹ ਤਾਂ ਵਿਚਾਰੇ ਨੇ ਜੇ ਮੈਨੂੰ ਮਾਰਨਾ ਹੁੰਦਾ ਹੁਣ ਤਕ ਮਾਰ ਹੀ ਦਿੰਦਾ। ਤਿੰਨ ਮਹੀਨੇ ਤੋਂ ਬਾਅਦ ਜਦ ਸਾਹਨੇਵਾਲ ਦੀ ਸੰਗਤ ਊਨੇ ਸਾਹਿਬ ਗਈ, ਬਾਬਾ ਜੀ ਕਹਿਣ ਲੱਗੇ, ਸੁਣਾਓ ਭਾਈ ਸੁੱਧ ਸਿੰਉਂ ਦਾ ਹਾਲ ਕੀ ਹੈ? ਕਹਿੰਦੇ, ਬਾਬਾ ਜੀ! ਉਹ ਤਾਂ ਥੋੜ੍ਹੇ ਦਿਨ ਹੋਏ ਹਾਥੀ ਨੇ ਮਾਰ ਦਿਤਾ, ਮਾਰਿਆ ਵੀ ਬੁਰੀ ਤਰ੍ਹਾਂ ਹੈ। ਕਹਿੰਦੇ, ਇਕੱਲਾ ਅੜਿੱਕੇ ਆਇਆ, ਸਿੱਟ ਲਿਆ, ਸਿੱਟ ਕੇ ਪੈਰ ਨਾਲ ਦੱਬ ਲਿਆ। ਫੇਰ ਉਹਦੇ ਉਤੇ ਬੈਠ ਕੇ ਸਾਰੀਆਂ ਉਹਦੀਆਂ ਆਂਦਰਾਂ ਪਸਲੀਆਂ ਤੋੜ-ਤੋੜ ਕੇ ਐਉਂ ਬਣਾ ਦਿਤੀਆਂ ਜਿਵੇਂ ਚੱਕੀ 'ਚ ਪੀਹੀਦਾ ਹੈ। ਸੌ ਮਣ ਬੋਝ ਹੁੰਦਾ ਹੈ ਹਾਥੀ ਦਾ। ਕਹਿੰਦੇ, ਜਿੱਦ ਹੀ ਪੈ ਗਿਆ, ਕੋਈ ਛੁਡਾ ਨਹੀਂ ਸਕਿਆ। ਕਹਿੰਦੇ, ਭਾਈ! ਅਸੀਂ ਤਾਂ ਗੁਰਮੁਖੋ! ਸੰਤ ਦਰਸ਼ਨ ਦਾ ਫਲ ਦੇਣਾ ਚਾਹੁੰਦੇ ਸੀ। ਕਿਉਂਕਿ ਸੰਤਾਂ ਦੇ ਦਰਸ਼ਨ ਕਰਨ ਦੇ ਨਾਲ ਵਿਘਨਾਂ ਦਾ ਨਾਸ਼ ਹੋ ਜਾਇਆ ਕਰਦਾ ਹੈ, ਸੰਤਾਂ ਦੇ ਬਚਨ ਦੀ ਕਮਾਈ ਦੇ ਨਾਲ ਜਿਹੜੀਆਂ ਔਖਿਆਈਆਂ ਤੇ ਦੁਖ ਜ਼ਿੰਦਗੀ 'ਚ ਆਉਂਦੇ ਨੇ, ਉਹ ਹਟ ਜਾਇਆ ਕਰਦੇ ਨੇ, ਮਾਮੂਲੀ ਰਹਿ ਜਾਇਆ ਕਰਦੇ ਨੇ। ਸੂਲੀ ਦੀ ਸੂਲ ਬਣ ਜਾਇਆ ਕਰਦੀ ਹੈ। ਪਰ ਕੋਈ ਨਾ ਉਹਦੀ ਕਿਸਮਤ ਐਹੋ ਜਿਹੀ ਸੀ। ਉਸ ਪ੍ਰੇਮੀ ਨੇ ਗੱਲ ਮੰਨੀ ਨਾ।

ਇਕ ਦਿਨ ਆਪ ਦਰਬਾਰ ਵਿਚ ਬੈਠੇ ਨੇ। ਉਸ ਵੇਲੇ ਸਾਰੇ ਰਾਜੇ ਪੰਜਾਬ ਦੇ ਆਪ ਦੇ ਦਰਬਾਰ ਵਿਚ ਥਾਂ-ਥਾਂ 'ਤੇ ਬੈਠੇ ਸਤਿਕਾਰ ਦੇ ਨਾਲ ਬਾਬਾ ਜੀ ਦੇ ਬਚਨ ਸੁਣਦੇ ਨੇ। ਐਨੇ ਨੂੰ ਇਕ ਮਾਈ ਮਾਲਵੇ ਦੀ ਜਿਸਨੇ ਬਾਬਾ ਜੀ ਦੇ ਬਾਰੇ ਉਡਦੀ-ਉਡਦੀ ਗੱਲ ਸੁਣੀ ਕਿ ਐਸ ਵੇਲੇ ਉਹ ਸਮਰੱਥ ਪੁਰਸ਼ ਨੇ। ਜੋ ਕੁਛ ਕਹਿਣ ਉਹ ਕਰ ਦਿੰਦੇ ਨੇ। ਉਹਦੇ ਮਨ ਵਿਚ ਵੀ ਸ਼ੌਕ ਜਾਗਿਆ ਕਿ ਮੈਂ ਮਹਾਂਪੁਰਸ਼ਾਂ ਦੇ ਦਰਸ਼ਨ ਤਾਂ ਕਰਾਂ। ਕੁਛ ਰੂਹਾਨੀ ਸ਼ੌਕ ਸੀ ਮਨ ਦੇ ਅੰਦਰ। ਸੋ ਮਾਈ ਮਾਲਵੇ 'ਚੋਂ ਜਦ ਚਲਦੀ ਹੈ ਤਾਂ ਨਾਲ ਹੀ ਖਿਆਲ ਆਉਂਦਾ ਹੈ ਕਿ ਸੰਤਾਂ ਦੇ ਕੋਲ ਖਾਲੀ

ਹੱਥ ਨਹੀਂ ਜਾਣਾ ਚਾਹੀਦਾ। ਖਾਲੀ ਜਾਣ ਵਾਲਾ ਖਾਲੀ ਆਉਂਦਾ ਹੈ ਕਿਉਂਕਿ ਸ਼ਰਧਾ ਭਾਵਨਾ ਨਾ ਹੋਣ ਕਰਕੇ ਉਹ ਝੁਕਦਾ ਨਹੀਂ ਹੈ ਤੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਨਹੀਂ ਕਰਦਾ। ਸੰਤਾਂ ਨੇ ਤਾਂ ਕਿਸੇ ਤੋਂ ਪੈਸੇ ਲੈਣੇ ਹੀ ਨਹੀਂ, ਉਨ੍ਹਾਂ ਨੇ ਕਰਨੇ ਹੀ ਕੀ ਨੇ, ਉਹ ਤਾਂ ਤੁਹਾਡੀ ਕਮਾਈ ਨੂੰ ਸਫਲ ਕਰਨ ਵਾਸਤੇ, ਸਮਾਂ ਖੇਚਲ 'ਚ ਪੈਂਦੇ ਨੇ, ਵਾਧੂ ਸਮਾਂ ਦਿੰਦੇ ਨੇ, ਲੰਗਰ ਚਲਾਉਣਗੇ। ਸਕੂਲ ਚਲਾਉਣਗੇ, ਬੇਅੰਤ ਪੰਗੇ ਲੈਣਗੇ। ਉਹਦੀ ਥਾਂ ਤੇ ਆਰਾਮ ਨਾਲ ਵੀ ਨਾਮ ਜਪ ਸਕਦੇ ਨੇ ਇਕ ਥਾਂ ਬੈਠ ਕੇ। ਪਰ

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥*

*ਅੰਗ - ੨੭੩*

ਉਮਾਹ ਚਿੱਤ ਵਿਚ ਹੁੰਦਾ ਹੈ ਕਿ ਪਰਉਪਕਾਰ ਹੋ ਜਾਵੇ। ਦੁਖੀ ਤੇ ਗਰੀਬ ਦੁਨੀਆਂ ਨੂੰ ਕੋਈ ਰਾਹ ਲੱਭ ਜਾਵੇ। ਇਨ੍ਹਾਂ ਦੀ ਆਰਥਕ ਸਥਿਤੀ ਵੀ ਠੀਕ ਹੋ ਜਾਵੇ। ਇਨ੍ਹਾਂ ਦੀਆਂ ਭਾਈਚਾਰਕ ਗੁੰਝਲਾਂ ਵੀ ਠੀਕ ਹੋ ਜਾਣ ਤੇ ਇਨ੍ਹਾਂ ਨੂੰ ਰੂਹਾਨੀ ਰਾਹ ਵੀ ਮਿਲ ਜਾਏ। ਇਸ ਕਰਕੇ ਸੰਤ ਤੁਰੇ ਫਿਰਦੇ ਨੇ ਜਿਨ੍ਹਾਂ ਨੂੰ ਜੰਗਮ ਤੀਰਥ ਕਹਿੰਦੇ ਨੇ। ਥਾਂ-ਥਾਂ ਤੇ ਤੀਰਥ ਲਾਉਂਦੇ ਨੇ ਤੇ ਲੋਕਾਂ ਦਾ ਭਲਾ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਮਨ ਵਿਚ ਖਿਆਲ ਆਇਆ ਕਿ ਮਹਾਂਪੁਰਸ਼ਾਂ ਕੋਲ ਖਾਲੀ ਹੱਥ ਨਹੀਂ ਜਾਣਾ ਚਾਹੀਦਾ। ਉਸ ਵੇਲੇ ਉਹਨੇ ਦਸ ਸੇਰ ਬਾਜਰੀ ਦੀ ਇਕ ਪੋਟਲੀ ਬੰਨ੍ਹੀ, ਬੁੜ੍ਹੀ ਮਾਈ ਹੈ। ਰੋਜ਼ ਪੰਜ-ਪੰਜ, ਛੇ-ਛੇ ਮੀਲ ਦਾ ਪੈਂਡਾ ਤਹਿ ਕਰਦੀ ਹੈ, ਸਿਰ ਦੇ ਉਤੇ ਪੋਟਲੀ ਚੁੱਕੀ ਹੋਈ ਹੈ, ਤੇ ਮਨ ਵਿਚ ਚਾਓ ਹੈ ਕਿ ਮੈਂ ਜਾ ਕੇ ਮਹਾਂਪੁਰਸ਼ਾਂ ਦੇ ਅੱਗੇ ਭੇਟਾ ਕਰਾਂਗੀ। ਇਸ ਤਰ੍ਹਾਂ ਕਰਦੀ-ਕਰਦੀ ਊਨਾ ਸਾਹਿਬ ਕਿੰਨਿਆਂ ਦਿਨਾਂ 'ਚ ਪਹੁੰਚਦੀ ਹੈ। ਕੱਪੜੇ ਮੈਲੇ ਹੋ ਗਏ, ਧੂੜ ਨਾਲ ਲੱਥ-ਪਥ ਹੋਈ ਪਈ ਹੈ ਤੇ ਅੱਗੇ ਜਾ ਕੇ ਕੀ ਦੇਖਦੀ ਹੈ ਕਿ ਬਾਬਾ ਜੀ ਦੇ ਦਰਬਾਰ ਵਿਚ ਬਹੁਤ ਸੋਹਣੇ ਰੇਸ਼ਮੀ ਕੱਪੜਿਆ ਵਾਲੇ ਰਾਜੇ ਬੈਠੇ ਨੇ, ਸਰਦਾਰ ਬੈਠੇ ਨੇ, ਡਰ ਗਈ ਕਿ ਮੇਰੇ ਵਰਗੇ ਦਾ ਇਥੇ ਕੀ ਥਾਉਂ। ਇਹ ਤਾਂ ਸ਼ਾਹੀ ਦਰਬਾਰ ਲੱਗਿਆ ਹੋਇਆ ਹੈ ਮੈਂ ਗਰੀਬਣੀ, ਮੇਰੇ ਤਾਂ ਜੁੱਤੀ ਵੀ ਨਹੀਂ ਪੈਰਾਂ ਦੇ ਅੰਦਰ। ਪੈਰ ਵੀ ਪਾਟ ਗਏ ਤੁਰਦੀ-ਤੁਰਦੀ ਦੇ। ਕੱਪੜੇ ਸਾਰੇ ਮੈਲੇ ਹੋਏ ਪਏ ਨੇ, ਪਸੀਨੇ ਦੀ ਬਦਬੂ ਆ ਰਹੀ ਹੈ, ਮੈਂ ਮਹਾਂਪੁਰਸ਼ਾਂ ਕੋਲ ਕਿਵੇਂ ਜਾਵਾਂ? ਉਹ ਦਿਆਲੂ ਹੁੰਦੇ ਨੇ, ਸਮ-ਦ੍ਰਿਸ਼ਟੀ ਹੁੰਦੀ ਹੈ ਮਹਾਂਪੁਰਸ਼ਾਂ ਦੀ। ਉਸੇ ਵੇਲੇ ਸੇਵਾਦਾਰ ਨੂੰ ਕਹਿਣ ਲੱਗੇ, ਔਹ ਜਿਹੜੀ ਮਾਈ ਖੜ੍ਹੀ ਹੈ ਨਾ ਬਾਹਰ, ਉਹਨੂੰ ਸਾਡੇ ਕੋਲ ਲਿਆਓ। ਸੇਵਾਦਾਰ ਜਾਂਦਾ ਹੈ ਕਹਿੰਦਾ ਹੈ ਕਿ ਮਾਈ ਤੈਨੂੰ ਬਾਬਾ ਜੀ ਬੁਲਾ ਰਹੇ ਨੇ। ਪੋਟਲੀ ਲਾਹ ਕੇ ਰੱਖਣ ਦੀ ਗੱਲ ਕਰਦੀ ਹੈ। ਮੇਰੇ ਕੋਲ ਪੋਟਲੀ ਹੈ, ਇਥੇ ਰਾਜੇ ਬੈਠੇ ਨੇ ਤੇ ਮੈਂ ਕਿਵੇਂ ਜਾ ਕੇ ਪੋਟਲੀ ਦੇਵਾਂਗੀ ਉਨ੍ਹਾਂ ਨੂੰ। ਉਸ ਵੇਲੇ ਪੋਟਲੀ ਰੱਖ ਦਿਤੀ। ਬਾਬਾ ਜੀ ਨੇ ਦੂਜਾ ਸਿੰਘ ਭੇਜਿਆ ਕਿ ਮਾਤਾ ਨੂੰ ਕਹਿ ਉਹ ਰੱਖੇ ਨੇ ਉਵੇਂ ਜਿਵੇਂ ਹੀ ਲੈ ਆਵੇ। ਸੋ ਲੈ ਕੇ ਜਦੋਂ ਹਾਜ਼ਰ ਹੁੰਦੀ ਹੈ, ਨਮਸ਼ਕਾਰ ਕਰਦੀ ਹੈ ਤੇ ਪੋਟਲੀ ਚਰਨਾਂ 'ਚ ਭੇਟਾ ਕਰਦੀ ਹੈ, ਓਸ ਵੇਲੇ ਬਾਬਾ ਜੀ ਦਇਆ ਦੇ ਘਰ ਵਿਚ ਆ ਕੇ, ਪਿਆਰ ਦੇ ਘਰ ਵਿਚ ਆ ਕੇ, ਕਹਿਣ ਲੱਗੇ, ਲਓ ਪ੍ਰੇਮੀਓ! ਆਹ ਸਾਡੀ ਪਿਆਰ ਭੇਟਾ ਆ ਗਈ। ਇਹ ਆਦਿ ਜੁਗਾਦਿ ਤੋਂ ਤੁਰਿਆ ਆਉਂਦਾ ਹੈ ਕਿ ਜਦੋਂ ਸੁਦਾਮਾ ਗਿਆ ਸੀ ਕੱਚੇ ਚੌਲ ਲੈ ਕੇ ਗਿਆ ਸੀ। ਉਸ ਵੇਲੇ ਕਿੰਨੇ ਪਿਆਰ ਦੇ ਨਾਲ ਕ੍ਰਿਸ਼ਨ ਮਹਾਰਾਜ ਨੇ ਉਨ੍ਹਾਂ ਦੇ ਫੱਕੇ ਮਾਰੇ, ਤਿੰਨ ਮਾਰ ਲਏ ਸੀ, ਚੌਥਾ ਮਾਰਨ ਲੱਗੇ ਤਾਂ ਰੁਕਮਣੀ ਨੇ ਬਾਂਹ ਫੜ ਲਈ, ਕਹਿਣ ਲੱਗੀ ਕਿ ਮਹਾਰਾਜ! ਕੁਛ ਸਾਡੇ ਜੋਗਾ ਵੀ ਛੱਡ ਦਿਓ, ਤੁਸੀਂ ਸਾਰਾ ਕੁਛ ਹੀ ਉਹਨੂੰ ਦੇਈ ਜਾਂਦੇ ਓਂ।

***ਧਾਰਨਾ - ਸਤਿਗੁਰ ਬਖਸ਼ਦੇ ਖਜ਼ਾਨੇ ਭਰੇ ਦਾਤਾਂ ਦੇ,***
***ਕਉਡੀ ਇਕ ਲੈ ਕੇ ਪਿਆਰ ਦੀ।***

ਕਿਉਂਕਿ ਸਤਿਗੁਰੂ ਦਇਆਲੂ ਹੋਇਆ ਕਰਦਾ ਹੈ। ਭਾਵਨਾ ਦੇਖਿਆ ਕਰਦੇ ਨੇ।

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ ਸੰਗਤ ਬੈਠੀ ਹੈ, ਬਚਨ ਚੱਲ ਰਹੇ ਨੇ। ਓਸ ਵੇਲੇ ਇਕ ਬੁੱਢੀ ਮਾਈ ਆਉਂਦੀ ਹੈ। ਤੀਹ ਮੀਲ ਦਾ ਸਫਰ ਕੱਢ ਕੇ ਜਦ ਬਾਬਾ ਜੀ ਦੇ ਪਾਸ ਪਹੁੰਚਦੀ ਹੈ, ਓਸ ਵੇਲੇ ਮਾਤਾ ਨੇੜੇ ਆਉਂਦੀ ਹੈ, ਬਾਬਾ ਜੀ ਬੁਲਾ ਲੈਂਦੇ ਨੇ ਕਿ ਮਾਤਾ ਹੋਰ ਨੇੜੇ ਆ। ਡਰਦੀ ਹੈ, ਆਪਣੇ ਕੱਪੜਿਆਂ ਵਲ ਦੇਖਦੀ ਹੈ, ਆਪਣੇ ਬੁਢਾਪੇ ਵਲ ਦੇਖਦੀ ਹੈ, ਹੌਂਸਲਾ ਹੋਇਆ ਕਿ ਮਹਾਂਪੁਰਸ਼ ਮੈਨੂੰ ਕਹਿੰਦੇ ਨੇ ਹੋਰ ਅੱਗੇ ਆ ਜਾ। ਨੇੜੇ ਆ ਗਈ, ਇਕ ਲੀਰ ਕੱਢੀ, ਇਕ ਗੰਢ ਖੋਲ੍ਹੀ, ਦੂਜੀ ਖੋਲ੍ਹੀ, ਤੀਜੀ ਖੋਲ੍ਹੀ, ਚੌਥੀ ਖੋਲ੍ਹੀ; ਸਾਰੇ ਦੇਖਦੇ ਨੇ ਕਿ ਨੇ ਕਿ ਪਤਾ ਨਹੀਂ ਮਾਈ ਨੇ ਕੋਈ ਸੋਨੇ ਦਾ ਟੁਕੜਾ ਬੰਨ੍ਹਿਆ ਹੋਣਾ ਹੈ ਇਹਦੇ ਵਿਚ। ਕੋਈ ਕੀਮਤੀ ਚੀਜ਼ ਹੈ ਜਿਹੜੀ ਐਨੀਆਂ ਗੰਢਾਂ ਦਿਤੀਆਂ ਨੇ। ਵਿਚੋਂ ਕੀ ਨਿਕਲਿਆ ਪੰਜ ਪੈਸੇ। ਬਾਬਾ ਜੀ ਨੇ ਅੱਗੇ ਹੱਥ ਕਰ ਦਿਤਾ। ਕਹਿੰਦੇ ਲਿਆ ਮਾਈ, ਪੰਜ ਪੈਸੇ ਲੈ ਕੇ ਹੱਥ ਵਿਚ ਹੀ ਰੱਖ ਲਏ। ਚਰਨਾਂ ਦੇ ਵਿਚ ਇਕ ਪ੍ਰੇਮੀ ਨੇ ਇਕ ਹਜ਼ਾਰ ਰੁਪਿਆ ਮੱਥਾ ਟੇਕਿਆ ਹੋਇਆ ਹੈ। ਉਹਦੇ ਮਨ 'ਚ ਆਉਂਦਾ ਹੈ ਕਿ ਬਾਬਾ ਜੀ ਹੇਠਾਂ ਨੂੰ ਦੇਖਣ ਤੇ ਪਤਾ ਲਗ ਜਾਵੇ ਉਨ੍ਹਾਂ ਨੂੰ ਕਿ ਮੈਂ ਹਜ਼ਾਰ ਰੁਪਿਆ ਮੱਥਾ ਟੇਕਿਆ ਹੈ, ਜਿਉਂ-ਜਿਉਂ ਉਹਦੇ ਮਨ ਵਿਚ ਖਿਆਲ ਆਉਂਦਾ ਹੈ ਬਾਬਾ ਜੀ ਜੋੜੇ ਸਣੇ ਬੈਠੇ ਸੀ, ਉਹਦੀ ਨੋਕ ਦੇ ਨਾਲ ਹਰ ਵਾਰੀ ਓਸਨੂੰ ਪਰ੍ਹੇ ਨੂੰ ਕਰ ਦਿੰਦੇ ਨੇ। ਉਹ ਉਹਦੇ ਵਲ ਦੇਖੀ ਜਾਂਦਾ ਹੈ ਕਿ ਮੇਰੇ ਰੁਪਈਆਂ ਵਲ ਦੇਖਦੇ ਹੀ ਨਹੀਂ। ਫੇਰ ਨੇੜੇ ਜਿਹੇ ਨੂੰ ਕਰ ਦਿੰਦਾ ਹੈ, ਬਾਬਾ ਜੀ ਫੇਰ ਪਰ੍ਹੇ ਨੂੰ ਕਰ ਦਿੰਦੇ ਨੇ, ਸਾਧਾਰਣ ਹੀ। ਅਖੀਰ ਜਦ ਓਸ ਪ੍ਰੇਮੀ ਨੂੰ ਦੇਖਿਆ ਕਿ ਬੜਾ ਫੁਰਨਾ ਕਰ ਰਿਹਾ ਹੈ ਕਿ ਮੇਰਾ ਪੈਸਾ ਨਹੀਂ ਦੇਖ ਰਹੇ। ਓਸ ਵੇਲੇ ਬਾਬਾ ਜੀ ਕਹਿਣ ਲੱਗੇ, ਪ੍ਰੇਮੀਆਂ! ਚੁੱਕ ਆਪਣਾ ਪੈਸਾ। ਕਿੰਨੇ ਚਿਰ ਦਾ ਫੁਰਨੇ ਕਰੀ ਜਾਂਦਾ ਹੈ। ਕਹਿੰਦੇ, ਸੱਚ ਦੱਸ ਕਿੱਥੋਂ ਲੈ ਕੇ ਆਇਆ ਹੈਂ ਐਨੇ ਪੈਸੇ। ਕੀ ਕੰਮ ਕਰਦਾ ਹੈਂ? ਕਹਿੰਦਾ ਜੀ ਮੈਂ ਸਰਕਾਰੀ ਕਰਮਚਾਰੀ ਹਾਂ, ਤੇ ਮੇਰੇ ਚਾਰਜ ਵਿਚ ਵੱਡਾ ਮਹਿਕਮਾ ਹੈ। ਕਹਿੰਦੇ ਸੱਚ ਦੱਸ, ਨਹੀਂ ਤਾਂ ਅਸੀਂ ਦੱਸ ਦੇਵਾਂਗੇ। ਕਹਿੰਦਾ, ਮਹਾਰਾਜ! ਮੇਰਾ ਪੜਦਾ ਰੱਖ ਲਓ, ਹੁਣ ਨਾ ਦੱਸਿਓ। ਕਹਿੰਦੇ, ਪ੍ਰੇਮੀਆਂ! ਬੇਈਮਾਨੀ ਕਰਕੇ ਠੱਗੀ ਕਰਕੇ ਰਿਸ਼ਵਤ ਲੈ ਕੇ ਤੂੰ ਇਹ ਪੈਸੇ ਲੈ ਕੇ ਆਇਆ ਹੈਂ, ਮੈਂ ਜਿਹੜੇ ਸਾਧਾਂ ਨੂੰ ਖਲਾ ਦੇਵਾਂਗਾ, ਉਹ ਬਚਣਗੇ ਕਿ ਮਰਨਗੇ? ਜ਼ਹਿਰ ਦੇ ਰਿਹਾ ਹੈਂ ਤੂੰ ਇਨ੍ਹਾਂ ਨੂੰ। ਚੁੱਕ ਆਪਣੇ ਪੈਸੇ। ਆਹ ਮਾਈ ਦੇ ਪੰਜ ਪੈਸਿਆਂ ਤੇ ਇਤਰਾਜ਼ ਕਰੀ ਜਾਂਦਾ ਹੈਂ ਕਿ ਬਾਬਾ ਜੀ ਨੇ ਪੰਜ ਪੈਸੇ ਤਾਂ ਹੱਥ ਵਿਚ ਰੱਖ ਲਏ।

ਮਾਈ! ਆਪਣੀ ਵਾਰਤਾ ਦੱਸ। ਕਿੱਥੇ ਰਹਿੰਦੀ ਹੈਂ, ਕਹਿੰਦੀ

ਮਹਾਰਾਜ ਮੇਰਾ ਪਿੰਡ ਇਥੋਂ ਤੀਹ ਮੀਲ 'ਤੇ ਹੈ। ਬਚਪਨ ਵਿਚ ਮੈਂ ਵਿਧਵਾ ਹੋ ਗਈ, ਮੇਰੇ ਕੋਈ ਬੱਚਾ ਨਹੀਂ, ਸਾਰੀ ਜ਼ਿੰਦਗੀ ਮੈਂ ਰੁਲ-ਖੁਲ ਕੇ ਕੱਟੀ ਹੈ। ਲੋਕਾਂ ਦੇ ਭਾਂਡੇ ਮਾਂਜੇ ਨੇ, ਘਰ ਲਿੱਪੇ ਨੇ, ਗੋਹੇ ਚੁੱਕੇ ਨੇ, ਬੱਚੇ ਖਿਡਾਏ ਨੇ, ਹੋਰ ਜੋ ਕੰਮ ਵੀ ਮੈਨੂੰ ਕਹਿੰਦੇ ਨੇ ਚੱਕੀ ਪੀਹਣ ਨੂੰ, ਮੈਂ ਆਟੇ ਪੀਸੇ ਨੇ ਤੇ ਮੈਨੂੰ ਖਾਣ ਨੂੰ ਰੋਟੀ ਹੀ ਮਿਲਦੀ ਸੀ ਮਹਾਰਾਜ! ਹੋਰ ਕੁਛ ਨਹੀਂ ਸੀ ਮਿਲਦਾ। ਤਰਸ ਕਰਕੇ ਕਿਸੇ ਨੇ ਮੈਨੂੰ ਕੱਪੜਾ ਦੇ ਦੇਣਾ, ਜਦ ਮੇਰੇ ਪਹਿਲੇ ਪਾਟ ਜਾਂਦੇ ਸੀ। ਐਉਂ ਮੈਂ ਜ਼ਿੰਦਗੀ ਸਾਰੀ ਗੁਜ਼ਾਰੀ ਹੈ। ਕਦੇ-ਕਦੇ ਕਦੇ ਦੀਵਾਲੀ ਆ ਗਈ, ਦੁਸਹਿਰਾ ਆ ਗਿਆ, ਵਿਸਾਖੀ ਆ ਗਈ ਤਾਂ ਮੈਨੂੰ ਇਕ ਪੈਸਾ ਇਨਾਮ ਦੇ ਦਿੰਦੇ ਸੀ। ਸੋ ਮਹਾਰਾਜ ਮੈਂ ਦੋ ਸਾਲ ਤੋਂ ਸੋਚਦੀ ਸੀ ਕਿ ਹਜ਼ੂਰ ਦੇ ਦਰਸ਼ਨ ਕਰਾਂ। ਪਰ ਮੈਂ ਸੁਣਿਆ ਹੋਇਆ ਸੀ ਕਿ ਮਹਾਂਪੁਰਸ਼ਾਂ ਦੇ ਕੋਲ ਖਾਲੀ ਹੱਥ ਨਹੀਂ ਜਾਈਦਾ, ਸੋ ਮੈਂ ਜੋੜਨ ਲਗ ਗਈ, ਇਹ ਦੋ ਸਾਲ ਦੇ ਵਿਚ ਮੇਰੇ ਕੋਲ ਪੰਜ ਪੈਸੇ ਜੁੜੇ ਨੇ ਮਹਾਰਾਜ। ਬੜੀ ਮੇਰੇ ਵਾਸਤੇ ਕੀਮਤੀ ਚੀਜ਼ ਹੈ ਮੈਂ ਸਾਂਭ-ਸਾਂਭ ਕੇ ਗੱਠਾਂ ਦੇ-ਦੇ ਕੇ, ਲਕੋ-ਲਕੋ ਕੇ ਰੱਖੇ ਨੇ, ਤੇ ਹੁਣ ਮਹਾਰਾਜ ਮੈਂ ਪਰਸੋਂ ਤੁਰੀ ਸੀ, ਥੋੜ੍ਹਾ ਜਿਹਾ ਪੈਂਡਾ ਅੰਨ੍ਹ ਦੇ ਦਾਣਿਆਂ ਦੀ ਪੰਡ ਚੁੱਕ ਕੇ ਮੈਂ ਥੱਕ ਗਈ, ਫੇਰ ਉਥੇ ਰਹੀ, ਫੇਰ ਤੁਰੀ ਤੇ ਫੇਰ ਥੱਕ ਗਈ, ਅੱਜ ਤੁਹਾਡੇ ਦਰਬਾਰ ਵਿਚ ਪਹੁੰਚੀ ਹਾਂ ਮਹਾਰਾਜ। ਸੋ ਮੇਰੀ ਵਿਥਿਆ ਤਾਂ ਐਨੀ ਹੈ। ਕਹਿੰਦੇ, ਕਿਉਂ ਸਾਧਸੰਗਤ ਜੀ! ਆਹ ਦੇਖੋ ਨਾ ਧਰਮ ਦੀ ਕਿਰਤ, ਜਿਹਦੇ ਅੰਦਰ ਇਕ ਦਾਣਾ ਵੀ ਪੈ ਗਿਆ, ਉਹਦੇ ਅੰਦਰੋਂ ਧੁਨ ਆਉਣੀ ਹੈ ਵਾਹਿਗੁਰੂ-ਵਾਹਿਗੁਰੂ।

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥ ਅੰਗ - ੧੨੪੫***

ਰਾਹ ਉਨ੍ਹਾਂ ਨੂੰ ਮਿਲਦਾ ਹੈ ਜਿਹੜੇ ਮਿਹਨਤ ਕਰਨ ਤੋਂ ਬਾਅਦ ਪ੍ਰਮੇਸ਼ਰ ਦੇ ਅਰਪਣ ਕੁਛ ਕਰਦੇ ਨੇ। ਸੋ ਭਾਈ ਗੁਰਮੁਖਾ! ਤੂੰ ਲੈ ਕੇ ਆਇਆ ਹੈਂ ਰਿਸ਼ਵਤ ਦਾ ਤੇ ਇਹ ਮਾਈ ਲਿਆਈ ਹੈ ਹੱਕ ਦਾ। ਇਹ ਪੈਸੇ ਜਿਹੜੇ ਨੇ ਦੋ ਸਾਲ ਤੋਂ ਇਹਦੀਆਂ ਲਹਿਰਾਂ ਸਾਡੇ ਕੋਲ। ਮਾਈ ਯਾਦ ਕਰਦੀ ਹੈ ਤੇ ਸਾਡੀਆਂ ਤਾਰਾਂ ਹਿੱਲ ਰਹੀਆਂ ਨੇ। ਅੱਜ ਆਈ ਹੈ ਇਹ, ਇਨ੍ਹਾਂ ਪੰਜਾਂ ਪੈਸਿਆਂ ਦਾ ਮੁਕਾਬਲਾ ਤੂੰ ਕਰ ਸਕਦਾ ਹੈਂ।

ਸੋ ਇਸ ਤਰ੍ਹਾਂ ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ, ਦੇਖੋ ਸਾਧਸੰਗਤ ਜੀ! ਕਿੱਡੀ ਦਇਆ ਕੀਤੀ ਹੈ ਇਸ ਮਾਈ ਨੇ ਸਾਡੇ ਉਤੇ, ਇਹ ਸਾਡੀ ਪਰਾਲਬਧ 'ਚ ਸੀਗੇ, ਜਿਹੜੇ ਦੱਸ ਸੇਰ ਬਾਜਰਾ ਹੈ। ਅਸੀਂ ਇਹ ਖਾਣ ਵਾਸਤੇ ਦੇਖੋ ਕਿੱਥੇ ਜਾਣਾ ਸੀ, ਮਾਲਵੇ ਦੇ ਵਿਚ। ਕਿੰਨਾ ਸਾਡਾ ਖਰਚ ਹੋਣਾ ਸੀ, ਕਿੰਨਾ ਸਾਡਾ ਸਮਾਂ ਲੱਗਣਾ ਸੀ। ਦੇਖੋ, ਮਾਈ ਕਿੰਨੀ ਦਿਆਲੂ ਹੈ, ਸਾਡੀ ਪਰਾਲਬਧ ਸੀਸ 'ਤੇ ਚੁੱਕ ਕੇ ਲਿਆਈ ਹੈ। ਚੁੱਕੀਂ ਤੁਰੀ ਆਈ ਹੈ, ਬੁੜ੍ਹੀ ਉਮਰ ਹੈ। ਉਸੇ ਵੇਲੇ ਲਾਂਗਰੀ ਨੂੰ ਬੁਲਾਇਆ ਕਹਿੰਦੇ ਦੁਰਲਭ ਜਾਣੀਂ, ਭਾਈ ਇਨ੍ਹਾਂ ਦਾ ਇਕ ਦਾਣਾ ਵੀ ਨਾ ਕਿਤੇ ਗੁਆਚ ਜਾਵਾ।

ਜਦੋਂ ਬਣਾ ਕੇ ਲਿਆਏ, ਕਹਿੰਦੇ ਸਵਾਦ ਨਾਲ, ਬੜੇ ਹੀ ਪਿਆਰ ਦੇ ਨਾਲ ਛਕਦੇ ਨੇ। ਸੋ ਮਹਾਂਪੁਰਸ਼ਾਂ ਤੋਂ ਬਗੈਰ ਹੋਰ ਤਾਂ ਕੋਈ ਕਰ ਨਹੀਂ ਸਕਦਾ ਸਾਧਸੰਗਤ ਜੀ! ਕਿਉਂਕਿ ਸਾਧੂ ਜਿਹੜੇ ਹੁੰਦੇ ਨੇ ਇਨ੍ਹਾਂ ਦੀ ਦਿਲਾਂ ਦੀ ਸਾਂਝ ਹੋਇਆ ਕਰਦੀ ਹੈ। ਅੰਦਰਲੀਆਂ ਗੱਲਾਂ ਨੂੰ ਜਾਣਦੇ ਨੇ, ਅਮੀਰੀ ਵਜ਼ੀਰੀ ਇਨ੍ਹਾਂ ਦੇ ਕੋਲ ਕੋਈ ਨਹੀਂ ਹੋਇਆ ਕਰਦੀ। ਅਮੀਰ ਨੂੰ ਅੱਖ ਦੇ ਥੱਲੇ ਨਹੀਂ ਲਿਆਉਂਦੇ, ਗਰੀਬ ਨੂੰ ਸਿਰ 'ਤੇ ਬਿਠਾ ਲੈਂਦੇ ਨੇ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦੇ ਪਾਸ ਇਕ ਪ੍ਰੇਮੀ ਇਥੇ ਚੰਡੀਗੜ੍ਹ ਹੀ ਰਹਿੰਦਾ ਹੈ, ਮੇਰੀ ਡਿਊਟੀ ਲੱਗੀ ਹੋਈ ਸੀ, ਤੇ ਮੈਂ ਓਸ ਦਿਨ ਚਰਨ ਪੁਆ ਰਿਹਾ ਸੀ, ਗਰਮੀ ਬਹੁਤ ਜ਼ਿਆਦਾ ਸੀ, ਚੰਗੇ-ਚੰਗੇ ਘਰਾਂ ਵਿਚ ਜਿਹੜੇ air-condition ਘਰ ਸੀ, ਮੈਂ ਕਿਹਾ ਸੀ ਮਹਾਂਪੁਰਸ਼ਾਂ ਨੂੰ ਗਰਮੀ ਨਾ ਲੱਗੇ। ਮੇਰੀ ਆਪਣੀ ਭਾਵਨਾ ਸੀ, ਉਨ੍ਹਾਂ ਦੀ ਆਪਣੀ। ਜਦ ਸਾਰਿਆਂ ਦੇ ਮੈਂ ਲੈ ਗਿਆ, ਦੀਵਾਨ ਦਾ ਸਮਾਂ ਹੋ ਗਿਆ। ਜਦ ਅਸੀਂ 19-20 ਸੈਕਟਰ ਦੇ ਚੌਂਕ ਵਿਚ ਆਏ, ਮਹਾਰਾਜ ਕਹਿੰਦੇ ਕੋਈ ਰਹਿ ਤਾਂ ਨਹੀਂ ਗਿਆ। ਮੈਂ ਚੁੱਪ ਕਰ ਗਿਆ ਕਿ ਮਹਾਰਾਜ ਜੀ ਨੂੰ ਪਤਾ ਲਗ ਗਿਆ। ਇਹ ਅੰਤਰਜਾਮੀ ਨੇ।

ਮਹਾਂਪੁਰਸ਼ਾਂ ਕੋਲ ਤਾਂ ਬਹੁਤ ਹੀ ਔਖਾ ਹੁੰਦਾ ਹੈ ਰਹਿਣਾ ਸਾਧਸੰਗਤ ਜੀ। ਬਹੁਤ ਕਰੜੀ ਹੋਇਆ ਕਰਦੀ ਹੈ ਸੇਵਾ, ਜੇ ਬਚਨ ਉਲਟਾ ਨਿਕਲ ਗਿਆ ਤਾਂ ਖਾਤਮਾ। ਕੁਛ ਵੀ ਨਹੀਂ ਬਚਦਾ ਫੇਰ, ਸਹਿਜ ਸੁਭਾਅ ਕੁਛ ਕਹਿ ਦੇਣ। ਕਹਿ ਦੇਣ ਜੇ ਕਿ ਓ ਮੂਰਖਾ! ਕੀ ਕਰਦਾ ਹੈਂ, ਮੂਰਖ ਹੀ ਹੋ ਜਾਂਦਾ ਬੰਦਾ, ਕਮਲਾ ਹੀ ਹੋ ਜਾਊ। ਕਹਿਣ ਦੀ ਦੇਰ ਹੈ। ਚੁੱਪ ਕਰ ਗਿਆ ਮੈਂ। ਫੇਰ ਵੀ ਦਿਆਲੂ ਸੀ ਕਹਿਣ ਲੱਗੇ ਕਿ ਕੋਈ ਗਰੀਬ ਰਹਿ ਗਿਆ ਹੋਣਾ ਹੈ। ਮੈਂ ਕਿਹਾ ਹਾਂ ਮਹਾਰਾਜ। ਕਹਿੰਦੇ ਕੌਣ ਹੈ? ਮੈਂ ਕਿਹਾ, ਮਹਾਰਾਜ! ਉਹਦਾ ਨਾਉਂ ਤਾਂ ਆਹ ਹੈ। ਕਹਿੰਦੇ ਘਰ ਕਿੱਥੇ ਹੈ? ਮੈਂ ਕਿਹਾ, ਮਹਾਰਾਜ! ਮੈਂ ਤਾਂ ਪੁਛਿਆ ਨਹੀਂ, ਧਿਆਨ ਦੇ ਨਾਲ ਕਿ ਘਰ ਕਿੱਥੇ ਹੈ? ਕਹਿੰਦੇ, ਅਸੀਂ ਤਾਂ ਉਹਦੇ ਘਰ ਜਾਣਾ ਹੈ। ਮੈਂ ਕਿਹਾ, ਮਹਾਰਾਜ ਜੀ! ਦੀਵਾਨ ਦਾ ਸਮਾਂ ਹੋ ਗਿਆ। ਕਹਿੰਦੇ ਹੋ ਜਾਵੇ ਜਿੰਨਾ ਹੁੰਦਾ ਹੈ ਪਰ ਅਸੀਂ ਉਹਦੇ ਘਰ ਜਾਣਾ ਹੈ। ਪਤਾ ਕਰ ਉਤਰ ਕੇ ਕਿ ਘਰ ਕਿੱਥੇ ਹੈ? ਹੁਣ ਮੈਂ ਹੈਰਾਨ, ਨਾ ਮੈਂ ਉਸ ਬੰਦੇ ਨੂੰ ਪਹਿਲਾਂ ਦੇਖਿਆ। ਸਿਰਫ ਨਾਉਂ ਮੇਰੇ ਕੋਲ ਸੀ, ਇਹ ਵੀ ਸੀਗਾ ਕਿ ਐਸ ਸੈਕਟਰ 'ਚ ਰਹਿੰਦਾ ਹੈ। ਉਸ ਵੇਲੇ ਮੈਂ ਪਰੇਸ਼ਾਨ ਹੋਇਆ, ਮੇਰੇ ਚਿਹਰੇ ਵਲ ਮਹਾਰਾਜ ਜੀ ਨੇ ਦੇਖਿਆ, ਕਹਿੰਦੇ ਗੱਡੀ ਖੜ੍ਹਾਓ ਇਥੇ, ਆਪੇ ਉਤਰ ਕੇ ਟੋਲ੍ਹ ਕੇ ਲਿਆਊਗਾ। ਮੈਂ ਕਿਹਾ ਚਲੋ ਦੇਖੀ ਜਾਏਗੀ, ਹੌਲੇ-ਹੌਲੇ ਤੁਰੇ ਫਿਰਦੇ ਹਾਂ, ਕੋਈ ਦੱਸ ਹੀ ਦੇਵੇਗਾ। ਐਨੇ ਨੂੰ ਮਹਾਰਾਜ ਜੀ ਕਹਿੰਦੇ, ਜਦੋਂ ਮੈਂ ਉਤਰਨ ਲੱਗਿਆ ਕਿ ਔਹ ਤਾਂ ਨਹੀਂ ਹੈ, ਮੈਂ ਕਿਹਾ ਜੀ ਓਹੀ ਹੈ, ਉਹ ਸਾਇਕਲ ਤੇ ਮੂਹਰੇ ਅਸੀਂ ਪਿਛੇ, ਘਰ ਲੈ ਗਿਆ। ਜਦੋਂ ਅਸੀਂ ਉਥੇ ਗਏ ਤਾਂ ਉਹਨੇ ਬਹੁਤ ਸੋਹਣਾ ਸਜਾਇਆ ਹੋਇਆ, ਤਖਤ ਬਣਾਇਆ ਹੋਇਆ, ਜਿਵੇਂ ਤਖਤ-ਏ-ਤਾਊਸ ਹੁੰਦਾ ਹੈ, ਫੁੱਲਾਂ ਨਾਲ ਹੀ ਗੁੰਦਿਆ ਪਿਆ, ਉਪਰ ਜਿਵੇਂ ਰਥ ਹੁੰਦਾ ਹੈ, ਐਉਂ ਫੁੱਲਾਂ ਨਾਲ ਬਣਾਇਆ ਹੋਇਆ ਸੀ। ਕਹਿੰਦਾ, ਮਹਾਰਾਜ ਜੀ ਵਿਚ ਬੈਠ ਜਾਓ। ਵਿਚ ਬਿਠਾ ਕੇ, ਫੋਟੋਆਂ ਖਿੱਚਣ ਲਗ ਗਿਆ। ਐਨੇ ਉਹਨੇ ਕੋਕਾਕੋਲਾ ਮੰਗਾਇਆ ਹੋਇਆ, ਸਭ ਨੂੰ ਪਿਲਾਈ ਜਾਵੇ। ਪੈਰ ਨਾ ਲੱਗੇ ਉਸ ਦਾ ਧਰਤੀ

'ਤੇ। ਮੈਨੂੰ ਕਹਿੰਦਾ, ਤੁਸੀਂ ਤਾਂ ਮੇਰੇ 'ਤੇ ਬੜਾ ਉਪਕਾਰ ਕੀਤਾ ਅੱਜ, ਮਹਾਂਪੁਰਸ਼ਾਂ ਦੇ ਮੇਰੇ ਘਰ ਚਰਨ ਪੁਆ ਦਿਤੇ। ਮੈਂ ਕਿਹਾ, ਨਾ ਪ੍ਰੇਮੀਆਂ ਮੈਂ ਨਹੀਂ ਕਰਿਆ, ਇਹ ਤਾਂ ਮਹਾਰਾਜ ਜੀ ਨੇ ਹੀ ਕੀਤਾ ਹੈ, ਮੈਂ ਤਾਂ ਤੇਰੇ ਘਰ ਲਿਆਉਂਦਾ ਹੀ ਨਹੀਂ ਸੀ। ਮੈਨੂੰ ਪਤਾ ਸੀ ਕਿ ਇਹ ਕੋਠੇ 'ਤੇ ਕਿਵੇਂ ਚੜ੍ਹਨਗੇ। ਪਉੜੀਆਂ ਛੋਟੀਆਂ-ਛੋਟੀਆਂ ਸੀ। ਕਹਿੰਦਾ, ਮੈਨੂੰ ਇਹੀ ਗੱਲ ਮੁਹੱਲੇ ਵਾਲੇ ਕਹਿੰਦੇ ਸੀ ਕਿ ਤੇਰੇ ਕਿੱਥੇ ਆਉਣਾ ਹੈ, ਉਹ ਤਾਂ ਵੱਡੇ-ਵੱਡੇ ਵਜ਼ੀਰਾਂ ਦੇ ਗਏ ਹੋਏ ਨੇ ਅੱਜ, ਤੂੰ ਇਕ ਗਰੀਬ ਮਾਲੀ, ਤੇਰੇ ਕਿਵੇਂ ਆ ਜਾਣਗੇ, ਮੈਂ ਕਿਹਾ ਕਿ ਮੈਂ ਖੂਹ ਵਿਚ ਛਾਲ ਮਾਰ ਦੇਵਾਂਗਾ ਜੇ ਨਾ ਆਏ। ਜਦ ਮੈਂ ਐਨੀ ਗੱਲ ਸੁਣੀ, ਮੇਰੇ ਤਾਂ ਪੈਰਾਂ ਥੱਲੋਂ ਮਿੱਟੀ ਨਿਕਲ ਗਈ। ਮੈਂ ਕਿਹਾ, ਹੇ ਵਾਹਿਗੁਰੂ ਤੂੰ ਹੀ ਹੱਥ ਦੇ ਕੇ ਰੱਖ ਲਿਆ ਅੱਜ ਮੈਨੂੰ। ਇਹ ਜੇ ਸੱਚੀਓਂ ਛਾਲ ਮਾਰਦਾ, ਕੱਲ੍ਹ ਨੂੰ ਅਖਬਾਰਾਂ 'ਚ ਆ ਜਾਣਾ ਸੀ।

ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਦਿਆਲੂ ਹੋਇਆ ਕਰਦੇ ਨੇ, ਕਿਸੇ ਦੀ ਗਰੀਬੀ ਤੇ ਅਮੀਰੀ ਨਹੀਂ ਦੇਖਿਆ ਕਰਦੇ। ਫੇਰ ਸ਼ਕਤੀ ਕਿੰਨੀ ਹੁੰਦੀ ਹੈ, ਸਾਰੇ ਰਾਜਿਆਂ ਤੋਂ ਵੱਡੇ ਰਾਜੇ ਹੁੰਦੇ ਨੇ। ਜਿਨ੍ਹਾਂ ਦੇ ਕਹਿਣੇ ਵਿਚ ਸਭ ਕੁਛ ਚਲਦਾ ਹੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਐਸ ਤਰ੍ਹਾਂ ਮਹਾਰਾਜ ਨੇ ਫੁਰਮਾਨ ਕੀਤਾ ਹੈ -

*ਧਾਰਨਾ - ਚਿਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*
*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥ ਅੰਗ - ੨੦੨*

ਰਾਜੇ ਦਾ ਰਾਜ ਤਾਂ ਧਰਤੀ 'ਤੇ ਹੀ ਹੁੰਦਾ ਹੈ ਲੇਕਿਨ ਇਨ੍ਹਾਂ ਦਾ ਰਾਜ ਅਸਮਾਨਾਂ 'ਤੇ ਵੀ ਹੁੰਦਾ ਹੈ, ਅਸਮਾਨਾਂ 'ਤੇ ਵੀ ਹੁੰਦਾ ਹੈ, ਅੱਗ 'ਤੇ ਵੀ ਹੁੰਦਾ ਹੈ, ਪਾਣੀਆਂ 'ਤੇ ਵੀ ਹੁੰਦਾ ਹੈ। ਵੱਡਾ ਰਾਜਾ ਓਹੀ ਹੋਇਆ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਬਾਬਾ ਜੀ ਅੱਜ ਡੇਰਾ ਬਾਬਾ ਨਾਨਕ ਚਲੇ ਜਾਂਦੇ ਨੇ। ਓਥੇ ਜਾ ਕੇ ਸਾਰੇ ਬੇਦੀਆਂ ਨੇ ਆਪ ਦੇ ਚਰਨਾਂ 'ਚ ਬੇਨਤੀ ਕੀਤੀ ਕਹਿਣ ਲੱਗੇ ਮਹਾਰਾਜ! ਸਾਨੂੰ ਇਕ ਤਕਲੀਫ ਹੈ ਬੜੀ ਤੇ ਆਪਦੇ ਚਰਨਾਂ 'ਚ ਬੇਨਤੀ ਹੈ ਉਹਨੂੰ ਦੂਰ ਕਰੋ। ਕਹਿਣ ਲੱਗੇ, ਕੀ ਤਕਲੀਫ ਹੈ ਦੱਸੋ? ਉਨ੍ਹਾਂ ਕਿਹਾ ਕਿ ਇਥੇ ਇਕ ਬੇਦੀ ਮਸਤਾਨਾ ਹੋਇਆ ਹੈ ਜਿਹਦਾ ਨਾਮ ਫਕੀਰ ਚੰਦ ਸੀ, ਮੱਝਾਂ ਚਾਰਦਾ ਹੁੰਦਾ, ਜੇਠ ਦਾ ਮਹੀਨਾ ਸੀ, ਟੋਭੇ 'ਚ, ਛਪੜੀ 'ਚ ਵੜ ਗਈਆਂ ਏਸ 'ਚ, ਗਾਰਾ ਲਗ ਗਿਆ ਨਾਲ ਤੇ ਦੇਖਿਆ ਜਦ ਕਿ ਮੱਝ ਲਿਬੜ ਗਈ, ਉਚੀ ਦੇ ਕੇ ਆਵਾਜ਼ ਮਾਰੀ, ਕਹਿੰਦੇ ਓ ਰਾਵੀਏ ਸਾਡੇ ਛੱਪੜ ਨਹੀਂ ਭਰ ਕੇ ਗਈ, ਦਰਿਆ ਉਛਲ ਪਿਆ ਮਹਾਰਾਜ, ਆ ਕੇ ਟੋਭਾ ਭਰ ਗਈ, ਨਾਲ ਕਹਿੰਦੇ ਹੁਣ ਹਰ ਸਾਲ ਭਰ ਕੇ ਜਾਇਆ ਕਰੀਂ। ਜੇ ਕਦੇ ਟੋਭੇ ਸੁੱਕੇ ਦੇਖ ਲਈਂ ਫੇਰ। ਓਸ ਵੇਲੇ ਤੋਂ ਮਹਾਰਾਜ ਇਹ ਰਾਵੀ ਅਚਾਨਕ ਉਛਲ ਪੈਂਦੀ ਹੈ, ਤੇ ਸਾਡੇ ਘਰਾਂ ਵਿਚ ਪਾਣੀ ਆ ਜਾਂਦਾ ਹੈ। ਆਪ ਕ੍ਰਿਪਾ ਕਰੋ। ਬਾਬਾ ਜੀ ਕਹਿੰਦੇ, ਲਓ, ਇਕ ਸੰਤ ਨੇ ਬੰਨ੍ਹ ਦਿਤਾ, ਦੂਸਰਾ ਫੇਰ ਖੋਲ੍ਹ ਦਿੰਦਾ ਹੈ, ਦੇਗ ਤਿਆਰ ਕਰੋ। ਦੇਗ ਤਿਆਰ ਕਰੀ ਰਾਵੀ ਦੇ ਕੰਢੇ ਚਲੇ ਗਏ। ਦੇਗ ਰੱਖ ਦਿਤੀ ਤੇ ਨਾਲ ਦਰਿਆ ਵਲ ਨੂੰ ਦੇਖ ਕੇ ਕਹਿਣ ਲੱਗੇ ਕਿ ਯਾਦ ਹੈ ਨਾ ਤੇਰੇ ਗੁਰੂ ਨਾਨਕ ਦਾ ਬਚਨ -

*ਧਾਰਨਾ - ਪਉਣ ਪਾਣੀ ਦੇਵਤੇ ਸਾਰੇ,*
*ਵਸਦੇ ਨੇ ਭੈ ਵਿਚ ਜੀ।*
*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥ ਅੰਗ - ੪੬੪*

ਕਹਿਣ ਲੱਗੇ, ਦੇਖੋ! ਤੁਹਾਨੂੰ ਇਕ ਸੰਤ ਨੇ ਬੰਨ੍ਹ ਦਿਤਾ ਸੀ, ਅੱਜ ਅਸੀਂ ਛੁੱਟੀ ਦਿਵਾਉਂਦੇ ਹਾਂ, ਅੱਜ ਤੋਂ ਬਾਅਦ ਡੇਰਾ ਬਾਬਾ ਨਾਨਕ 'ਚ ਨਹੀਂ ਵੜਨਾ। ਓਸ ਦਿਨ ਤੋਂ ਬਾਅਦ ਰਾਵੀ 'ਚ ਕਿੰਨਾ ਹੀ ਹੜ੍ਹ ਆਇਆ ਲੇਕਿਨ ਉਛਲੀ ਨਹੀਂ ਓਸ ਥਾਂ ਤੋਂ।

ਗੁਰੂ ਦਸ਼ਮੇਸ਼ ਪਿਤਾ ਜਦੋਂ ਪਾਉਂਟੇ ਸਾਹਿਬ ਕਵਿਤਾ ਰਚ ਰਹੇ ਨੇ ਕਵੀ ਲੋਕ ਬੈਠੇ ਕਹਿਣ ਲੱਗੇ ਮਹਾਰਾਜ! ਦਰਿਆ ਦੀ ਜਿਹੜੀ ਕੁਰਲ-ਕੁਰਲ ਹੈ ਇਹ ਵਿਘਨ ਪਾਉਂਦੀ ਹੈ ਸਾਡੀ ਬਿਰਤੀ ਇਕਾਗਰ ਨਹੀਂ ਹੋਣ ਦਿੰਦੀ। ਮਹਾਰਾਜ ਕਹਿਣ ਲੱਗੇ, ਲੈ ਜਮੁਨਾ ਅੱਜ ਤੋਂ ਬਾਅਦ ਨਹੀਂ ਤੂੰ ਬੋਲਣਾ। ਚੁੱਪ ਕਰਕੇ ਲੰਘਣਾ ਹੈ ਇਥੋਂ। ਅੱਗੇ ਪਿੱਛੇ ਬੋਲਦੀ ਹੈ, ਓਥੋਂ ਚੁੱਪ ਕਰਕੇ ਲੰਘਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਜਿਹੜੀਆਂ ਕਥਾਵਾਂ ਹੁੰਦੀਆਂ ਨੇ। ਉਹ ਅਜੀਬ ਹੋਇਆ ਕਰਦੀਆਂ ਨੇ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸੋ ਇਸ ਤਰ੍ਹਾਂ ਸਾਧਸੰਗਤ ਜੀ ਚਾਹੇ ਸਾਰਾ ਦਿਨ, ਸਾਰੀ ਰਾਤ ਕਰੀ, ਮਹੀਨਾ ਭਰ ਕਰੀ ਜਾਓ, ਨਾ ਮਹਾਂਪੁਰਸ਼ਾਂ ਦੀਆਂ ਕਥਾਵਾਂ ਮੁੱਕਣਾ, ਸਮਾਂ ਮੁੱਕ ਜਾਂਦਾ ਹੈ। ਸੋ ਹੁਣ ਵੀ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ
ਗੁਰ ਸਤੋਤਰ
ਅਰਦਾਸ
(******)

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

੩.

## ਨਾਮ ਦੀ ਦਾਤਿ ਤੇ ਕਮਾਈ

ਬੇਸ਼ਕ ਇਹ ਗੱਲ ਠੀਕ ਹੈ ਕਿ ਨਾਮ ਤੁੱਠੇ ਸਤਿਗੁਰ ਦੀ ਨਦਰ-ਕਰੰਮੀ ਦਾਤਿ ਹੈ। ਕਿਰਪਾਲੂ ਸਤਿਗੁਰੂ ਨੇ ਨਾਮ ਦੀ ਦਾਤਿ ਅਧਿਕਾਰੀ ਜਨਾਂ ਨੂੰ ਤੁਠ ਕੇ ਦਿਤੀ, ਅਰਥਾਤ ਸਤਿਗੁਰ ਦਾ ਨਾਮ ਦੀ ਦਾਤਿ-ਬਖ਼ਸ਼ੀਸ਼ ਲਈ ਤੁਠਣਾ ਤਿਨ੍ਹਾਂ ਜੰਤਾਂ ਪਰ ਹੀ ਹੋਇਆ ਜੋ ਇਸ ਦਾਤਿ ਦੇ ਅਧਿਕਾਰੀ ਸਨ, ਪਰ ਅਧਿਕਾਰ ਦਾ ਫੈਸਲਾ ਜੰਤਾਂ ਦੇ ਗੁਣ-ਕਰਮਾਂ ਅਨੁਸਾਰ ਹੀ ਹੁੰਦਾ ਹੈ। ਫੇਰ ਜਿਨ੍ਹਾਂ ਅਧਿਕਾਰੀ ਜਨਾਂ ਉਤੇ ਨਾਮ ਦੀ ਨਦਰ-ਕਰੰਮੀ ਦਾਤਿ ਹੋਈ, ਤਿਨ੍ਹਾਂ ਵਿਚੋਂ ਉਨ੍ਹਾਂ ਹੁਕਮੀ ਬੰਦਿਆਂ ਅਤੇ ਕਮਾਈ ਵਾਲੇ ਗੁਰਮੁਖ ਜਨਾਂ ਪਰ ਏਦੂੰ ਭੀ ਵਧੀਆ ਨਦਰ-ਕਰੰਮੀ ਦਇਆ ਦਾਤਿ ਹੋਈ, ਜਿਨ੍ਹਾਂ ਨੂੰ ਨਾਮ ਗੁਰਮੰਤ੍ਰ ਦੀ ਕਮਾਈ ਕਰਕੇ ਨਾਮੀ ਦੇ ਮੇਲ-ਮਿਲਾਪ ਰੂਪੀ ਪ੍ਰਾਪਤੀ ਹੋਈ। ਤਾਂ ਤੇ ਏਹ ਕਹਿਣ ਦੇ ਥਾਉਂ ਕਿ 'ਨਾਮ ਦੀ ਪ੍ਰਾਪਤੀ ਦਾਤਿ ਹੈ, ਇਹ ਘਾਲ ਦਾ ਫਲ ਨਹੀਂ, ਇਹ ਕਹਿਣਾ ਠੀਕ ਹੋਵੇਗਾ ਕਿ 'ਨਾਮੀ ਦੀ ਪ੍ਰਾਪਤੀ ਦਾਤਿ ਹੈ, ਪਰ ਦਾਤਿ-ਜੋਤਿ ਤੋਂ ਘੁਥੀਆਂ ਆਨ ਘਾਲਾਂ ਕੁਮੱਤ ਮੱਤ ਕਰਨੀਆਂ ਯਾ ਅਹੰਮਤ ਕਰਨੀ ਦਾ ਚਿੰਤਤ ਚਿੰਤਿਆ ਫਲ ਨਹੀਂ, ਸਗੋਂ ਸਤਿਗੁਰੂ ਦੀ ਨਦਰ-ਕਰੰਮੀ ਨਾਮ ਕਮਾਈ ਅਰਥਾਤ ਗੁਰਮੰਤ੍ਰ ਕਮਾਈ ਦਾ ਅਚਿੰਤ (ਸਹਿਜ) ਫਲ ਹੈ, ਅਤੇ ਇਸੇ ਪ੍ਰਥਾਇ ਇਹ ਗੁਰਪ੍ਰਮਾਣ ਘਟਦਾ ਹੈ -

*ਘਾਲ ਨ ਮਿਲਿਓ ਸੇਵ ਨ ਮਿਲਿਓ*
*ਮਿਲਿਓ ਆਇ ਅਚਿੰਤਾ ॥*
*ਜਾ ਕਉ ਦਇਆ ਕਰੀ ਮੇਰੈ ਠਾਕੁਰਿ*
*ਤਿਨਿ ਗੁਰਹਿ ਕਮਾਨੋ ਮੰਤਾ ॥ ਅੰਗ - ੬੭੨*

ਉਪਰੋਕਤ ਪੰਗਤੀ ਤੋਂ ਸਿੱਧ ਹੈ ਕਿ ਜਿਨ੍ਹਾਂ ਤੇ ਦਇਆ ਕਿਰਪਾ ਹੋਈ ਤਿਨ੍ਹਾਂ ਨੇ ਗੁਰੂ ਦਾ ਮੰਤਰ ਕਮਾਇਆ, ਅਰਥਾਤ ਤਿਨ੍ਹਾਂ ਨੇ ਨਾਮ ਗੁਰਮੰਤ੍ਰ ਦੀ ਕਮਾਈ ਕੀਤੀ, ਤਾਂ ਨਾਮੀ ਦੀ ਪ੍ਰਾਪਤੀ ਹੋਈ। ਪਰਮ ਪ੍ਰਸਾਦਿ ਨਾਮ ਦਾਤਿ ਹੈ, ਪਰ ਨਾਮੀ ਦੀ ਪ੍ਰਾਪਤੀ ਦਾ ਫਲ ਤਿਸਨੂੰ ਲਭਣਾ ਹੈ ਜੋ ਨਾਮ ਦੀ ਕਮਾਈ ਕਰੇਗਾ। ਕਮਾਈ ਬਿਹੂਣ ਨਹੀਂ, ਕਮਾਈ ਕਰ ਕੇ ਕਿਰਪਾ ਹੋਵੇਗੀ, ਕਿਰਪਾ ਦੁਆਰਾ ਕਮਾਈ, ਇਹ ਦੋਵੇਂ ਲਾਜ਼ਮ ਮਲਜ਼ੂਮ (ਓਤਿ ਪੋਤਿ) ਹਨ, ਕਿਰਪਾ ਦੁਆਰਾ ਕਮਾਈ ਤਾਂ ਇਉਂ ਕਿ ਜਦ ਤਾਈਂ ਸਤਿਗੁਰੂ ਦੀ ਕਿਰਪਾ ਦੁਆਰਾ ਨਾਮ ਦੀ ਦਾਤਿ ਹੀ ਨਹੀਂ ਮਿਲੇਗੀ ਤਾਂ ਉਹ ਕਮਾਈ ਕਿਵੇਂ ਅਤੇ ਕਿਸ ਗੱਲ ਦੀ ਕਰੇਗਾ, ਵਸਤੂ ਤਾਂ ਉਸ ਨੂੰ ਪ੍ਰਾਪਤ ਹੀ ਨਹੀਂ। ਬੇਸ਼ਕ ਇਹ ਵਸਤੂ ਦੀ ਪ੍ਰਾਪਤੀ ਵਾਲੀ ਦਾਤਿ-ਮਿਹਰ ਭੀ ਉਸ ਦੇ ਪੂਰਬ ਕਰਮਾਂ ਦੇ ਅੰਕੂਰੀ ਅਧਿਕਾਰਾਂ ਦਾ ਫਲ ਹੈ, ਪਰ ਇਹ ਪੂਰਬ ਕਰਮਾਂ ਦੇ ਅੰਕੁਰ ਵਾਲੀ ਗੱਲ ਹੀ ਇਸ ਅਗਲੀ ਗੱਲ ਦੀ ਪ੍ਰੋੜਤਾ ਕਰਦੀ ਹੈ ਕਿ ਕਮਾਈ ਦੁਆਰਾ ਹੀ ਕਿਰਪਾ ਲਾਜ਼ਮੀ ਹੈ।

ਪਿਤਾ ਦੇ ਕਈ ਪੁੱਤਰ ਹਨ ਪਰ ਉਹ ਆਪਣੇ ਓਸ ਆਗਿਆਵੰਤ ਸਪੁਤਰ ਉਪਰ ਹੀ ਕਿਰਪਾਲੂ ਦਇਆਲੂ ਤੇ ਮਿਹਰਵਾਨ ਹੋਵੇਗਾ ਜੋ ਉਸ ਦੀ ਹੁਕਮ-ਰਜ਼ਾ ਅੰਦਰ, ਪਿਤਾ ਦਾ ਹੁਕਮੀ ਬੰਦਾ ਹੁੰਦਾ ਹੋਇਆ, ਪਿਤਾ ਦੇ ਆਗਿਆ-ਅਨੁਸਾਰੀ ਤੇ ਆਗਿਆਕਾਰੀ ਕਰਮ ਕਮਾਵੇਗਾ। ਪੂਰਨ ਕਿਰਪਾ ਤਾਂ ਪਿਤਾ ਕਿਰਪਾਲੂ ਦੀ ਆਗਿਆਕਾਰੀ ਸਪੂਤ ਪੁਤਰ ਉਤੇ ਹੀ ਹੋਵੇਗੀ। ਹਾਂ ਆਪਣੇ ਕਿਰਪਾਲੂ ਸੁਭਾਵ ਅਨੁਸਾਰ ਪਾਲਣ ਪੋਸਣ, ਰਿਜਕ ਸੰਬਾਹਨ ਦੀ ਕਿਰਪਾ ਬਿਰਦ-ਪਾਲ ਲਾਜ ਕਰਕੇ ਤੇ ਸੰਸਾਰੀ ਸਬੰਧ ਦੀ ਮੋਹ ਮਮਤਾ ਕਰਕੇ ਕਪੂਤ ਪੁਤਰ ਪਰ ਭੀ ਹੋਵੇਗੀ।

*ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ ॥*
*ਅੰਗ - ੩੨੧*

ਵਾਲਾ ਗੁਰ ਪ੍ਰਮਾਣ ਭੀ ਏਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਨਾਮ ਰੂਪੀ ਬੀਜਣ ਦੀ ਜੋ ਕਮਾਈ ਕਰੇਗਾ ਸੋ ਉਸ ਦਾ ਫਲ 'ਨਾਮ ਦੀ ਪ੍ਰਾਪਤੀ ਰੂਪ ਫਲ' ਖਾਏਗਾ। ਹਾਂ ਫਲ-ਪ੍ਰਦਾਤਾ ਗੁਰੂ ਕਰਤਾਰ ਹੈ। ਨਾਮ ਦੀ ਕਮਾਈ ਕਰਨਾ, ਹੁਕਮੀ ਬੰਦਾ ਹੋ ਕੇ ਕਮਾਈ ਕਰਨਾ ਗੁਰਸਿਖ ਦਾ ਮੁਖ ਧਰਮ ਹੈ। ਇਹੋ ਗੁਰਸਿਖ ਦਾ ਉਤਮ ਕਰਮ ਹੈ ਅਤੇ ਇਹੋ ਸ੍ਰੇਸ਼ਟ ਧਰਮ ਹੈ। ਹੁਕਮੀ ਬੰਦਾ ਹੋ ਕੇ ਨਾਮ ਦੀ ਕਮਾਈ ਕਰਨ ਕਰਿ, ਗੁਰਸਿੱਖ ਨੂੰ ਹੰਕਾਰ ਬਿਆਪ ਹੀ ਨਹੀਂ ਸਕਦਾ, ਉਹ ਤਾਂ ਹੁਕਮ ਪਾਲ ਰਿਹਾ ਹੈ। ਉਸ ਨੂੰ ਹੰਕਾਰ ਹੋ ਨਹੀਂ ਸਕਦਾ, 'ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ' ਦੇ ਗੁਰਵਾਕ ਦੇ ਭਾਵ ਅਨੁਸਾਰ ਜਿਥੇ ਨਾਮ ਹੈ, ਉਥੇ ਹਉਮੈ ਹੰਕਾਰ ਕੀ? ਨਾਮ-ਕਮਾਈ ਦੀ ਪਾਰਸ ਕਲਾ ਦੁਆਰਾ ਪ੍ਰਿਥਮ ਹਉਮੈ ਦਾ ਬਿਨਾਸ ਹੁੰਦਾ ਹੈ। ਹਉਮੈ ਦਾ ਅਭਾਵ ਹੋਣ ਕਰਕੇ ਉਹ ਹੋਰ ਭੀ ਕਰਮ ਕਰਦਾ ਹੈ, ਗੁਰੂ ਪ੍ਰਾਇਣ ਆਪਾ ਅਰਪ ਕੇ ਕਰਦਾ ਹੈ। ਤਾਂ ਓਥੇ ਭਲਾ ਕਰਮਾਂ ਦਾ ਹੰਕਾਰ ਕੀ? ਹਾਂ ਨਾਮ ਬਿਹੂਣ, ਨਾਮ ਕਮਾਈ ਤੋਂ ਬਿਨਾਂ ਮਨੁੱਖ ਦੇ ਸਭ ਕਰਮ ਬਿਰਥੇ ਅਤੇ ਹੰਗਤਾ-ਪੂਰਤ ਹਨ, ਹੰਗਤਾ ਪੂਰਤ ਹੋਣ ਕਰਿਕੇ ਕਿਸੇ ਲੇਖੇ ਨਹੀਂ। ਨਾਮ ਬਿਨਾਂ ਹੋਰ ਜੇਤੇ ਆਨ ਕਰਮ ਹਨ, ਸਭ ਹਉਮੈ ਪ੍ਰਾਇਣ ਹੋ ਕੇ ਕੀਤੇ ਜਾਂਦੇ ਹਨ, ਉਨ੍ਹਾਂ ਦਾ ਫਲ ਭੀ ਹੰਕਾਰ-ਜਨਕ ਹੈ, ਪਰ ਇਹ ਘਟਨਾ ਨਾਮ ਪ੍ਰਥਾਇ, ਨਾਮ ਰੂਪੀ ਕਰਮ ਪ੍ਰਥਾਇ ਨਾਮ ਦੀ ਕਮਾਈ ਪ੍ਰਥਾਇ ਅਤੇ ਨਾਮ ਪ੍ਰਾਇਣ ਹੋ ਕੇ ਕੀਤੇ ਗੁਰਮਤਿ ਕਰਮਾਂ ਪ੍ਰਥਾਇ ਨਹੀਂ ਘਟ ਸਕਦੀ।

## ਅਕਾਲ ਪੁਰਖ ਦੀ ਹਜ਼ੂਰੀ ਵਿਚ ਨਾਮ ਦੀ ਕਮਾਈ -

'ਨਾਮ ਦੀ ਕਮਾਈ' ਹੱਦ ਵਿਚ ਆਇਆ ਕਰਮ ਨਹੀਂ, ਅਨ-ਹਦ ਕਰਮ ਹੈ। ਪ੍ਰੀਤਮ ਨਾਮ ਅਨ-ਹਦ ਪ੍ਰੀਤ ਉਪਜਾਉਣ ਵਾਲਾ ਕਰਮ ਹੈ, ਜੋ ਕਿ ਸੱਚੀ ਪ੍ਰੀਤ ਰੂਪੀ ਜੁਗ ਤੋੜੀ, ਅਜ਼ਲ ਤੋਂ ਅਬਦ ਤੋੜੀ ਅਸਥਿਰ ਰਹਿਣ ਵਾਲਾ ਪ੍ਰੀਤ-ਪਿਰੰਮੀ ਕਰਮ ਹੈ। ਏਸ ਕਰਮ ਨੂੰ ਕਰਦਿਆਂ ਨਿਹਕਰਮ ਹੋਈਦਾ ਹੈ। ਏਸ ਪ੍ਰੀਤ-ਪਿਰੰਮੀ ਕਰਮ ਨੂੰ ਕਰਦਿਆਂ ਪੁੱਗ ਖਲੋਈਦਾ ਹੈ ਅਤੇ ਪੱਗ ਪਹੁੰਚ ਕੇ ਭੀ ਇਸ ਨਾਮ-ਭਗਤਿ-ਕਮਾਈ ਰੂਪੀ ਕਰਮ ਨੂੰ ਕਮਾਈ ਜਾਈਦਾ ਹੈ। ਐਥੋਂ ਤਾਈਂ ਕਿ ਪੁੱਗ ਖਲੋਈ ਦਸ਼ਾ ਵਿਚ ਭੀ ਨਾਮ ਰੂਪੀ ਭਗਤਿ-ਕਮਾਈ ਹੋਈ ਜਾਂਦੀ ਹੈ, ਇਸ ਦੀ ਥਾਹ

ਕਿਛ ਨਹੀਂ, ਹੱਦ ਕਿਛ ਨਹੀਂ, ਜੀਉਂਦੇ-ਜੀ ਨਾਮ ਦੀ ਦਾਤਿ ਮਿਲੀ ਤੋਂ ਹੀ ਇਸ ਦੀ ਅਖੰਡ ਕਮਾਈ ਆਰੰਭ ਹੋ ਜਾਂਦੀ ਹੈ। ਸੁਆਂਸ-ਸੁਆਸ ਇਸ ਦਾ ਅਭਿਆਸ, ਸਾਸ ਗ੍ਰਾਸ ਇਹੋ ਅਭਿਆਸ ਕਮਾਈ, ਰੋਮ ਰੋਮ, ਖਿਨ, ਪਲ, ਚਸਾ, ਉਠਦੇ, ਬਹਿੰਦੇ, ਸੌਂਦੇ, ਜਾਗਦੇ, ਚਲਦੇ, ਫਿਰਦੇ, ਕੰਮ ਕਾਜ ਤੇ ਵਾਟ-ਵਾਟ ਵਿਚ ਅਭਿਆਸੀ ਜਨਾਂ ਦੀ ਇਹ ਅਭਿਆਸ ਕਮਾਈ ਜਾਰੀ ਰਹਿੰਦੀ ਹੈ। ਤੇ ਇਹ ਕਮਾਈ ਅਭਿਆਸੀ ਜਨਾਂ ਲਈ 'ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ। ਹਰਿ ਕਾ ਨਾਮੁ ਊਹਾ ਸੰਗਿ ਤੋਸਾ' ਹੈ। ਹੋਰ ਕਮਾਈਆਂ ਤੇ ਹੋਰ ਪਦਾਰਥ ਪ੍ਰਾਣੀ ਦੇ ਪ੍ਰਾਣ ਤਿਆਗਣ ਪਿਛੋਂ ਇਥੇ ਦੇ ਇਥੇ ਹੀ ਰਹਿ ਜਾਂਦੇ ਹਨ, ਪਰ ਇਹ ਨਾਮ ਰੂਪੀ ਧਨ ਪਦਾਰਥ ਜੀਅੜੇ ਦੇ ਸੰਗ ਸਾਥ ਹੀ ਰਹਿੰਦਾ ਹੈ। ਹਾਂ ਜੀ! ਏਸ ਨਾਮ ਕਮਾਈ ਦੀ ਹੱਦ ਥਾਹ ਕੁਛ ਨਹੀਂ।

***ਇਕ ਦੂ ਜੀਭੌ ਲਖ ਹੋਹਿ***
***ਲਖ ਹੋਵਹਿ ਲਖ ਵੀਸ ॥***
***ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥***
***ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥***
***ਅੰਗ - ੭***

ਹਾਂ ਜੀ! 'ਪਤਿ ਪਵੜੀਆ ਚੜੀਐ ਹੋਇ ਇਕੀਸ' ਵਾਲੀ ਅਵਸਥਾ ਪ੍ਰਾਪਤ ਕਰ ਕੇ ਭੀ, ਅਪ੍ਰੋਖਛ ਗਿਆਨ ਪ੍ਰਾਪਤ ਕਰ ਕੇ ਭੀ ਇਹ ਅਨਹਦ ਅਖੰਡ ਅਭਿਆਸੀ ਕਮਾਈ ਮੁਕਦੀ ਨਹੀਂ। ਇਹੋ ਅਨਹਦ ਅਖੰਡ ਅਭਿਆਸੀ ਕਮਾਈ ਗਿਆਨ ਖੰਡ ਵਿਖੇ ਜਾ ਕੇ ਅਖੰਡ ਹੀ ਰਹਿੰਦੀ ਹੈ। ਇਹ ਅਖੰਡ ਨਾਮ ਅਭਿਆਸੀ ਕਮਾਈ ਹੀ ਜੋ 'ਗਿਆਨ ਖੰਡ ਮਹਿ ਗਿਆਨੁ ਪਰਚੰਡੁ' ਦੇ ਗੁਰਵਾਕ ਅਨੁਸਾਰ ਗਿਆਨ ਖੰਡ ਵਿਚ ਜਾ ਕੇ ਗਿਆਨ ਪ੍ਰਚੰਡ ਹੋ ਜਾਂਦੀ ਹੈ। ਉਹ ਸੱਚਾ ਗਿਆਨ ਹੈ, ਗਿਆਨ ਪ੍ਰਚੰਡ ਹੈ ਹੀ ਨਾਮ। ਇਹੋ ਨਾਮ 'ਗਿਆਨ ਖੜਗ' ਹੈ ਤੇ ਇਹੋ ਨਾਮ ਗਿਆਨ ਪ੍ਰਚੰਡ ਹੈ। ਹਾਂ ਜੀ! ਗਿਆਨ ਖੰਡ ਵਿਖੇ ਪੁਜ ਕੇ ਅਤੇ ਗਿਆਨ ਪ੍ਰਚੰਡ ਸਰੂਪ ਹੋ ਕੇ ਭੀ ਭਗਤ ਜਨਾਂ ਦੀ ਨਾਮ-ਭਗਤਿ-ਕਮਾਈ ਨਹੀਂ ਮੁਕਦੀ। ਸਰਮਖੰਡ ਅਤੇ ਕਰਮ ਖੰਡ ਟਪ ਕੇ ਭੀ ਭਗਤ ਜਨਾਂ ਦੀ ਨਾਮ-ਭਗਤਿ-ਕਮਾਈ ਨਹੀਂ ਠਲ੍ਹਦੀ। ਐਥੋਂ ਤਕ ਕਿ ਨਿਰੰਕਾਰ ਅਕਾਲ ਪੁਰਖ ਦੇ ਸਨਮੁਖ ਸੌਹੇਂ ਹੋ ਕੇ, ਸਚਖੰਡ ਪੁਜ ਕੇ ਭੀ ਭਗਤ ਜਨਾਂ ਦੀ ਭਗਤਿ-ਕਮਾਈ ਅਖੰਡ, ਅਮਿਟ, ਅਨੰਤ, ਅਨਹਦ ਦੇ ਅਨਾਹਦ ਰੂਪ ਹੀ ਰਹਿੰਦੀ ਹੈ -

***ਤਿਥੈ ਭਗਤ ਵਸਹਿ ਕੇ ਲੋਅ ॥***
***ਕਰਹਿ ਅਨੰਦੁ ਸਚਾ ਮਨਿ ਸੋਇ ॥ ਅੰਗ - ੮***

ਸਹਿਜ ਪਦ ਸਚਖੰਡ ਵਿਖੇ ਪੁਗ ਕੇ ਭੀ ਨਾਮ-ਭਗਤੀ-ਕੀਰਤਨ-ਕਮਾਈ ਦੀ ਥਾਹ ਤੇ ਹੱਦ-ਬੰਨਾ ਕੁਛ ਨਹੀਂ। ਇਸ ਭਾਵ ਨੂੰ ਹੇਠ ਲਿਖੇ ਗੁਰਪ੍ਰਮਾਣ ਇਸ ਬਿਧ ਨਿਰੂਪਨ ਕਰਦੇ ਹਨ -

***ਅਗਮ ਰੂਪ ਕਾ ਮਨ ਮਹਿ ਥਾਨਾ ॥***
***ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥ ੧ ॥***
***ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥***
***ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥ ੧ ॥ ਰਹਾਉ ॥***
***ਅਨਹਤ ਬਾਣੀ ਥਾਨੁ ਨਿਰਾਲਾ ॥***
***ਤਾ ਕੀ ਧੁਨਿ ਮੋਹੇ ਗੋਪਾਲਾ ॥ ੨ ॥***
***ਤਹ ਸਹਜ ਅਖਾਰੇ ਅਨੇਕ ਅਨੰਤਾ ॥***
***ਪਾਰਬ੍ਰਹਮ ਕੇ ਸੰਗੀ ਸੰਤਾ ॥ ੩ ॥***
***ਹਰਖ ਅਨੰਤ ਸੋਗ ਨਹੀ ਬੀਆ ॥***
***ਸੋ ਘਰੁ ਗੁਰਿ ਨਾਨਕ ਕਉ ਦੀਆ॥ ਅੰਗ - ੧੮੬***
***ਸੁਖ ਮਹਲ ਜਾ ਕੇ ਊਚ ਦੁਆਰੇ ॥***
***ਤਾ ਮਹਿ ਵਾਸਹਿ ਭਗਤ ਪਿਆਰੇ ॥ ੧ ॥***
***ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥***
***ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥***
***ਤਹ ਗੀਤ ਨਾਦ ਅਖਾਰੇ ਸੰਗਾ ॥***
***ਊਹਾ ਸੰਤ ਕਰਹਿ ਹਰਿ ਰੰਗਾ ॥ ੨ ॥***
***ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥***
***ਸਾਚ ਨਾਮ ਕੀ ਅੰਮ੍ਰਿਤ ਵਰਖਾ ॥ ੩ ॥***
***ਗੁਹਜ ਕਥਾ ਇਹ ਗੁਰ ਤੇ ਜਾਣੀ ॥***
***ਨਾਨਕੁ ਬੋਲੈ ਹਰਿ ਹਰਿ ਬਾਣੀ ॥ ਅੰਗ - ੭੩੯***
***ਸਹਜ ਸਿਫਤਿ ਭਗਤਿ ਤਤੁ ਗਿਆਨਾ ॥***
***ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥***
***ਤਹਾ ਸੰਗਤਿ ਸਾਧ ਗੁਣ ਰਸੈ ॥***
***ਅਨਭਉ ਨਗਰੁ ਤਹਾ ਸਦ ਵਸੈ ॥ ੬ ॥***
***ਤਹ ਭਉ ਭਰਮਾ ਸੋਗੁ ਨ ਚਿੰਤਾ ॥***
***ਆਵਣੁ ਜਾਵਣੁ ਮਿਰਤੁ ਨ ਹੋਤਾ ॥***
***ਤਹ ਸਦਾ ਅਨੰਦ ਅਨਹਤ ਆਖਾਰੇ ॥***
***ਭਗਤ ਵਸਹਿ ਕੀਰਤਨ ਆਧਾਰੇ ॥ ਅੰਗ - ੨੩੭***
***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ ॥***
***ਅਕਥ ਕਥਾ ਬੀਚਾਰੀਐ***
***ਮਨਸਾ ਮਨਹਿ ਸਮਾਇ ॥***
***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***
***ਸਭਿ ਸਖੀਆ ਪੰਚੇ ਮਿਲੇ***
***ਗੁਰਮੁਖਿ ਨਿਜ ਘਰਿ ਵਾਸੁ ॥***
***ਸਬਦੁ ਖੋਜਿ ਇਹੁ ਘਰੁ ਲਹੈ***
***ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੦-੯੧***

(*****)

# ਸ਼ਬਦ ਗੁਰੂ

*ਸੰਤ ਵਰਿਆਮ ਸਿੰਘ ਜੀ*
*ਬਾਨੀ. ਵਿ. ਗੁ. ਰੂਹਾਨੀ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*
*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*
*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

*ਧਾਰਨਾ - ਕਿਤੇ ਵਾਰੀ ਨਾ ਗਵਾ ਲਈਂ,*
*ਮਿਲਣੈਂ ਰਾਮ ਪਿਆਰੇ ਨੂੰ।*

ਸਾਧਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰਾਂਗੇ ਤਾਂ ਫਲ ਕਿੰਨਾ ਹੋਏਗਾ? -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਕੱਲ੍ਹ ਬਹੁਤ ਵਿਸਥਾਰ ਦੇ ਨਾਲ ਬੇਨਤੀ ਕੀਤੀ ਗਈ ਸੀ, ਜਿਹੜੇ ਪ੍ਰੇਮੀ ਕੱਲ੍ਹ ਦੇ ਦੀਵਾਨ ਵਿਚ ਗੁਰੂ ਮਹਾਰਾਜ ਦੀ ਹਾਜ਼ਰੀ ਭਰ ਰਹੇ ਸੀ, ਬਹੁਤ ਕੁਛ ਉਨ੍ਹਾਂ ਨੇ ਸਮਝਿਆ, ਬਹੁਤ ਕੁਛ ਬੇਨਤੀਆਂ ਕੀਤੀਆਂ ਗਈਆਂ, ਸਾਰਿਆ ਨਾਲੋਂ ਜੋ ਜ਼ਰੂਰੀ ਚੀਜ਼ ਹੈ ਇਸ ਸੰਸਾਰ ਦੇ ਅੰਦਰ ਕਿਉਂਕਿ ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਨੇ, ਮਨੁਖ ਦੀ ਗੱਲ ਤਾਂ ਅਸੀਂ ਮੰਨਣੀ ਨਹੀਂ ਹੈ ਕਿਸੇ ਦੀ, ਕਿਉਂਕਿ ਜੋ ਪ੍ਰਮੇਸ਼ਰ ਦੀ ਗੱਲ ਹੈ ਉਹ ਮੰਨਣੀ ਹੈ। ਮਨੁੱਖ ਦੀ ਗੱਲ ਗਲਤ ਹੁੰਦੀ ਹੈ ਕਿਉਂਕਿ ਮਨੁੱਖ ਹਉਮੈ ਦੇ ਚੱਕਰ ਵਿਚ ਹੋਣ ਕਰਕੇ ਉਹਦੇ ਅੰਦਰ ਹਨ੍ਹੇਰਾ ਹੁੰਦਾ ਹੈ, ਹਨ੍ਹੇਰੇ 'ਚੋਂ ਸਹੀ ਗੱਲ ਨਹੀਂ ਆਇਆ ਕਰਦੀ, ਪ੍ਰਕਾਸ਼ ਵਿਚੋਂ ਗੱਲ ਸਹੀ ਆਇਆ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਜੋ ਹਨ ਇਹ ਮੈਂ ਇਕ ਬੇਨਤੀ ਕਰਦਾ ਹਾਂ, ਥੋੜ੍ਹੇ ਜਿਹਾ ਧਿਆਨ ਦੇ ਨਾਲ ਬੇਨਤੀ ਕਰਿਓ, ਕਿਉਂਕਿ ਤੁਹਾਡਾ ਆਮ ਤੌਰ ਦੇ ਉਤੇ ਇਨ੍ਹਾਂ ਗੱਲਾਂ ਦੇ ਨਾਲ ਵਾਹ ਪੈਂਦਾ ਰਹਿੰਦਾ ਹੈ। ਦੂਸਰੇ ਜੋ ਹੋਰ ਕਿਸਮ ਦੇ, ਹੋਰ ਸੰਪਰਦਾ ਨਾਲ ਸਬੰਧ ਰੱਖਣ ਵਾਲੇ ਹਨ ਉਨ੍ਹਾਂ ਦੇ ਨਿਸ਼ਚੇ ਵਿਚ ਤੇ ਸਾਡੇ ਨਿਸ਼ਚੇ ਵਿਚ ਕੁਛ ਫਰਕ ਹੈ ਥੋੜ੍ਹਾ, ਉਹ ਜਦ ਤਕ ਸਾਡੀ ਸਮਝ ਵਿਚ ਨਹੀਂ ਆਉਂਦਾ, ਅਸੀਂ ਚੁੱਪ ਕਰ ਜਾਂਦੇ ਹਾਂ, ਉਨ੍ਹਾਂ ਦਾ ਖਿਆਲ ਇਹ ਹੁੰਦਾ ਹੈ ਕਿ ਗੁਰੂ ਜੋ ਹੈ ਉਹ ਸਰੀਰ ਵਿਚ ਹੋਣਾ ਚਾਹੀਦਾ ਹੈ। ਲੇਕਿਨ ਜਦ ਅਸੀਂ ਗੁਰੂ ਬਾਰੇ ਦੇਖਦੇ ਹਾਂ, ਗੁਰੂ ਹੈ ਕੀ? ਬੜਾ ਰੌਲਾ ਸੰਸਾਰ ਦੇ ਅੰਦਰ ਗੁਰੂ ਦਾ, ਸਾਰੇ ਹੀ ਅਸੀਂ ਕਹਿੰਦੇ ਹਾਂ ਕਿ ਗੁਰੂ ਤੋਂ ਬਗੈਰ ਨਹੀਂ ਮਿਲਣਾ ਤੈਨੂੰ ਕੁਛ ਵੀ, ਉਹ ਜਦ ਐਡਾ ਜ਼ਰੂਰੀ ਹੈ, ਉਹ ਕੌਣ? ਕੀ ਹੈ ਉਹ, ਉਹਨੂੰ ਕਿਥੇ ਮਿਲੀਏ, ਕਿਵੇਂ ਮਿਲੀਏ? ਇਕ ਤਾਂ ਵਾਹਿਗੁਰੂ ਜੀ ਜਿਨ੍ਹਾਂ ਨੂੰ ਨਿਰੰਕਾਰ ਕਿਹਾ ਜਾਂਦਾ ਹੈ, ਇਕ ਹਾਲਤ ਹੈ ਜਿਵੇਂ ਆਪਾਂ ਕਿਸੇ ਦਫਤਰ 'ਚੋਂ ਕੰਮ ਕਰਨ ਤੋਂ ਬਾਅਦ ਆਪਣੇ ਘਰ ਵਿਚ ਆ ਜਾਈਏ, ਹਾਂ ਤਾਂ ਅਸੀਂ ਓਹੀ, ਲੇਕਿਨ ਓਸ ਵੇਲੇ ਸਾਡੇ ਹੱਥ ਦੇ ਵਿਚ ਉਹ ਤਾਕਤ ਨਹੀਂ ਜੋ ਕੋਰਟ ਵਿਚ ਹੁੰਦੀ ਹੈ, ਜਗ ਤੁਰਿਆ ਜਾਂਦਾ ਹੈ, ਉਹ ਤੁਰਿਆ ਜਾਂਦਾ ਕਿਸੇ ਨੂੰ ਵੀ ਸਜ਼ਾ ਨਹੀਂ ਦੇ ਸਕਦਾ। ਜਦ ਤਕ ਆਪਣੀ ਕੁਰਸੀ 'ਤੇ ਨਹੀਂ ਬੈਠ ਜਾਂਦਾ। ਇਹ ਹਾਲਤ ਹੈ, ਹੈ ਓਹੀ ਬੰਦਾ, ਲੇਕਿਨ ਓਸ ਵੇਲੇ ਉਹ ਕ੍ਰਿਆਸ਼ੀਲ ਨਹੀਂ ਹੈ। ਏਸੇ ਤਰ੍ਹਾਂ ਜੋ ਵਾਹਿਗੁਰੂ ਜੀ ਦਾ ਸਰੂਪ ਹੈ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥*
*ਅੰਗ - ੨੯੦*

ਸਭ ਤੋਂ ਪਹਿਲਾਂ ਉਹਨੇ ਆਪਣੇ ਆਪ ਨੂੰ ਆਪੇ ਹੀ ਸਾਜ ਲਿਆ, ਨਿਰੰਕਾਰ ਤੋਂ ਏਕੰਕਾਰ ਹੋ ਗਿਆ, ਅਸੀਂ ਏਕੰਕਾਰ ਤੋਂ ਸ਼ੁਰੂ ਕਰਦੇ ਹਾਂ ਸਾਰਾ ਕੁਛ ਕਿਉਂਕਿ ਜੋ ਨਿਰੰਕਾਰ ਹੈ, ਸਾਡਾ ਜੋ ਮੂਲਮੰਤਰ ਹੈ ਜਿਸ ਦੇ ਉਤੇ ਸਾਡਾ ਧੁਰਾ ਕਾਇਮ ਹੈ ਵਿਚਾਰ ਦਾ, ਉਹ ੧ੳ ਤੋਂ ਸ਼ੁਰੂ ਹੁੰਦਾ ਹੈ, ਉਸ ਤੋਂ ਪਹਿਲਾਂ ਦੀ ਜੋ

ਹਾਲਤ ਹੈ ਓਸ ਵਿਚ ਨਾ ਅਸੀਂ ਸੀ, ਨਾ ਸੂਰਜ ਸੀ, ਨਾ ਚੰਦ ਸੀ, ਨਾ ਤਾਰੇ ਸੀ, ਨਾ ਕੋਈ ਦੇਵੀ ਸੀ, ਨਾ ਕੋਈ ਦੇਵਤਾ ਸੀ, ਨਾ ਕੋਈ ਦਰਿਆ ਸੀ, ਨਾ ਕੋਈ ਪਹਾੜ ਸੀ, ਨਾ ਕੋਈ ਦੇਵ ਸੀ, ਨਾ ਸ਼ਾਸਤਰ ਸੀ, ਨਾ ਕੋਈ ਗੁਰੂ ਸੀ, ਨਾ ਕੋਈ ਪੀਰ ਸੀ, ਕੋਈ ਨਹੀਂ ਆਪੇ ਆਪ ਨਿਰੰਕਾਰ ਸੀ। ਆਪਣੀ ਮਹਿਮਾ ਦੇ ਵਿਚ ਆਪ ਸਥਿਤ ਸੀ, ਜਿਸਨੂੰ ਕੋਈ ਵੀ ਵਰਣਨ ਨਹੀਂ ਕਰ ਸਕਦਾ। ਜਿਹੜਾ ਵਰਣਨ ਕਰਦਾ ਹੈ ਉਹ ਕਰ ਨਹੀਂ ਸਕਦਾ ਉਹਦੇ ਵਿਚ ਲੀਨ ਹੋ ਜਾਂਦਾ ਹੈ। ਇਸ ਕਰਕੇ ਉਸ ਅਵਸਥਾ ਨੂੰ ਅਨੁਭਵ ਦੇ ਅੰਦਰ, ਮਾਣਿਆ ਤਾਂ ਜਾ ਸਕਦਾ ਹੈ, ਦੱਸਿਆ ਨਹੀਂ ਜਾ ਸਕਦਾ। ਇਕ ਬੱਚਾ ਮਾਂ ਦਾ ਪਿਆਰ ਮਾਣਦਾ ਹੈ, ਪਿਤਾ ਦਾ ਪਿਆਰ ਮਾਣਦਾ ਹੈ ਉਹ ਦੱਸ ਨਹੀਂ ਸਕਦਾ ਜੇ ਉਹਨੂੰ ਕਹੋ ਕਿ ਤੈਨੂੰ ਕਿੰਨਾ ਪਿਆਰ ਆਉਂਦਾ ਹੈ, ਨਾ ਕੋਈ ਨਾਪ ਹੈ, ਨਾ ਕੋਈ ਤੋਲ ਹੈ, ਦੋਵੇਂ ਬਾਹਾਂ ਖੋਲ੍ਹ ਦਏਗਾ, ਦੋਵੇਂ ਬਾਹਾਂ ਫੈਲਾ ਦੇਵੇਗਾ 180 ਡਿਗਰੀ 'ਤੇ। ਜਿਹੜਾ ਉਸ ਤੋਂ ਸਿਆਣਾ ਬੱਚਾ ਹੈ ਉਹ ਦੋਵੇਂ ਬਾਹਾਂ ਪਿੱਛੇ ਕਰਕੇ ਹੱਥ ਫੜ ਲਏਗਾ। ਉਹ ਗੋਲਾਈ ਵਿਚ ਦੱਸ ਦਏਗਾ ਕਿ ਇਹਦਾ ਕੋਈ ਅੰਤ ਨਹੀਂ ਪਿਆਰ ਦਾ। ਉਹ ਗੱਲ ਕਹੀ ਨਹੀਂ ਜਾ ਸਕਦੀ। ਸੋ ਉਹ ਜੋ ਹਾਲਤ ਹੈ ਉਹ ਨਿਰੰਕਾਰ ਆਪੇ ਹੀ ਆਪ ਸੀ, ਜਦੋਂ ਨਿਰੰਕਾਰ ਕ੍ਰਿਆਸ਼ੀਲ ਹੋਇਆ, ਉਹਨੇ ਆਪਣੇ ਆਪ ਨੂੰ ਆਪੇ ਹੀ ਸਾਜ਼ ਲਿਆ।

***ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਅੰਗ - ੪੬੩***

ਇਹਦੇ ਵਿਚ ਨਾਉ ਕੀ ਬਣਿਆ ਓਹਦਾ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***
***ਭਾਈ ਗੁਰਦਾਸ ਜੀ, ਵਾਰ ੨੬/੨***

ਬਈ ਨਿਰੰਕਾਰ ਏਕੰਕਾਰ ਕਹਾਇਆ, ਏਕੰਕਾਰ ਤੋਂ ਸਾਡੀ ਤਾਲੀਮ ਸ਼ੁਰੂ ਹੋ ਗਈ ਸਿੱਖੀ ਦੀ, ਵਾਹਿਗੁਰੂ ਨੇ ਸਰਗੁਣ ਰੂਪ ਧਾਰਿਆ ਪ੍ਰਮੇਸ਼ਰ ਨੇ ਏਕੰਕਾਰ ਦਾ, ਆਪਣੇ ਆਪ ਨੂੰ ਪ੍ਰਗਟ ਕੀਤਾ। ਸਭ ਤੋਂ ਪਹਿਲਾਂ ਨਾਮ ਹੋਇਆ -

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ, ਵਾਰ ੨੬/੨***

ਓਸ ਸ਼ਬਦ ਨੇ ਸਾਰੀ ਸ੍ਰਿਸ਼ਟੀ ਪੈਦਾ ਕਰ ਦਿਤੀ, ਚੇਤਨ ਸ਼ਬਦ ਸੀਗਾ, ਪ੍ਰਕ੍ਰਿਤਕ ਸ਼ਬਦ ਦੇ ਨਾਲ ਅਸੀਂ ਉਹਦੀ ਤੁਲਨਾ ਨਹੀਂ ਕਰ ਸਕਦੇ, ਪ੍ਰਕ੍ਰਿਤਕ ਉਹ ਹੁੰਦਾ ਹੈ ਜਿਵੇਂ ਆਪਾਂ ਕੋਈ ਵਾਜਾਂ ਵਜਾਉਂਦੇ ਹਾਂ, ਢੋਲਕ ਵਜਾਉਂਦੇ ਹਾਂ, ਇਹ ਸ਼ਬਦ ਹੋ ਰਹੇ ਨੇ, ਇਹ ਸ਼ਬਦ ਉਹ ਸ਼ਬਦ ਨਹੀਂ ਹੈ, ਉਹ ਦਿਬਯ ਸ਼ਬਦ ਹੈ ਚੇਤਨ ਸ਼ਬਦ, ਉਹਨੂੰ ਕੁਛ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਸਾਡੀ ਜਿਹੜੀ ਪ੍ਰਕ੍ਰਿਤੀ ਹੈ ਜਿਥੇ ਤਕ ਅਸੀਂ ਜਾਣਦੇ ਹਾਂ, ਉਹਦੇ 'ਚ ਕੋਈ ਚੀਜ਼ ਹੈ ਹੀ ਨਹੀਂ ਜਿਹਦੀ ਤੁਲਨਾ ਦੇ ਦੇਈਏ। ਸੋ ਇਹ ਸਾਨੂੰ ਨਿਹਚੇ 'ਚ ਰੱਖਣਾ ਪੈਂਦਾ ਹੈ ਕਿ ਸ਼ਬਦ ਹੋਇਆ ਹੈ, ਸਾਡੇ ਤੋਂ ਪਹਿਲਾਂ, ਗੁਰੂ ਦਸ਼ਮੇਸ਼ ਪਿਤਾ ਫੁਰਮਾਉਂਦੇ ਨੇ -

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।***

ਓਅੰਕਾਰ ਦੀ ਧੁਨ ਹੋਈ ਜਿਹੜੀ ਹੁਣ ਸਾਰੇ ਸੰਸਾਰ 'ਚ ਪ੍ਰੀਪੂਰਨ ਹੈ, ਓਹ ਧੁਨ ਕਰਦੀ ਕੀ ਹੈ, ਓਸਨੂੰ ਅਸੀਂ ਨਾਮ ਕਹਿੰਦੇ ਹਾਂ, ਉਹ ਇਕ ਅਵਸਥਾ ਹੈ ਅਨੁਭਵ ਦੀ, ਜਿਸ ਦੇ ਵਿਚ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਜ਼ਰ ਨਹੀਂ ਆਉਂਦਾ। ਉਹ ਪੱਕਾ ਅਨੁਭਵ ਹੈ ਜਿਹਨੂੰ ਆਤਮ ਅਨੁਭਵ ਕਹਿੰਦੇ ਨੇ, ਉਹਦੇ ਵਿਚ ਨਾਉਂ ਰੱਖੇ ਗਏ, ਓਅੰਕਾਰ ਨਾਮ ਰੱਖ ਲਿਆ, ਲੇਕਿਨ ਉਹ ਹਸਤੀ ਹੈ, ਨਾਮ ਤੋਂ ਤੁਰਿਆ ਹੈ, ਨਾਮ ਉਹਦਾ ਹੈ ਹੀ ਨਹੀਂ, ਅਨਾਮ ਹੈ, ਉਹਨੇ ਆਕਾਰ ਬਣਾ ਦਿਤੇ ਸਾਰੇ, This is all manifestaion of shabad ਹੁਣ ਸਾਇੰਸ ਦੇ ਨਾਲ ਅਸੀਂ ਮੁਕਾਬਲਾ ਕਰਦੇ ਹਾਂ, ਬੱਚੇ ਸਾਇੰਸ ਪੜ੍ਹਦੇ ਨੇ ਘਬਰਾ ਜਾਂਦੇ ਨੇ, ਕਿਉਂਕਿ ਉਨ੍ਹਾਂ ਕਿਤਾਬਾਂ ਵਿਚ ਰੱਬ ਦਾ ਜ਼ਿਕਰ ਨਹੀਂ ਆਉਂਦਾ। ਸਾਇੰਸ ਦਾ ਹੁੰਦਾ ਹੈ, ਬੜਾ ਸਹੀ ਵਿਸ਼ਲੇਸ਼ਣ ਕਰਦੇ ਨੇ, ਸਹੀ ਦਸਦੇ ਨੇ, ਇਹ ਨਹੀਂ ਹੈ ਕਿ ਸਾਇੰਸ ਗਲਤ ਹੈ। ਜੇ ਗਲਤ ਹੋਵੇ ਤਾਂ ਇਹ ਜਹਾਜ਼ ਹੀ ਨਾ ਚੱਲਣ, ਕੰਪਿਊਟਰ ਚੱਲੇ ਹੀ ਨਾ, ਉਹ ਅਟਕਲਪੱਚੂ ਬਾਤਾਂ ਨਹੀਂ ਹਨ, ਬਿਲਕੁਲ ਸਹੀ ਬਾਤਾਂ ਨੇ, ਲੇਕਿਨ ਉਹ ਆਪਣੀ ਖੋਜ ਤੋਂ ਬਾਹਰ ਨਹੀਂ ਗੱਲ ਕਰਦੇ, ਜਿੰਨੀ ਖੋਜ ਹੋ ਗਈ ਓਨੀਂ ਹੀ ਕਰਨੀ ਹੈ, ਸਭ ਤੋਂ ਪਹਿਲਾਂ ਉਹ ਕਹਿੰਦੀ ਸੀ ਸੰਸਾਰ ਆਇਟਮਾਂ ਦਾ, ਪ੍ਰਮਾਣੂਆਂ ਦਾ ਬਣਿਆ ਹੋਇਆ ਹੈ। ਸਾਡੇ ਚਿੰਤਕ ਨੇ ਕਿਹਾ, ਗੋਤਮ ਰਿਸ਼ੀ ਨੇ ਇਹ ਗੱਲ ਕਹੀ ਨਿਆਏ ਸ਼ਾਸਤਰ ਦੇ ਅੰਦਰ ਕਿ ਇਹ ਸੰਸਾਰ ਪ੍ਰਮਾਣੂਆਂ ਦਾ ਬਣਿਆ ਹੋਇਆ ਹੈ, ਖੋਜ ਜਾਰੀ ਰਹੀ ਅੱਜ ਦੇ ਸਾਇੰਸਦਾਨਾਂ ਨੇ 50-60 ਸਾਲ ਪਹਿਲਾਂ ਕਿਹਾ ਕਿ ਨਹੀਂ ਇਹ ਤਾਂ ਪ੍ਰਮਾਣੂ ਜਿਹੜਾ ਹੈ ਇਕ ਪ੍ਰਮਾਣੂ ਦੇ ਅੰਦਰ ਤਿੰਨ ਹਿੱਸੇ ਨੇ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ; ਤਿੰਨ ਲਹਿਰਾਂ ਚਲਦੀਆਂ ਨੇ, ਇਹਨੂੰ ਚਾਹੇ ਰਜੋ ਗੁਣ, ਤਮੋ ਗੁਣ, ਸਤੋ ਗੁਣ ਕਹਿ ਲਓ, ਉਹ ਕਹਿੰਦੇ ਨਹੀਂ ਇਹ ਤਾਂ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ ਤਿੰਨ ਲਹਿਰਾਂ ਨੇ ਬਿਜਲੀ ਦੀਆਂ, ਜਿਸ ਤੋਂ ਇਹ ਸੰਸਾਰ ਬਣਿਆ, ਖੋਜ ਹੋਰ ਅੱਗੇ ਵਧੀ, ਉਹ ਕਹਿਣ ਲੱਗੇ, ਨਹੀਂ ਇਹ ਤਾਂ ਐਨਰਜੀ ਤੋਂ ਬਣਿਆ ਹੈ, ਸ਼ਕਤੀ ਤੋਂ ਬਣੀਆਂ ਨੇ, ਸ਼ਕਤੀ ਨੂੰ ਅਸੀਂ ਵੀ ਮੰਨਦੇ ਹਾਂ -

***ਸਿਵ ਸਕਤਿ ਆਪਿ ਉਪਾਇ ਕੈ***
***ਕਰਤਾ ਆਪੇ ਹੁਕਮੁ ਵਰਤਾਏ ॥ ਅੰਗ - ੯੨੦***

ਫੇਰ ਉਹ ਅੱਗੇ ਵਧੇ ਕਿ ਸ਼ਕਤੀ ਜਿਹੜੀ ਹੈ, ਜਿਹਦੇ ਵਿਚ ਜਿੰਦ ਨਹੀਂ ਜਾਨ ਨਹੀਂ ਹੈ, ਜਿਹਨੂੰ ਕੋਈ ਪਤਾ ਹੀ ਨਹੀਂ ਹੈ, ਗਿਆਨ ਨਹੀਂ ਹੈ, ਅੰਨ੍ਹੀ ਸ਼ਕਤੀ ਹੈ, ਬਈ ਉਹ ਹਿਲਜੁਲ 'ਚ ਕਿਵੇਂ ਆ ਗਈ, ਉਹ ਇਹ ਮੰਨਦੇ ਨੇ ਕਿ ਸੰਸਾਰ ਵੀ ਕਿਸੇ ਦਿਨ ਬਣਿਆ ਹੈ, ਕਿਸੇ ਦਿਨ ਬਿਨਸ ਜਾਏਗਾ, ਲੇਕਿਨ ਉਨ੍ਹਾਂ ਨੇ ਬੜੇ ਲੰਮੇ ਹਿਸਾਬ ਕਿਤਾਬ ਕੱਢੇ ਨੇ, ਸੋ ਉਹ ਇਹ ਕਹਿੰਦੇ ਨੇ ਕਿ ਨਹੀਂ ਇਕ ਤਾਂ ਬਿਗ ਬੈਂਗ ਹੋਇਆ ਸੀ, ਇਕ ਬੜਾ ਭਾਰਾ ਧਮਾਕੇ ਦਾ ਸ਼ਬਦ ਹੋਇਆ ਸੀ, ਐਨਰਜੀ ਜਿਹੜੀ ਹੈ ਉਹ ਸ਼ਬਦ 'ਚੋਂ ਪੈਦਾ ਹੋਈ ਉਹਨੇ ਸੰਸਾਰ ਰਚਿਆ ਹੈ, ਇਥੇ ਤਕ ਤਾਂ ਸਾਇੰਸ ਪਹੁੰਚ ਗਈ, ਹੁਣ ਇਹਦੇ ਉਪਰ ਅਸੀਂ ਚਲਦੇ ਹਾਂ, ਅਸੀਂ ਇਹਦੇ ਉਤੇ ਇਤਰਾਜ਼ ਕਰਦੇ ਹਾਂ ਕਿ ਸ਼ਬਦ ਤਾਂ ਹੋਇਆ ਤਰਤੀਬ ਕਿਵੇਂ ਦਿਤੀ ਕਿ ਅੱਖਾਂ ਇਥੇ ਲੱਗਣ, ਦਿਮਾਗ ਇਥੇ ਲੱਗੇ, ਇਕ ਸਰੀਰ ਦੇ ਅੰਦਰ ਦੋ ਖਰਬ ੧੫ ਅਰਬ ਸੈਲ ਲੱਗਿਆ ਹੋਇਆ ਹੈ, ਇਹ ਕੀਹਨੇ ਲਾ ਦਿਤੇ, ਆਪਣੇ ਆਪ ਤਾਂ ਲਗ ਨਹੀਂ ਸਕਦੇ ਇਥੇ ਜ਼ਰੂਰ ਕੋਈ ਸ਼ਕਤੀ ਹੈ, ਜਿਹੜੀ

ਸਰਬ ਕਲਾ ਸਮਰੱਥ ਹੈ, ਅਸੀਂ ਇਸ ਤੋਂ ਅੱਗੇ ਚਲਦੇ ਨਹੀਂ, ਸੋ ਮਹਾਰਾਜ ਹੇਠਾਂ ਤੋਂ ਉਪਰ ਨੂੰ ਨਹੀਂ ਦੱਸ ਰਹੇ, ਉਪਰੋਂ ਹੇਠਾਂ ਨੂੰ ਦੱਸ ਰਹੇ ਨੇ, ਉਹ ਕਹਿੰਦੇ ਪਿਆਰਿਓ, ਪਹਿਲਾਂ ਨਿਰੰਕਾਰ ਆਕਾਰ ਵਿਚ ਆ ਕੇ ਏਕੰਕਾਰ ਸਦਾਇਆ -

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***

***ਅੰਗ - ੪੬੩***

ਉਸ ਤੋਂ ਬਾਅਦ ਜਿਹਨੂੰ ਕੁਦਰਤ ਕਹਿੰਦੇ ਨੇ ਨਾ, ਸ਼ਕਤੀ ਕਹਿੰਦੇ ਹਾਂ, ਉਹ ਧਾਰਨ ਕਰਿਆ ਨਾਮ ਨੇ, ਨਾਮ ਤੋਂ ਸਭ ਕੁਛ ਹੋਇਆ। ਮਹਾਰਾਜ ਸਾਰੀ ਗੱਲ ਦੱਸਦੇ ਨੇ, ਸਾਇੰਸਦਾਨ ਖੋਜ ਲੈਣ।

ਮੈਂ ਜਦ ਅਮਰੀਕਾ ਵਿਚ ਸੀ ਉਥੇ ਇਕ ਕਿਤਾਬ ਪੜ੍ਹੀ Time and space ਬਹੁਤ ਵੱਡੇ ਖੋਜੀ ਨੇ ਲਿਖੀ ਸੀ, ਸਾਇੰਦਾਨ ਨੇ ਇੰਗਲੈਂਡ ਦੇ ਨੇ, ਉਹਨੇ ਬਹੁਤ ਯਤਨ ਕਰਿਆ ਲਿਖਣ ਦਾ, ਲੇਕਿਨ ਉਹ ਅਸਫਲ ਰਹਿ ਗਿਆ, ਅਖੀਰ ਉਹ ਪਛਤਾਇਆ ਕਿ ਮੈਂ ਯਤਨ ਤਾਂ ਕਰਿਆ, ਨਾ ਤਾਂ ਮੈਂ ਗਿਣਤੀਆਂ-ਮਿਣਤੀਆਂ 'ਚ ਪੂਰਾ ਪਹੁੰਚਿਆ, ਉਹ ਵਿਸਥਾਰ ਕਰਨ ਲੱਗਿਆ ਵਿਸਥਾਰ ਦਾ ਅੰਤ ਨਾ ਆਇਆ, ਇਕ ਦੇ ਨਾਲ 80 ਸਿਫਰੇ ਲਾ ਕੇ infinity ਲਿਖ ਦਿਤਾ, infinity ਦਾ ਮਤਲਬ ਹੁੰਦਾ ਹੈ ਕਿ ਕਰੋੜ ਸਾਲ ਸਿਫਰੇ ਲਾਈ ਜਾਓ ਤਾਂ ਵੀ ਨਹੀਂ ਮੁਕਣਾ, ਜਦ ਸੂਖਮ ਵਲ ਨੂੰ ਚੱਲਿਆ, ਓਸ ਵੇਲੇ ਉਹਨੇ ਪੁਆਇੰਟ ਲਾ ਕੇ 80 ਜ਼ੀਰੋ ਲਾ ਕੇ, infinity ਲਿਖ ਦਿਤੀ ਕਿ ਇਹ ਵੀ ਅੰਤ ਨਹੀਂ ਆਉਂਦਾ। ਉਹ ਘਬਰਾ ਗਿਆ, confuse ਹੋ ਗਿਆ, ਉਹਨੇ ਲਿਖ ਦਿਤਾ ਉਥੇ, ਲਾਈਨਾਂ ਲਿਖੀਆਂ ਹੋਈਆਂ ਨੇ, ਬਈ ਮੈਂ ਬਿਲਕੁਲ ਘਬਰਾ ਚੁਕਿਆ ਹਾਂ, ਨਾ ਇਹਦੇ ਵਿਸਥਾਰ ਦਾ ਪਤਾ ਲਗਦਾ ਹੈ, ਨਾ ਇਹਦੇ ਸੰਕੋਚ ਦਾ ਪਤਾ ਲਗਦਾ ਹੈ, ਬਈ ਕੋਈ ਧਰਮ ਹੈ ਐਸਾ ਸੰਸਾਰ ਦੇ ਅੰਦਰ ਜਿਹੜਾ ਇਹ ਦੱਸ ਦੇਵੇ ਕਿ universe ਕਿਵੇਂ ਬਣਿਆ, ਆਹ ਜਿਹੜਾ ਅਸੀਂ ਦੇਖਦੇ ਹਾਂ ਕਿ ਸੰਸਾਰ ਕਿਥੋਂ ਆ ਗਿਆ, ਤੇ ਕਿਵੇਂ ਬਣ ਗਿਆ, ਪਹਿਲਾਂ ਮੇਰੇ ਮਨ ਵਿਚ ਆਈ ਕਿ ਥੋੜ੍ਹਾ ਜਿਹਾ ਹੀ ਵਿਸਥਾਰ ਹੈ -

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**

ਅੰਗ - ੫

ਇਹ ਅਲੇਖੇ ਦੀ ਗੱਲ ਹੈ, ਲੇਖਾ ਇਹਦੇ ਵਿਚ ਪੂਰਾ ਚਲਦਾ ਹੀ ਨਹੀਂ। ਲਿਖ ਕੇ ਫੇਰ ਪਛਤਾਉਣਾ ਪੈਂਦਾ ਹੈ ਕਿ ਮੈਂ ਪੂਰਾ ਨਹੀਂ ਕਹਿ ਸਕਿਆ। ਸੋ ਇਹਦੇ ਵਿਚ ਨਾਮ ਸ਼ਕਤੀ ਜਿਹੜੀ ਹੈ, ਇਹ ਨਾਮ ਸ਼ਕਤੀ ਤੋਂ ਸਾਰਾ ਕੁਛ ਹੋਇਆ, ਪਹਿਲਾਂ ਆਪਣਾ ਆਪ ਸਾਜਿਆ। ਏਕੰਕਾਰ ਦਾ ਰੂਪ ਧਾਰਿਆ, ਉਸ ਤੋਂ ਨਾਮ ਸ਼ਕਤੀ ਪੈਦਾ ਹੋਈ, ਉਸ ਨਾਲ ਸ਼ਕਤੀ ਨੇ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥***
***ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥***

***ਅੰਗ - ੨੮੪***

ਦੂਜੇ ਪਾਸੇ ਮਹਾਰਾਜ ਨੇ ਇਸੇ ਨੂੰ ਹੋਰ ਤਰੀਕੇ ਨਾਲ ਦੱਸਿਆ ਹੈ -

***ਓਅੰਕਾਰਿ ਬ੍ਰਹਮਾ ਉਤਪਤਿ ॥***
***ਓਅੰਕਾਰੁ ਕੀਆ ਜਿਨਿ ਚਿਤਿ ॥***
***ਓਅੰਕਾਰਿ ਸੈਲ ਜੁਗ ਭਏ ॥***
***ਓਅੰਕਾਰਿ ਬੇਦ ਨਿਰਮਏ ॥ ਅੰਗ - ੯੩੦***

ਇਕ ਸ਼ਬਦ ਤੋਂ ਸਾਰਾ ਪਸਾਰਾ ਹੋ ਗਿਆ -

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩***

ਐਥੇ ਤਕ ਤੁਸੀਂ ਗੱਲ ਸਮਝੋ, ਹੁਣ ਪਸਾਰਾ ਕਿਥੋਂ ਹੋਇਆ, ਬਾਹਰੋਂ ਤਾਂ ਕਿਤੋਂ ਆਇਆ ਨਹੀਂ। ਬਾਹਰੋਂ ਨਹੀਂ ਆਇਆ, ਗੁਰੂ ਮਹਾਰਾਜ ਏਸ ਨੂੰ ਪ੍ਰਗਟ ਕਰਨ ਵਾਸਤੇ, ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਆਪੇ ਨੇ ਇਕ ਨੇ ਅਨੇਕ ਰੂਪ ਧਾਰੇ,***
***ਆਪੇ ਦੇਖੇ ਖੇਲ੍ਹ ਆਪਣੀ।***
***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ।***
***ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ।***
***ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।***
***ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ।***

***ਅਕਾਲ ਉਸਤਤਿ***

ਮਿਸਾਲਾਂ ਦਿਤੀਆਂ ਨੇ ਗੁਰੂ ਮਹਾਰਾਜ ਜੀ ਨੇ, ਗੁਰੂ ਦਸ਼ਮੇਸ਼ ਪਿਤਾ ਨੇ ਕਿ ਇਕ ਤੋਂ ਸਾਰੇ ਹੀ ਵਜੂਦ ਵਿਚ ਆ ਕੇ ਉਹਦੇ ਵਿਚ ਹੀ ਸਮਾਅ ਜਾਣਗੇ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।***

ਬੇਨਤੀ ਕਰਨ ਤੋਂ ਮੇਰਾ ਭਾਵ ਹੈ ਕਿ ਓਸ ਹਸਤੀ ਨੂੰ ਸਮਝਿਆ ਜਾਵੇ ਜਿਹਨੂੰ ਅਸੀਂ ਰੱਬ, ਘੋਦ, ਵਾਹਿਗੁਰੂ, ਰਾਮ, ਕ੍ਰਿਸ਼ਨ ਕਹਿੰਦੇ ਹਾਂ, ਨਾਰਾਇਣ ਕਹਿੰਦੇ ਹਾਂ, ਗੋਬਿੰਦ ਕਹਿੰਦੇ ਹਾਂ, ਉਹ ਇਕ ਹਸਤੀ ਹੈ, ਜਿਹਦਾ ਰੂਪ, ਰੇਖ ਮੂਲਮੰਤ੍ਰ ਦੇ ਵਿਚ ਵਰਣਨ ਕੀਤਾ ਗਿਆ ਹੈ -

ੴ ਫੇਰ ਉਹ 'ਸਤਿ' ਹੈ, ਹਸਤੀ ਸਤਿ ਹੈ ਬਦਲਦੀ ਨਹੀਂ ਹੈ, ਫੇਰ ਉਹ ਸ਼ਕਤੀ ਹੈ ਜਿਹੜੀ ਉਹ ਨਾਮ ਹੈ, ਸਾਰੇ ਪ੍ਰੀਪੂਰਨ ਹੈ, ਸਾਰੀ ਦੁਨੀਆ ਨੂੰ ਬਣਾਉਣ ਵਾਲੀ, ਸਾਰੀ ਦੁਨੀਆਂ ਨੂੰ ਧਾਰਨ ਕਰਨ ਵਾਲੀ। ਉਹ ਇਕ ਸੋਝੀ ਹੈ, ਅਨੁਭਵ ਹੈ ਜਿਹਨੂੰ ਨਾਮ ਕਹਿੰਦੇ ਨੇ। ਉਹ ਦੱਸਿਆ ਨਹੀਂ ਜਾ ਸਕਦਾ ਕਿਉਂਕਿ ਸਾਰੀ ਦੁਨੀਆ ਨਾਮ ਨੂੰ ਦਸਦੀ, ਦਸਦੀ ਦੱਸ ਨਹੀਂ ਸਕੀ। ਮਹਾਰਾਜ ਕਹਿੰਦੇ ਉਹ ਐਨਾ ਅਮੋਲ ਹੈ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***

*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ਅੰਗ - ੮੧*

ਉਹਦਾ ਰਸ ਤੇ ਰੰਗ ਤਾਂ ਮਾਣਿਆ ਜਾ ਸਕਦਾ ਹੈ, ਲੇਕਿਨ ਜ਼ੁਬਾਨ ਦੇ ਨਾਲ ਬਿਆਨਿਆ ਨਹੀਂ ਜਾ ਸਕਦਾ। ਇਹ ਜਦ ਗੱਲ ਗੋਰਖਨਾਥ ਨੇ ਸੁਣੀ, ਓਸ ਵੇਲੇ ਉਨ੍ਹਾਂ ਦੇ ਨਾਲ ਬੜਾ ਭਾਰਾ contrast ਹੋ ਗਿਆ ਖਿਆਲਾਂ, ਉਹ ਕਹਿਣ ਲੱਗਿਆ ਨਾਨਕ! ਤੇਰੇ ਖਿਆਲ ਨਾਲ ਅਸੀਂ ਸਹਿਮਤ ਨਹੀਂ ਕਿਉਂਕਿ ਸੰਸਾਰ ਦੇ ਅੰਦਰ ਜੀਵ ਕਿਥੋਂ ਆ ਗਿਆ, ਪ੍ਰਕ੍ਰਿਤੀ ਕਿਥੋਂ ਆ ਗਈ, ਵਾਹਿਗੁਰੂ ਤਾਂ ਅਤਿ ਨਿਰਮਲ ਹੈ, ਉਹਦੇ ਵਿਚ ਐਹੋ ਜਿਹੀ ਮੈਲੀ ਚੀਜ਼ ਕਿਥੋਂ ਆ ਗਈ, ਫੇਰ ਦੁਖ ਸੰਸਾਰ 'ਚ ਕਿਉਂ ਆ ਗਿਆ, ਉਹ ਤਾਂ ਸਤਿ ਚਿਤ ਅਨੰਦ ਹੈ, ਜਿਹੜੀ ਸਾਡੀ ਥਿਊਰੀ ਹੈ ਉਹ ਹੈ ਕਿ ਮਾਇਆ ਹੈ ਅਨਾਦੀ, ਇਕ ਜੀਵ ਹੈ ਤੇ ਇਕ ਈਸ਼ਵਰ ਹੈ; ਤਿੰਨ ਨੇ। ਜਦ ਈਸ਼ਵਰ ਦੀ ਨਿਗ੍ਹਾ ਮਾਇਆ 'ਤੇ ਪਈ, ਸੱਤਾ ਪਈ, ਪਰਛਾਵਾਂ ਪਿਆ ਉਹਦੇ ਵਿਚ ਹਿਲਜੁਲ ਹੋ ਗਈ। ਹਿਲਜੁਲ ਹੋਣ ਦੇ ਨਾਲ ਉਹਦੇ ਵਿਚ awareness ਆ ਗਈ ਤੇ ਜੀਵ ਉਹਦੇ ਵਿਚ ਫਸ ਗਿਆ -

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ ॥*
*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥*
*ਅੰਗ - ੧੩੭੫*

ਮਾਇਆ ਦੇ ਵਿਕਾਰ ਦੇ ਵਿਚ ਆ ਕੇ ਉਹ ਜੋਤੀ ਫਸ ਗਈ। ਵਾਹਿਗੁਰੂ ਨਾਲੋਂ ਟੁੱਟ ਗਈ, ਉਹਦੀ ਜਿਹੜੀ ਮੌਲਿਕਤਾ ਸੀ ਉਹ ਖਤਮ ਹੋ ਗਈ, ਉਹ ਪਰਮ ਚੇਤਨ ਸੁਖ ਸਰੂਪ ਸੀ, ਲੇਕਿਨ ਸਾਢੇ ਤਿੰਨ ਹੱਥ ਦੀ ਦੇਹ ਬਣ ਗਈ, ਹੁਣ ਇਹ ਨਿਕਲਦੀ ਨਹੀਂ ਹੈ।

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥*
*ਅੰਗ - ੧੩੭੫*

ਕਹਿਣ ਲੱਗੇ, ਹੇ ਨਾਨਕ! ਇਹ ਜੋ ਤੂੰ ਗੱਲ ਕਹਿੰਦਾ ਹੈਂ ਇਹ ਮੰਨੀ ਨਹੀਂ ਜਾ ਸਕਦੀ। ਨਾ ਸਿਆਣਾ ਬੰਦਾ ਕੋਈ ਨਹੀਂ ਮੰਨ ਸਕਦਾ, ਇਹ ਰੱਬ ਕਿਵੇਂ ਸੰਸਾਰ ਬਣ ਗਿਆ, ਇਹਦੇ 'ਚ ਤਾਂ ਮਾੜੇ ਬੜੇ ਨੇ, ਦੁਸ਼ਟ ਬੜੇ ਨੇ, ਦੁਖ ਦੇਣ ਵਾਲੇ ਬੜੇ ਨੇ, ਬਈ ਅਸੀਂ ਇਹਦੇ ਉਤੇ ਭਾਵਨਾ ਐਨੀ ਪਵਿਤਰ ਕਿਉਂ ਲੈ ਕੇ ਆਈਏ, ਮਹਾਰਾਜ ਕਹਿੰਦੇ ਗੋਰਖਨਾਥ! ਵਾਹਿਗੁਰੂ ਤਾਂ ਆਪੇ ਸੀ ਆਪਣੀ ਮੌਜ ਦੇ ਵਿਚ ਉਸ ਨੇ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਸਭ ਤੋਂ ਪਹਿਲਾਂ ਹਉਮੈ ਦਾ ਤੱਤ ਪੈਦਾ ਕਰ ਦਿਤਾ। "ਅਹ" I am, ਮੈਂ; ਪ੍ਰਕ੍ਰਿਤੀ ਜਦ ਹਉਮੈ ਤੋਂ ਬਣੀ, ਉਸ ਵੇਲੇ ਇਹਦੇ ਵਿਚ ਜਿਹੜੀ awareness ਆਈ ਉਹ ਮੈਂ ਬਣ ਗਈ, ਅੱਡ ਹੋ ਗਈ, ਵਾਹਿਗੁਰੂ ਦੇ ਨਾਲੋਂ ਉਸੇ ਵੇਲੇ ਹੀ, ਛੋਟੀਆਂ-ਛੋਟੀਆਂ ਅੱਡ-ਅੱਡ ਬਣ ਗਈਆ ਚੀਜ਼ਾਂ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਨਾਮ ਸ਼ਕਤੀ ਨੂੰ ਭੁੱਲਣ ਕਰਕੇ ਅਸੀਂ ਦੁਖੀ ਹੋ ਰਹੇ ਹਾਂ, ਹੁਣ ਬਣ ਤਾਂ ਗਏ ਅਸੀਂ ਜੀਵ, ਸਾਡਾ ਸਫਰ ਕਿੰਨਾ ਚਿਰ ਹੋ ਗਿਆ? ਮਹਾਰਾਜ ਕਹਿੰਦੇ, ਪਿਆਰਿਆ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬*

ਆਹ ਦੇਖ ਲੈ ਚੌਰਾਸੀ, ਕਿਵੇਂ ਘੁੰਮਦੀ ਫਿਰਦੀ ਹੈ; ਇਨ੍ਹਾਂ ਸਾਰਿਆਂ ਦੇ ਵਿਚੀਂ ਤੂੰ ਹੋ ਕੇ ਆਇਆ ਹੈ, ਤੇ ਹੁਣ ਤੂੰ ਵਾਪਸ ਜਾਣਾ ਹੈ ਆਪਣੇ ਘਰ ਨੂੰ। ਦੁਖਾਂ ਤੋਂ ਛੁਟਕਾਰਾ ਪਾਉਣਾ ਹੈ। ਮੈਂ ਪਿਛਲੇ ਦੀਵਾਨ ਵਿਚ ਬੇਨਤੀ ਕਰੀ ਸੀ ਕਿ ਕਰਮ ਕਿਵੇਂ ਕੰਮ ਕਰਦੇ ਨੇ, ਕਿਵੇਂ ਜੀਵ ਨੂੰ ਬੰਨ੍ਹ ਲੈਂਦੇ ਨੇ, ਕਿਵੇਂ ਜੀਵ ਛੁਟ ਨਹੀਂ ਸਕਦਾ, ਕਰਮਾਂ ਤੋਂ। ਕੋਈ ਤਰੀਕਾ ਨਹੀਂ ਹੈ। ਇਕੋ ਹੀ ਤਰੀਕਾ ਹੈ ਜੇ ਸਾਡੀ ਰੁਸਵਾਈ ਨਾਮ ਤਕ ਹੋ ਜਾਵੇ, ਫੇਰ ਅਸੀਂ ਛੁਟ ਜਾਂਦੇ ਹਾਂ, ਕਿਉਂਕਿ ਹਉਮੈ ਦਾ ਤੇ ਨਾਮ ਦਾ ਵੈਰ ਹੈ ਆਪਸ ਵਿਚ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਸੋ ਇਹਨੂੰ ਸੁਖਾਲੇ ਅੱਖਰਾਂ ਦੇ ਵਿਚ ਫਿਲਾਸਫੀ ਦੀ ਥਾਂ 'ਤੇ ਗੁਰੂ ਮਹਾਰਾਜ ਇਹ ਫੁਰਮਾਨ ਕਰਦੇ ਨੇ, ਸਿੱਧੀ-ਸਿੱਧੀ ਮੈਂ ਹੁਣ ਗੱਲ ਸ਼ੁਰੂ ਕਰਦਾ ਹਾਂ; ਇਹ ਮੈਂ ਇਸ ਵਾਸਤੇ ਬੇਨਤੀ ਕਰੀ ਹੈ, ਕਿ ਇਹ ਸਾਰਾ ਜਿੰਨਾਂ ਤੁਹਾਨੂੰ ਨਜ਼ਰ ਆਉਂਦਾ ਹੈ ਨਾ ਇਹ ਸਾਰਾ ਸ਼ਬਦ ਤੋਂ ਹੋਇਆ ਹੈ।

*ਏਕ ਕਵਾਵੈ ਤੇ ਸਭਿ ਹੋਆ ॥ ਅੰਗ - ੧੦੦੩*

ਇਕ ਸ਼ਬਦ ਤੋਂ ਸਾਰਾ ਕੁਛ ਹੋਇਆ ਹੈ, ਉਹ ਜਿਹੜਾ ਸ਼ਬਦ ਹੈ, ਇਕ ਤਾਂ ਉਹ ਜਿਹੜਾ ਪ੍ਰਕ੍ਰਿਤੀ ਨੂੰ ਸਤਿਆ ਦੇ ਕੇ ਸੰਸਾਰ ਬਣਾ ਦਿਤਾ, ਇਕ ਉਹ ਸ਼ਬਦ ਬਿਲਕੁਲ ਖਾਲਸ ਹੈ, ਉਸ ਸ਼ਬਦ ਨੂੰ ਗੁਰੂ ਕਹਿੰਦੇ ਨੇ, ਗੁਰੂ ਅੱਜ ਤਕ ਸਰੀਰ ਨਹੀਂ, ਗੁਰੂ ਹਮੇਸ਼ਾ ਹੀ ਸ਼ਬਦ ਹੁੰਦਾ ਹੈ। ਗੁਰੂ ਕੀ ਕੰਮ ਕਰਦਾ ਹੈ, ਜਿਹੜੇ ਮਹਾਂਪੁਰਸ਼ ਹੁੰਦੇ ਨੇ, ਜਿਨ੍ਹਾਂ ਦੇ ਵਿਚ ਹਉਮੈ ਦਾ ਨਾਸ਼ ਹੋ ਕੇ ਅਭੇਦ ਅਵਸਥਾ ਵਿਚ ਚਲੇ ਗਏ, ਉਨ੍ਹਾਂ 'ਚ ਉਹ ਸ਼ਬਦ vibration ਕਰਦਾ ਹੈ। ਬੋਲਦਾ ਹੈ, ਆਪਾਂ ਐਉਂ ਕਹਿ ਲਓ ਕਿ ਅਕਾਸ਼ਬਾਣੀ ਆਉਂਦੀ ਹੈ, ਉਹਨੂੰ। ਜਿਹੜੀ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ - ੭੨੨*

ਮੈਂ ਨਹੀਂ ਬੋਲਦਾ -

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥ ਅੰਗ - ੭੬੩*

ਵੇਦਾਂ ਦੇ ਅੰਦਰ ਉਹ ਸ਼ਬਦ ਆਇਆ, ਰਿਸ਼ੀਆ-ਮੁਨੀਆਂ ਦੇ ਰਾਹੀਂ। ਉਹ ਵੇਦ ਰਚ ਦਿਤੇ, ਚਾਰ ਵੇਦ। ਮੁਹੰਮਦ ਸਾਹਿਬ ਦੇ ਰਾਹੀਂ ਆਇਆ, ਉਨ੍ਹਾਂ ਨੇ ਪਵਿਤਰ ਪੁਸਤਕ ਕੁਰਾਨ ਸ਼ਰੀਫ ਦੀ ਰਚ ਦਿਤੀ, ਮੂਸਾ ਜੀ ਨੂੰ ਆਇਆ, ਮੂਸਾ ਜੀ ਪਤਾ ਨਹੀਂ ਕੀ ਕਾਰਨ ਸੀ ਕਿ ਉਹ ਉਸੇ ਤਰ੍ਹਾਂ ਨਾ ਲਿਆ ਸਕੇ, ਉਹਦੀਆਂ ten commandments ਪਹਾੜ ਦੇ ਉਤੇ ਉਕਰੀਆ ਗਈਆਂ। ਉਹ ਸਾਰੇ ਅਨੁਆਈਆਂ ਨੂੰ ਲੈ ਗਿਆਂ ਕਿ ਲਓ ਪਿਆਰਿਓ! ਮੈਂ ਤਾਂ ਦਸਦਾ ਭੁੱਲਦਾ ਹਾਂ, ਲੇਕਿਨ ਜਿਹੜੀ ਗੱਲ ਮੈਨੂੰ ਅੱਜ ਆਈ ਹੈ, ਜਦ ਮੈਂ ਕਿਹਾ ਕਿ ਐਨੀਆਂ ਮੇਰੇ ਯਾਦ ਨਹੀਂ ਰਹਿਣੀਆਂ। ਮੇਰੇ ਦੇਖਦੇ-ਦੇਖਦੇ ਪਹਾੜ ਦੇ ਉਤੇ ਉਕਰ ਗਈਆਂ। ਉਹਨੂੰ ten commandments ਕਹਿੰਦੇ ਨੇ, ਜਿਹਦੇ ਉਤੇ ਯਹੂਦੀਆਂ ਦਾ ਧਰਮ ਚਲਦਾ ਹੈ। ਏਸੇ ਤਰ੍ਹਾਂ ਗੁਰੂ ਮਹਾਰਾਜ ਸੰਤਾਂ, ਮਹਾਤਮਾਵਾਂ ਦੇ ਅਨੁਭਵ 'ਚੋਂ ਬਾਣੀ ਆਉਂਦੀ ਹੈ, ਆਪ ਨਹੀਂ ਉਹ ਬੋਲਿਆ ਕਰਦੇ, ਉਹ ਜਦ ਜੁੜੇ ਹੁੰਦੇ ਨੇ ਉਤੋਂ ਆਉਂਦਾ ਹੈ ਇਸ਼ਾਰਾ। ਉਸੇ ਤਰ੍ਹਾਂ ਦੇ ਉਹ ਬਚਨ ਕਰਦੇ ਨੇ, ਉਹਨੂੰ ਅਨੁਭਵ ਦੇ ਬਚਨ ਕਹਿੰਦੇ ਨੇ। ਅਨੁਭਵ clear ਵੀ ਹੁੰਦਾ ਹੈ ਗਲਤ ਵੀ ਹੁੰਦਾ ਹੈ। ਜੇ ਤਾਂ ਉਹਦੇ ਉਤੇ ਅਸਰ ਹੈ ਪ੍ਰਕ੍ਰਿਤੀ ਦਾ ਤਾਂ ਉਹਦੀਆਂ ਗੱਲਾਂ ਸੰਸਾ ਦੂਰ ਨਹੀਂ ਕਰ ਸਕਦੀਆਂ, ਸੰਸਾ ਪੈਦਾ ਕਰਦੀਆ ਨੇ। ਜੇ ਉਹਦੇ ਅੰਦਰ ਇਹ ਅਸਰ ਨਹੀਂ ਹੈ, ਅੰਦਰ ਗਿਆਨ ਹੈ ਪੂਰਨ ਤੌਰ ਦੇ ਉਤੇ, ਆਤਮ ਸਥਿਤੀ ਵਿਚ ਉਹਦਾ ਨਿਵਾਸ ਹੈ, ਫੇਰ ਉਹ ਓਹੀ ਬੋਲੀ ਬੋਲਦਾ ਹੈ। ਉਹਨੂੰ ਕਿਸੇ ਗ੍ਰੰਥ 'ਚੋਂ ਪੜ੍ਹ ਕੇ ਕੱਢ ਲਓ, ਉਹਦੇ ਨਾਲ ਗੱਲ ਮਿਲਦੀ ਹੋਏਗੀ, ਇਸ ਕਰਕੇ ਸੰਤਾਂ ਦਾ ਜੋ ਉਪਦੇਸ਼ ਹੁੰਦਾ ਹੈ ਉਹ ਕਿਸੇ ਖਾਸ ਇਕ ਧਰਮ ਵਾਸਤੇ ਨਹੀਂ ਹੋਇਆ ਕਰਦਾ, ਉਹ ਸਾਰੇ ਜਗਤ ਵਾਸਤੇ ਸਾਂਝਾ ਹੋਇਆ ਕਰਦਾ ਹੈ, ਸਾਰੇ ਵਰਣਾਂ ਵਾਸਤੇ -

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ - ੭੪੮*

ਸੋ ਉਹਦੇ ਵਿਚ ਜਿਹੜਾ ਸ਼ਬਦ ਹੈ, ਇਹ ਸ਼ਬਦ ਚਲਦਾ-ਚਲਦਾ, ਸ਼ਬਦ ਗੁਰੂ ਜਿਸਨੂੰ ਆਖਦੇ ਨੇ, ਇਹ ਆਦਮੀ ਦੇ ਅੰਦਰ ਆਉਂਦਾ ਹੈ, ਅੰਦਰ ਆ ਕੇ ਸਾਡੇ ਵਾਸਤੇ ਅਸੀਂ ਐਨੈ ਖੁਸ਼ਕਿਸਮਤ ਹਾਂ ਕਿ ਇਕ ਤਾਂ ਸਾਦੀ ਬੋਲੀ ਹੈ। ਹੁਣ ਵੇਦ ਨੇ ਉਹਦੀ ਜਦੋਂ ਵਿਆਖਿਆ ਕਰਦੇ ਨੇ, ਉਹ ਦੇਰ ਦੀ ਬੋਲੀ ਹੋਣ ਕਰਕੇ ਉਹਦੀ ਪਰਿਭਾਸ਼ਾ 'ਚ ਫਰਕ ਪੈਣ ਕਰਕੇ ਉਹਦੀ ਬਹੁਤ ਬਿਧ ਦੀ ਵਿਆਖਿਆਂ ਹੋ ਗਈ, ਕੋਈ ਆਦਮੀ ਨਿਰਣਾ ਨਹੀਂ ਕਰ ਸਕਦਾ, ਸ਼ੱਕ 'ਚ ਪਿਆ ਰਹਿੰਦਾ ਹੈ। ਇਹ ਗੁਰੂ ਗ੍ਰੰਥ ਸਾਹਿਬ ਕਿਉਂਕਿ ਬਹੁਤ ਥੋੜ੍ਹੇ ਅਰਸੇ ਦੇ ਵਿਚ ਵਜੂਦ ਵਿਚ ਆਏ ਨੇ, ਸਾਡੀ ਬੋਲੀ ਦੇ ਵਿਚ ਨੇ, ਏਸ ਕਰਕੇ ਬੜੀ ਭਾਰੀ ਕ੍ਰਿਪਾ ਕਰੀ ਵਾਹਿਗੁਰੂ ਜੀ ਨੇ ਕਿ ਉਹ ਆਪ ਹੀ ਜਿਹੜੇ ਉਨ੍ਹਾਂ ਦੇ ਵਿਚ ਅਭੇਦ ਵਾਹਿਗੁਰੂ ਦਾ ਰੂਪ ਸੀ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਉਹ ਗੁਰੂ ਪ੍ਰਮੇਸ਼ਰ ਦੇ ਰਾਹੀ ਪ੍ਰਗਟ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਵਿਚ ਆ ਗਏ, ਹੁਣ ਚਾਹੇ ਤਾਂ ਦੇਹਧਾਰੀ ਗੁਰੂ ਹੈ, ਉਹ ਵੀ ਸ਼ਬਦ ਦੀ ਗੱਲ ਕਰੇਗਾ, ਚਾਹੇ ਗੁਰੂ ਗ੍ਰੰਥ ਸਾਹਿਬ ਨੇ, ਇਹ ਨਿਰਾ ਹੀ ਸ਼ਬਦ ਦਾ ਰੂਪ ਹੈ। ਇਹਦੇ ਵਿਚ ਕੋਈ ਪੜਦਾ ਨਹੀਂ, ਇਨ੍ਹਾਂ ਨੇ ਥੱਕਣਾ ਨਹੀ ਹੈ, ਅੱਕਣਾ ਨਹੀਂ ਹੈ, ਨਾ ਇਹਦੇ ਵਿਚ ਬਦਲੀ ਆਉਣੀ ਹੈ, ਇਹ ਜਿਉਂ ਦਾ ਤਿਉਂ ਹੀ ਰਹਿਣਾ ਹੈ। ਏਸ ਕਰਕੇ ਸਾਧਸੰਗਤ ਜੀ, ਮੈਂ ਇਹ ਬੇਨਤੀ ਕਰੀ ਸੀ, ਕਿ ਗੁਰੂ ਗ੍ਰੰਥ ਸਾਹਿਬ ਨੂੰ ਪਛਾਣੋ। ਇਹ ਜੋ ਕੁਛ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ, ਸਾਡੀਆਂ ਪਰਮ ਰਹਿਤਾਂ ਇਹੀ ਨੇ, ਇਹਦੇ ਵਿਚੋਂ ਨਹੀਂ ਅਸੀਂ ਬਦਲਣਾ। ਇਕ ਬੰਦਾ ਕਹਿੰਦਾ ਹੈ ਕਿ ਆਹ ਕਰ ਲਓ, ਔਹ ਕਰ ਲਓ, ਗੁਰੂ ਗ੍ਰੰਥ ਸਾਹਿਬ ਤਾਂ ਕਹਿੰਦੇ ਹੀ ਨਹੀਂ, ਕਿਸੇ ਕਿਤਾਬ ਵਿਚ ਲਿਖਿਆ ਹੋਣਾ ਹੈ, ਕਿਸੇ ਲਿਖਾਰੀ ਨੇ ਲਿਖਿਆ ਹੋਣਾ ਹੈ। ਕਿਸੇ ਲਿਖਾਰੀ ਨੇ ਲਿਖਿਆ ਹੋਣਾ ਹੈ, ਕਿਸੇ ਇਤਿਹਾਸਕਾਰ ਨੇ ਲਿਖਿਆ ਹੋਣਾ ਹੈ, ਇਤਿਹਾਸਕਾਰ ਭੁੱਲੇ ਹੋਏ ਨੇ, ਜੋ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ, ਅੱਖਰ ਦਰ ਅੱਖਰ ਅਸੀਂ ਉਹਦੇ ਉਤੇ ਚਲਣਾ ਹੈ, ਜਿਹੜਾ ਚੱਲੇਗਾ, ਉਹ ਪਾਰ ਹੋ ਜਾਏਗਾ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਇਹ ਪਾਰਬ੍ਰਹਮ ਪ੍ਰਮੇਸ਼ਰ ਦੇ ਗੁਰੂ ਸਰੂਪ ਦੇ ਬਚਨ ਨੇ, ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਸੋ ਐਨੀ ਮੈਂ ਬੇਨਤੀ ਕਰਨੀ ਸੀ, ਤਾਂ ਕਿ ਜਿਹੜੇ ਭੁਲੇਖੇ ਜਿਹਾ ਪਾਈ ਜਾਂਦੇ ਨੇ, ਉਨ੍ਹਾਂ ਭੁਲੇਖਿਆਂ ਤੋਂ ਦੂਰ ਰਹੋ, ਸਤਿਕਾਰ ਕਰੋ ਸਾਰੇ ਸੰਸਾਰ ਦੇ ਮਹਾਂਪੁਰਸ਼ਾਂ ਦਾ। ਕਿਸੇ ਨੂੰ ਮਾੜਾ ਨਾ ਕਹੋ, ਕਿਉਂਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਜੀਵ ਨੂੰ ਛੁਡਾਉਣਾ ਹੈ, ਜੇ ਅਸੀਂ ਸਤਿਕਾਰ ਨਹੀਂ ਕਰਾਂਗੇ ਸਾਡੇ ਅੰਦਰ ਦ੍ਵੈਤ ਪੈਦਾ ਹੁੰਦੀ ਹੈ, ਹਉਮੈ ਪੈਦਾ ਹੁੰਦੀ ਹੈ, ਅਸੀਂ ਆਪ ਹੀ ਉਲਝਦੇ ਹਾਂ, ਲੇਕਿਨ ਜੋ ਸਿਧਾਂਤ ਹੈ, ਜਿਹਨੂੰ ਈਸ਼ਟ ਕਹਿੰਦੇ ਨੇ, ਉਹ ਗੁਰੂ ਗ੍ਰੰਥ ਸਾਹਿਬ ਹੈ, ਈਸ਼ਟ ਤੋਂ ਬਾਹਰ ਨਹੀਂ ਜਾਣਾ ਅਸੀਂ, ਇਨ੍ਹਾਂ ਨੂੰ ਮੰਨਣਾ ਹੈ, ਸੋ ਇਸ ਤਰ੍ਹਾਂ ਦੇ ਨਾਲ ਜੋ ਗੁਰੂ ਗ੍ਰੰਥ ਸਾਹਿਬ ਦੇ ਬਚਨ ਨੇ ਮੈਂ ਉਹ ਬੇਨਤੀ ਕਰੀ ਸੀ ਕਿ ਪਿਆਰਿਆ! ਵਾਰੀ ਨਾ ਲੰਘਾ ਲਈਂ ਕਿਤੇ, ਬੜੀ ਮੁਸ਼ਕਲ ਤੋਂ ਬਾਅਦ ਤੈਨੂੰ ਮਾਨਸ ਦੇਹ ਮਿਲੀ ਹੈ, ਇਹ ਨਾ ਕਹੋ ਕਿ ਸਾਨੂੰ ਬਾਰ-ਬਾਰ ਮਿਲ ਜਾਏਗੀ, ਮਹਾਰਾਜ ਕਹਿੰਦੇ, ਬਿਲਕੁਲ ਨਹੀਂ, ਇਹ ਧਾਰਨਾ ਗਲਤ ਹੈ ਆਦਮੀ ਦੇ ਮਨ ਵਿਚ।

*ਧਾਰਨਾ - ਤੈਨੂੰ ਬਾਰ-ਬਾਰ ਨਾ ਮਿਲਣੀ,*
*ਮਾਨਸ ਦੇਹੀ-ਮਾਨਸ ਦੇਹੀ।*

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬*

ਪਿਆਰਿਓ! ਬਾਰ-ਬਾਰ ਇਹ ਨਰ ਨਰਾਇਣੀ ਦੇ ਹੱਥ ਨਹੀਂ ਆਉਣੀ, ਕਿਉਂ ਨਹੀਂ ਆਉਣੀ ਅਸੀਂ ਹੁਣ ਕਰਮ ਕਰ ਰਹੇ ਹਾਂ, ਜੇ ਤਾਂ ਅਸੀਂ ਕਰਮ ਸੋਧ ਕੇ ਕਰੀਏ -

*ਐਸੀ ਕਲਾ ਨ ਖੇਡੀਐ*

***ਜਿਤੁ ਦਰਗਹ ਗਇਆ ਹਾਰੀਐ ॥ ਅੰਗ - ੪੬੯***

ਐਹੋ ਜਿਹਾ ਕੰਮ ਨਾ ਕੋਈ ਵੀ ਕਰ ਬੈਠਿਓ ਕਿ ਦਰਗਾਹ ਵਿਚ ਜਾ ਕੇ ਹਾਰ ਹੋ ਜਾਵੇ, ਜਾ ਕੇ ਮਿੰਨਤਾਂ ਕਰਦੇ ਨੇ ਸਾਧੂ ਸੰਤ, ਓ ਪਿਆਰਿਆ! ਨਾ ਸ਼ਰਾਬ ਪੀ, ਨਾ ਪੀ, ਕਿਉਂ ਗਾਲਦਾ ਹੈਂ ਇਹਨੂੰ, ਪ੍ਰਮੇਸ਼ਰ ਦੀ ਦਿਤੀ ਹੋਈ ਉਤਮ ਚੀਜ਼ ਨੂੰ, ਨਾ ਮਾਸ ਵਗੈਰਾ ਖਾਹ, ਨਾ ਨਿੰਦਿਆ ਕਰ, ਨਾ ਚੁਗਲੀਆਂ ਕਰ, ਨਾ ਈਰਖਾ ਕਰ, ਨਾ ਕਿਸੇ ਨਾਲ ਵੈਰ ਕਰ, ਨਾ ਕਿਸੇ ਦੇ ਖਿਲਾਫ ਗੁੱਸਾ ਰੱਖ।

***ਫਰੀਦਾ ਬੁਰੇ ਦਾ ਭਲਾ ਕਰਿ***
***ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ - ੧੩੮੨***

ਇਕ ਗੁੱਸਾ ਨਾ ਕਰਨ ਵਾਸਤੇ, ਬੁਰੇ ਦਾ ਭਲਾ ਨਾ ਕਰਨ ਵਾਸਤੇ, ਜੇ ਇਹ ਗੁਣ ਤੇਰੇ ਵਿਚ ਆ ਜਾਣ, ਤੇਰੇ ਉਤੇ ਦਰਵਾਜ਼ਾ ਖੁਲ੍ਹ ਜਾਏਗਾ, ਪ੍ਰਮੇਸ਼ਰ ਦੀਆਂ ਰਹਿਮਤਾਂ ਦਾ। ਕਿਉਂਕਿ ਤੂੰ ਰੱਬ ਨੂੰ ਪਛਾਣ ਲਿਆ -

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯***

ਹਨ੍ਹੇਰੇ ਵਿਚੋਂ ਸਾਨੂੰ ਗੁਰੂ ਚਾਨਣੇ ਵਿਚ ਲਿਜਾ ਰਹੇ ਨੇ, ਕਿ ਹਨ੍ਹੇਰੇ ਦੀ ਗੱਲ ਛੱਡੋ ਪਿਆਰਿਓ, ਹਨ੍ਹੇਰੇ ਵਿਚ ਜਨਮ ਬੀਤ ਗਏ, ਪ੍ਰਕਾਸ਼ ਵਿਚ ਆਓ, ਓਥੇ ਆ ਕੇ ਖੜ੍ਹੋ ਜਿਥੇ ਅਸੀਂ ਤੁਹਾਨੂੰ ਲਿਜਾਉਣਾ ਚਾਹੁੰਦੇ ਹਾਂ, ਸੋ ਇਹ ਦੇਹੀ ਐਨੀ ਉਤਮ ਹੈ ਕਿ ਚੌਰਾਸੀ ਲੱਖ ਜੂਨਾਂ ਜਿੰਨੀ creation ਹੈ, ਮਹਾਂਪੁਰਸ਼ਾਂ ਦੇ ਬਚਨ ਨੇ, ਵਾਹਿਗੁਰੂ ਦੇ ਬਚਨ ਨੇ, ਦਰਗਾਹ ਤੋਂ ਆਈ ਹੋਈ ਅਕਾਸ਼ਬਾਣੀ ਦੇ ਬਚਨ ਨੇ, ਜਿਹੜੇ ਸਾਨੂੰ ਮੰਨ ਲੈਣੇ ਚਾਹੀਦੇ ਨੇ-

***ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ***
***ਓਹ ਦੇਹੀ ਤੈਨੂੰ ਮਿਲ ਗਈ ਪਿਆਰਿਆ***
***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥੧॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥***
***ਜਬ ਲਗੁ ਜਰਾ ਰੋਗੁ ਨਹੀ ਆਇਆ ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥***
***ਜਬ ਲਗੁ ਬਿਕਲ ਭਈ ਨਹੀ ਬਾਨੀ ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥***
***ਅਬ ਨ ਭਜਸਿ ਭਜਸਿ ਕਬ ਭਾਈ ॥***
***ਆਵੈ ਅੰਤੁ ਨ ਭਜਿਆ ਜਾਈ ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - ੧੧੫੯***

ਬਹੁਤ ਵੱਡੀ ਬਾਤ ਮਹਾਰਾਜ ਜੀ ਨੇ ਕਹਿ ਦਿਤੀ, ਹੁਣ ਇਕ ਤਾਂ ਹੈ ਕਿ ਇਹਨੂੰ ਮੰਨ ਲਓ, ਇਕ ਉਹ ਦਿਮਾਗ ਨੇ ਜਿਹੜੇ ਕਹਿੰਦੇ ਨੇ ਕਿ ਸਾਬਤ ਕਰੋ ਕਿ ਇਹ ਦੇਵਤਿਆਂ ਤੋਂ ਵਧੀਆ ਦੇਹ ਹੈ। ਅਸੀਂ ਪੜ੍ਹ ਗਏ ਸਾਡੇ ਅੰਦਰ ਤਰਕ ਆਉਂਦੀ ਹੈ, ਤਰਕ ਦਾ ਜਦ ਤਕ ਜਵਾਬ ਨਹੀਂ ਆਉਂਦਾ, ਓਨੀ ਦੇਰ ਤਕ ਸੰਸਾ ਬਣਿਆ ਰਹਿੰਦਾ ਹੈ ਕਿ ਇਸ ਦੇਹੀ ਨੂੰ ਕਿਉਂ ਕਿਹਾ ਹੈ, ਇਹ ਤਾਂ ਦੇਹੀ ਦੁਖਾਂ ਦੀ ਖਾਨ ਹੈ, ਹਉਕੇ ਹਾਵੇ ਇਹਦੇ ਵਿਚ ਨੇ, ਵੈਰ ਵਿਰੋਧ ਇਹਦੇ ਵਿਚ ਨੇ, ਸਭ ਕੁਛ ਹੈ, ਇਹਨੂੰ ਉਤਮ ਕਿਉਂ ਕਿਹਾ ਹੈ, ਕੱਚੀ ਦੇ ਹੈ ਇਹ, ਮਾੜਾ ਜਿਹਾ ਠਣਕਾ ਲੱਗੇ ਜਾਂਦੀ ਰਹਿੰਦੀ ਹੈ ਇਹ। ਇਕ ਇਹਦਾ ਪਤਾ ਹੀ ਨਹੀਂ ਹੈ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ ਓਹ***
***ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥***
***ਅੰਗ - ੨੫੪***

ਫੇਰ ਇਹਨੂੰ ਐਨੀ ਉਤਮ ਕਿਉਂ ਕਿਹਾ ਗਿਆ ਹੈ, ਸੋ ਸਾਧਸੰਗਤ ਜੀ! ਜਦ ਅਸੀਂ ਵਿਚਾਰ ਕਰਦੇ ਹਾਂ, ਅਸੀਂ ਇਥੇ ਪੁੰਨ ਦਾਨ ਕਰਦੇ ਹਾਂ, ਜਿਹੜੇ ਸੋਝੀ ਵਾਲੇ ਬੰਦੇ ਨੇ ਉਹ ਦਾਨ ਕਰਦੇ ਨੇ, ਸੇਵਾ ਕਰਦੇ ਨੇ, ਦੂਸਰਿਆਂ ਦਾ ਭਲਾ ਕਰਦੇ ਨੇ, ਦੂਸਰਿਆਂ ਦੇ ਲੰਘਣ ਵਾਸਤੇ ਸੜਕਾਂ ਠੀਕ ਕਰਦੇ ਨੇ, ਉਨ੍ਹਾਂ ਭੁਖਿਆਂ ਦੇ ਪੇਟ ਭਰਨ ਵਾਸਤੇ ਲੰਗਰ ਚਲਾਉਂਦੇ ਨੇ, ਬੜੇ ਨੇਕ ਕੰਮ ਨੇ, ਇਨ੍ਹਾਂ ਦਾ ਫਲ ਬੇਅੰਤ ਹੁੰਦਾ ਹੈ, ਹਜ਼ਾਰਾਂ ਗੁਣਾਂ ਜ਼ਿਆਦਾ ਹੁੰਦਾ ਹੈ, ਇਹ ਕੀ ਕਰਦੇ ਨੇ, ਜਿਸ ਵਕਤ ਆਦਮੀ ਸਰੀਰ ਛੱਡ ਦਿੰਦਾ ਹੈ, ਉਨ੍ਹਾਂ ਦੇ ਪੁੰਨਾਂ ਦਾ ਜਿਹੜਾ ਬਲ ਹੈ, ਉਹਨੇ ਨੇਕੀ ਕਮਾਈ ਹੈ ਦਇਆ ਵਿਚ ਜੀਵਨ ਬਤੀਤ ਕਰਿਆ ਹੈ, ਕਿਸੇ ਨਾਲ ਈਰਖਾ ਦੀ ਥਾਂ 'ਤੇ ਪਿਆਰ ਕਰਿਆ ਹੈ, ਪ੍ਰਸੰਸਾ ਕਰੀ ਹੈ, ਕਠੋਰਤਾ ਦੀ ਥਾਂ ਤੇ ਦਇਆ ਕਰੀ ਹੈ, ਤ੍ਰਿਸ਼ਨਾ ਦੀ ਥਾਂ 'ਤੇ ਸੰਤੋਖ ਵਿਚ ਜੀਵਨ ਗੁਜ਼ਾਰਿਆ ਹੈ, ਇਹ ਸਾਰੀਆਂ ਕੀਮਤਾਂ ਇਸ ਰੂਹ ਨੂੰ ਉਚਾ ਚੁਕਦੀਆਂ ਨੇ, ਇਹਦੇ ਵਿਪਰੀਤ ਕਰੀ ਹੈ, ਵੈਰ ਕਰਿਆ ਹੈ, ਤ੍ਰਿਸ਼ਨਾ ਦੇ ਵਿਚ ਜੀਵਨ ਬਤੀਤ ਹੋ ਗਿਆ, ਤਾਂ ਇਹ ਥੱਲੇ ਨੂੰ ਐਉਂ ਸਮਝ ਲਓ ਪੱਥਰ ਨੇ, ਹੇਠਾਂ ਨੂੰ ਲੈ ਜਾਂਦੇ ਨੇ, ਜੇ ਦੱਸ ਕੁਇੰਟਲ ਬੋਝ ਬੰਨ੍ਹ ਕੇ ਪਾਣੀ ਵਿਚ ਸੁੱਟ ਦਿਓ, ਸਮੁੰਦਰ ਵਿਚ ਦੱਸ ਕੁਇੰਟਲ ਜਿਥੇ ਤਕ ਜ਼ੀਰੋ ਨਹੀਂ ਬਣਦਾ, ਥੱਲੇ ਲੈ ਜਾਵਾਂਗੇ। ਉਤੇ ਨੂੰ ਵੀ ਜਾਂਦੀ ਹੈ ਇਹ ਜੀਵ ਆਤਮਾ ਹੇਠਾਂ ਨੂੰ ਵੀ ਜਾਂਦੀ ਹੈ, ਜਿਸ ਵਕਤ ਆਦਮੀ ਪੁੰਨਾਂ ਦੇ ਬਲ ਕਰਕੇ ਉਤੇ ਜਾਂਦਾ ਹੈ, ਤਾਂ ਮਾੜਾ ਜਿਹਾ ਪੁੰਨ ਕਰਿਆ ਹੋਇਆ, ਬਹੁਤਾ ਨਹੀਂ ਥੋੜ੍ਹਾ ਜਿਹਾ ਹੀ, ਇਹਦੇ ਨਾਲ ਗੰਧਰਬ ਲੋਕ ਵਿਚ ਵਾਸਾ ਮਿਲ ਜਾਂਦਾ ਹੈ, ਗੰਧਰਬ ਲੋਕ ਵਿਚ ਸੌ ਗੁਣਾਂ ਜ਼ਿਆਦਾ ਸੁਖ ਹੈ, ਇਥੇ ਦੇ ਬਾਦਸ਼ਾਹ ਨਾਲੋਂ। ਜਿਹਨੇ ਉਸ ਤੋਂ ਜ਼ਿਆਦਾ ਕਰਿਆ ਹੈ, ਜਿੰਨਾ fuel ਪਾਇਆ ਹੈ, ਜਿੰਨੀ ਚੀਜ਼ ਉਹਦੇ ਪੱਲੇ ਹੈ ਓਨਾਂ ਚਿਰ ਸੁਖ ਭੋਗਣ ਵਾਸਤੇ ਦੇਵ ਗੰਧਰਬ ਲੋਕ ਮਿਲ ਜਾਂਦਾ ਹੈ। ਸੌ ਗੁਣਾਂ ਸੁਖ ਹੋਰ ਵਧ ਜਾਂਦਾ ਹੈ, ਦੱਸ ਹਜ਼ਾਰ ਗੁਣਾਂ ਸੁਖ ਤਾਂ ਧਰਤੀ ਦੇ ਰਾਜੇ ਨਾਲੋਂ ਵਧ ਜਾਂਦਾ ਹੈ। ਏਸੇ ਤਰ੍ਹਾਂ ਦੇ ਨਾਲ ਸੌ ਗੁਣਾਂ ਸੁਖ ਵਧ ਜਾਂਦਾ ਹੈ, ਪਿਤਰ ਲੋਕ ਵਿਚ। ਪਿੱਤਰ ਲੋਕ ਨਾਲੋਂ ਸੌ ਗੁਣਾਂ ਸੁਖ ਸਵਰਗ ਲੋਕ ਵਿਚ ਵਧਦਾ ਹੈ, ਸਵਰਗ ਲੋਕ ਤੋਂ ਸੌ ਗੁਣਾਂ ਸੁਖ ਇੰਦਰ ਲੋਕ ਵਿਚ ਵਧਦਾ ਹੈ, ਇੰਦਰ ਲੋਕ ਤੋਂ ਜ਼ਿਆਦਾ ਕਰਮਦੇਵ ਲੋਕ ਵਿਚ, ਅਜਾਨ ਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ,

ਆਖਰੀ ਸੀਮਾਂ ਬੈਕੁੰਠ ਧਾਮ ਹੈ ਪਰ ਹੈ ਇਹ ਸਾਰੀ ਕਾਲ ਦੇ ਚੱਕਰ ਵਿਚ। ਕਾਲ ਤੋਂ ਬਾਹਰ ਨਹੀਂ ਹੈ, ਕਾਲ ਦੇ ਚੱਕਰ ਦੇ ਅੰਦਰ ਹੀ ਅੰਦਰ ਹੈ। ਕਾਲ ਕੀ ਕਰਦਾ ਹੈ, ਜਿੰਨਾਂ ਪੁੰਨ ਕਰਿਆ ਹੈ, ਓਨਾਂ ਓਥੇ ਉਹਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਐਨੇ ਸਾਲ ਇਥੇ ਰਹਿਣਾ ਹੈ, ਉਸ ਤੋਂ ਬਾਅਦ ਮੈਂ ਗਿਰ ਜਾਣਾ ਹੈ, ਇਕ ਤਾਂ ਇਹ ਹੈ। ਦੂਸਰੇ ਦੇਵਤੇ ਉਹ ਨੇ ਜਿਹੜੇ ਕਿਸੇ ਤਪ ਕਰਕੇ ਨਹੀਂ ਹੋਏ, ਕੇਵਲ ਜਿਵੇਂ ਅਸੀਂ ਮਨੁਖ ਹਾਂ ਏਸੇ ਤਰ੍ਹਾਂ ਉਹ ਦੇਵ ਬਣੇ ਹੋਏ ਨੇ। ਉਨ੍ਹਾਂ ਦੇ ਵਿਚ ਮੁਖੀ ਦੇਵ ਨੇ ਬ੍ਰਹਮਾ ਜੀ, ਵਿਸ਼ਨੂੰ ਜੀ ਤੇ ਸ਼ਿਵ ਜੀ। ਸ੍ਰਿਸ਼ਟੀ ਦਾ ਕੰਮ ਸੰਭਾਲਦੇ ਨੇ ਲੇਕਿਨ ਇਕ ਗੱਲ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੈ, ਸਭ ਤੋਂ ਮੁਖੀ ਨੂੰ ਲੈਂਦੇ ਹਾਂ, ਛੋਟਿਆਂ ਦੀ ਤਾਂ ਗੱਲ ਕੀ ਕਰਨੀ ਹੈ, ਉਨ੍ਹਾਂ ਨੂੰ ਇਕ ਗੱਲ ਇਹ ਪ੍ਰਾਪਤ ਨਹੀਂ ਹੈ, ਉਨ੍ਹਾਂ ਨੂੰ ਵਾਹਿਗੁਰੂ ਨਹੀਂ ਮਿਲ ਸਕਦਾ। ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ, ਰੋਜ਼ ਪੜ੍ਹਦੇ ਹਾਂ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ*
*ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*

*ਅੰਗ - ੭*

ਚਲਦੇ ਨੇ ਹੁਕਮ ਦੇ ਵਿਚ, ਪਰ ਗੱਲ ਕੀ ਹੈ? ਕਹਿੰਦੇ -

*ਓਹੁ ਵੇਖੈ ਓਨਾ ਨਦਰਿ ਨ ਆਵੈ*
*ਬਹੁਤਾ ਏਹੁ ਵਿਡਾਣੁ ॥ ਅੰਗ - ੭*

ਹੁਣ ਏਸ ਵਾਕ ਨੂੰ ਅਕਾਲ ਪੁਰਖ ਦਾ ਜੋ ਹੁਕਮ ਅਕਾਲ ਪੁਰਖ ਦੇ ਰਾਹੀ ਪ੍ਰਗਟ ਹੋਇਆ ਹੈ, ਇਹਨੂੰ ਕੋਈ ਹੈ ਦੁਨੀਆਂ ਦੇ ਅੰਦਰ ਕਿ ਇਹਦੇ ਅਰਥ ਹੋਰ ਕੱਢ ਦੇਵੇ। ਵਾਹਿਗੁਰੂ ਤਾਂ ਇਨ੍ਹਾਂ ਨੂੰ ਦੇਖਦਾ ਹੈ ਪਰ ਉਹ ਨਜ਼ਰ ਨਹੀਂ ਆਉਂਦਾ। ਅਸਚਰਜ ਦੀ ਗੱਲ ਹੈ। ਸਭ ਤੋਂ ਸ਼੍ਰੋਮਣੀ ਦੇਵਤੇ ਵਾਹਿਗੁਰੂ ਨੂੰ ਨਹੀਂ ਦੇਖ ਸਕਦੇ, ਵਾਹਿਗੁਰੂ ਨੂੰ ਨਹੀਂ ਮਿਲ ਸਕਦੇ। ਬਾਕੀ ਹਨ ਕਹਾਣੀਆ, ਕਹਾਣੀਆਂ ਨੇ ਬੇਅੰਤ ਰੂਪ ਧਾਰੇ ਹੋਏ ਨੇ, ਸਾਡੇ ਇਤਿਹਾਸਾਂ 'ਚ ਵੀ ਧਾਰੇ ਹੋਏ ਨੇ। ਲੇਕਿਨ ਜਦ ਅਸੀਂ ਗੁਰੂ ਗ੍ਰੰਥ ਸਾਹਿਬ ਦੀ, ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਦੇਖਦੇ ਹਾਂ ਤਾਂ ਮਹਾਰਾਜ ਨੇ ਇਨ੍ਹਾਂ ਤਿੰਨਾਂ ਮੁਖੀ ਦੇਵਤਿਆਂ ਨੂੰ ਹਉਮੈ ਦੀ ਕਾਰ ਕਰਦੇ ਦੱਸਿਆ ਹੈ, ਹਉਮੈ ਦੇ ਚੱਕਰ ਦੇ ਅੰਦਰ ਨੇ ਇਹ, ਹਉਮੈਂ ਤੋਂ Free ਨਹੀਂ ਹਨ, ਏਸ ਕਰਕੇ ਇਹ ਜਿਹੜਾ ਮਨੁੱਖ ਹੈ ਇਹਦੇ ਅੰਦਰ ਵਿਸ਼ੇਸ਼ਤਾ ਇਹ ਹੈ ਕਿ ਇਹ ਵਾਹਿਗੁਰੂ ਨੂੰ ਮਿਲ ਸਕਦਾ ਹੈ, ਹੋਰ ਕੋਈ ਨਹੀਂ ਮਿਲ ਸਕਦਾ, ਇਹਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ, ਇਹਦੇ ਅੰਦਰ ਵਾਹਿਗੁਰੂ ਜਿਉਂ ਕਾ ਤਿਉਂ ਪ੍ਰਗਟ ਹੋ ਜਾਂਦਾ, ਹੋਰ ਕਿਸੇ ਦੇ ਵਿਚ ਨਹੀਂ ਹੈ ਇਹ ਸ਼ਕਤੀ। ਇਸ ਕਰਕੇ ਮਹਾਰਾਜ ਕਹਿੰਦੇ ਨੇ -

*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ - ੧੧੫੯*

ਸਾਖੀਆਂ ਬਹੁਤ ਨੇ ਕਿ ਸਵਰਗ ਦੇ ਲੋਕ ਜਿਹੜੇ ਨੇ ਉਹ ਕਹਿੰਦੇ ਨੇ ਕਿ ਜੀ, ਧੰਨ ਮਾਨਸ ਦੇਹੀ, ਨਰ ਨਾਰਾਇਣੀ। ਧੰਨ ਇਸੇ ਕਰਕੇ ਹੈ ਉਹ ਕਿ ਇਹਦੇ 'ਚ ਵਾਹਿਗੁਰੂ ਮਿਲ ਜਾਂਦਾ ਹੈ। ਦੂਜਾ ਇਹ ਹੈ ਕਿ ਇਹ ਕਰਮ ਭੂਮੀ ਹੈ, ਜਿਵੇਂ ਤੁਸੀਂ ਜ਼ਮੀਨ ਵਿਚ ਫਸਲਾਂ ਬੀਜਦੇ ਓਂ ਨਾ, ਇਕ ਬੰਦਾ ਨੈਨੀਤਾਲ ਬੈਠਾ ਹੈ, ਇਕ ਫਸਲਾਂ ਬੀਜਦਾ ਹੈ, ਫਸਲ ਬੀਜਣ ਵਾਲਾ ਜਿਹੜਾ ਹੈ ਉਹ ਆਪਣੀ ਕਮਾਈ ਨੂੰ ਵਧਾ ਲੈਂਦਾ ਹੈ ਜਿਹੜਾ ਨੈਨੀਤਾਲ ਬੈਠ ਕੇ ਖਾਂਦਾ ਹੈ ਉਹਦੀ ਕਮਾਈ ਘਟ ਜਾਂਦੀ ਹੈ। ਇਹਦੇ ਵਿਚ ਕਰਮਭੂਮੀ ਹੋਣ ਕਰਕੇ ਤੁਸੀਂ ਚੰਗੇ ਤੋਂ ਚੰਗੇ ਕਰਮ ਬੀਜ ਸਕਦੇ ਓਂ, ਬਾਕੀ ਨਹੀਂ ਹਨ ਕਰਮ ਭੂਮੀਆਂ। 83 ਲੱਖ 99 ਹਜ਼ਾਰ, 999 ਜੂਨ, ਸ਼ੇਰ ਚਾਹੇ ਲੱਖ ਬੰਦਾ ਰੋਜ਼ ਮਾਰ ਦੇਵੇ, ਉਹਨੂੰ ਪਾਪ ਹੀ ਨਹੀਂ ਲਗਦਾ, ਭੋਗ ਜੂਨੀ ਹੈ ਉਹ। ਇਹ ਕੇਵਲ ਮਨੁਖ ਹੈ ਜਿਹਦੇ ਅੰਦਰ ਕਰਮ ਚਲਦਾ ਹੈ। ਹਉਮੈ ਧਾਰਦਾ ਹੈ ਕਰਮ, ਘੋੜਾ ਨਹੀਂ ਕਦੇ ਵੀ ਹਉਮੈ ਧਾਰਦਾ ਕਰਮ ਦੀ, ਗਧਾ ਨਹੀਂ ਧਾਰਦਾ, ਬਲਦ ਨਹੀਂ ਧਾਰਦਾ; ਮਨੁਖ ਧਾਰਦਾ ਹੈ ਕਿ ਮੈਂ ਇਹ ਕਰਿਆ। ਜੇ ਮੂੰਹ ਨਾਲ ਕਹੇ ਕਿ ਮੈਂ ਨਹੀਂ ਕਰਿਆ, ਮੇਰੇ ਤੋਂ ਕਰਾਇਆ ਗਿਆ, ਓ ਭਾਈ! ਤੇਰੇ ਅੰਦਰ ਤਾਂ ਅਜੇ ਹਉਮੈ ਹੈ, ਅੱਖਰਾਂ ਨਾਲ ਨਹੀਂ ਕੁਝ ਵੀ ਬਣਨਾ। ਏਸ ਕਰਕੇ ਇਹ ਮਨੁਖ ਦੇਹੀ ਜਿਹੜੀ ਹੈ ਇਹਦੇ ਵਿਚ ਦੋਵੇਂ ਪੱਖ ਨੇ, ਜੇ ਤਾਂ ਹੇਠਾਂ ਨੂੰ ਚੱਲ ਪਵੇ, ਫੇਰ ਤਾਂ ਇਹਦੇ ਵਰਗੀ ਮਾੜੀ ਕੋਈ ਨਹੀਂ, ਨਰਕਾਂ 'ਚ ਚਲਿਆ ਜਾਂਦਾ ਹੈ, ਦੁਨੀਆਂ ਨੂੰ ਦੁਖੀ ਕਰ ਦਿੰਦਾ ਹੈ, ਕਿਸੇ ਨੂੰ ਸੁਖ ਦਾ ਸਾਹ ਲੈਣ ਨਹੀਂ ਦਿੰਦਾ, ਪਾਪ ਤੇ ਪਾਪ ਕਮਾਉਂਦਾ ਹੈ। ਫੇਰ ਦੁਖੀ ਹੁੰਦਾ ਹੈ, ਜੇ ਇਹ ਚੱਲ ਪਵੇ ਆਪਣੇ ਘਰ ਵਲ ਨੂੰ ਵਾਪਸ, ਫੇਰ ਇਹ ਰੱਬ ਦਾ ਰੂਪ ਬਣ ਜਾਂਦਾ ਹੈ, ਰੂਪ ਨਹੀਂ ਬਣਦਾ, ਆਪ ਹੀ ਰੱਬ ਬਣ ਜਾਂਦਾ ਹੈ। ਦੇਵਤਾ ਰਬ ਨਹੀਂ ਬਣ ਸਕਦਾ। ਕਬੀਰ ਸਾਹਿਬ ਕਹਿੰਦੇ ਨੇ -

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਹੇ ਪ੍ਰਭੂ! ਮੈਂ ਤੂੰ ਤੂੰ ਤੇਰਾ ਹੀ ਧਿਆਨ ਕਰਕੇ, ਤੇਰਾ-ਤੇਰਾ ਤੂੰ-ਤੂੰ ਕਰਦਾ ਹੁਣ ਮੈਨੂੰ ਐਉਂ ਨਹੀਂ ਪਤਾ ਲਗਦਾ ਕਿ ਮੈਂ ਵੀ ਹੈਗਾ ਸੀ ਕਦੇ। ਤੂੰ ਬਣ ਗਿਆ, ਕਿਉਂਕਿ ਮੇਰੇ ਵਿਚ ਜਿਹੜੀ ਵੱਖਰੀ ਕਰਨ ਵਾਲੀ ਚੀਜ਼ ਸੀ, ਉਹ ਖਤਮ ਹੋ ਗਈ ਹੁਣ ਤਾਂ ਤੂੰ ਹੀ ਤੂੰ ਹੈ।

*ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥*

*ਅੰਗ - ੯੬੯*

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

(*******)

# ਮਾਨਵਤਾ ਦੇ ਨਾਂ
# (A Call To Humanity)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਮਾਰਗ ਚੌਣ ਦੀ ਤਿਆਰੀ

ਗਿਆਨ ਦੇ ਮਾਰਗ ਨੂੰ ਸਮਝਣ ਦੀ ਉਸ ਦੀ ਚੋਣ ਕਰਨ ਲਈ, ਸਾਨੂੰ ਉਸ ਮਾਰਗ ਦੀ ਫਿਲੌਸਫੀ, ਮਨੋਵਿਗਿਆਨ ਉਸ ਦੀਆਂ ਨੀਹਾਂ, ਉਸ ਦੀਆਂ ਜੜ੍ਹਾਂ ਦਾ ਚੰਗੀ ਤਰ੍ਹਾਂ ਪਤਾ ਕਰਕੇ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ। ਵੱਖ-ਵੱਖ ਮਾਰਗਾਂ ਦੀ ਜਾਣਕਾਰੀ ਚੰਗੀ ਤਰ੍ਹਾਂ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਮੁਢਲੇ ਗਿਆਨ ਤੋਂ ਬਿਨਾਂ ਵੱਖ-ਵੱਖ ਮਾਰਗਾਂ ਦੇ ਸਰੂਪ ਨੂੰ, ਦ੍ਰਿਸ਼ਟੀਕੋਣ ਨੂੰ ਜਾਣਿਆ ਹੀ ਨਹੀਂ ਜਾ ਸਕਦਾ। ਇਸ ਤੋਂ ਪਹਿਲਾਂ ਕਿ ਤੁਸੀਂ ਆਂਪਣੇ ਲਈ ਮਾਰਗ ਚੌਣ ਕਰੋ ਤੁਹਾਨੂੰ ਆਪਣੇ ਅੰਦਰ ਬਾਹਰ ਦਾ ਪੂਰੀ ਤਰ੍ਹਾਂ ਨਾਲ ਗਿਆਨ ਹੋਣਾ ਚਾਹੀਦਾ ਹੈ, ਪਤਾ ਹੋਣਾ ਚਾਹੀਦਾ ਹੈ ਉਸ ਦੇ ਪਿਛੋਂ ਹੀ ਤੁਸੀਂ ਉਸ ਫਿਲੌਸਫੀ ਦਾ ਅਭਿਆਸ ਕਰ ਸਕਦੇ ਹੋ ਜਿਸ ਦੀ ਤੁਸੀਂ ਚੌਣ ਕੀਤੀ ਹੈ। ਫਿਲੌਸਫੀ ਕੇਵਲ ਇਕ ਅਨੁਮਾਨ ਹੀ ਨਹੀਂ ਹੁੰਦਾ ਸੋਚ ਜਗਤ ਦੀ ਇਕ ਪ੍ਰੀਕਲਪਨਾ ਹੀ ਨਹੀਂ ਹੁੰਦੀ, ਨਾ ਹੀ ਇਹ ਕਿਸੇ ਸਮਾਜਿਕ ਜਾਂ ਮਜ਼ਹਬ ਦੇ ਜਗਤ ਦੇ ਕੋਈ ਆਦਰਸ਼ ਹੁੰਦੇ ਹਨ। ਜੀਵਨ ਦੀ ਫਿਲੌਸਫੀ ਬਿਲਕੁਲ ਉਸ ਤਰ੍ਹਾਂ ਹੀ ਬਣਾਈ ਜਾਂਦੀ ਹੈ ਜਿਵੇਂ ਕੋਈ ਭਵਨ ਬਣਾਇਆ ਜਾਂਦਾ ਹੈ, ਫੇਰ ਹੀ ਉਸ ਅੰਦਰ ਨਿਵਾਸ ਕੀਤਾ ਜਾਂਦਾ ਹੈ। ਫਿਲੌਸਫੀ ਤੇ ਅਨੇਕਾਂ ਪੁਸਤਕਾਂ ਹਨ ਪਰ ਉਹ ਜਗਿਆਸੂ ਦੀ ਲੋੜ ਪੂਰੀ ਨਹੀਂ ਕਰਦੀਆਂ ਉਸ ਦੀ ਜਗਿਆਸਾ ਨਹੀਂ ਪੂਰਦੀਆਂ ਕਿਉਂਕਿ ਉਹ ਅਭਿਆਸ ਦੇ ਕੋਈ ਠੋਸ ਤਰੀਕੇ ਨਹੀਂ ਦਸਦੇ।

ਜੀਵਨ ਦੀ ਇਕ ਵਾਸਤਵਿਕ ਫਿਲੌਸਫੀ ਬਣਾਉਣ ਲਈ ਸਾਨੂੰ ਸਭ ਤੋਂ ਪਹਿਲਾਂ ਬਾਹਰ ਦਾ ਵਾਤਾਵਰਨ ਸੰਸਾਰ ਦਾ ਵਾਤਾਵਰਣ ਸਮਝਣਾ ਚਾਹੀਦਾ ਹੈ, ਉਹ ਸੰਸਾਰ ਜਿਹੜਾ ਇੰਦ੍ਰੀਆਂ ਦੇ ਅਨੁਭਵ ਦਾ ਸੰਸਾਰ ਹੈ, ਵਸਤੂ ਦਾ ਸੰਸਾਰ ਹੈ, ਆਕਾਰ ਦਾ ਸੰਸਾਰ ਹੈ ਨਾਵਾਂ ਦਾ ਸੰਸਾਰ ਹੈ ਜਿਹੜਾ ਸੰਸਾਰ ਮਨੁਖ ਦੇ ਮਨ ਦਾ ਸੰਸਾਰ ਹੈ ਜਿਹੜਾ ਇਸ ਦੀ ਸ਼ਕਤੀ ਖ੍ਰੈ ਕਰਦਾ ਹੈ। ਬਾਹਰ ਦਾ ਗਿਆਨ - ਵਸਤੂਆਂ ਦਾ ਗਿਆਨ, ਭਾਵੇਂ ਇਹ ਕਿੰਨਾਂ ਵੀ ਜ਼ਰੂਰੀ ਕਿਉਂ ਨਾ ਹੋਵੇ ਇਹ ਗਿਆਨ ਦਾ ਇਕ ਸਥੂਲ ਪੱਖ ਹੈ, ਸਥੂਲ ਪੱਖ ਦਾ ਗਿਆਨ ਹੈ, ਇਸ ਕਰਕੇ ਇਹ ਅਧੂਰਾ ਗਿਆਨ ਹੈ, ਅਰਧ ਸਤਿ ਹੈ, ਜਿਹੜਾ ਕਿ ਬਿਲਕੁਲ ਸੱਚ ਹੈ ਹੀ ਨਹੀਂ। ਜਦੋਂ ਅਸੀਂ ਜੀਵਨ, ਜੀਵਨ ਸਮੱਸਿਆਵਾਂ ਦੇ ਪ੍ਰਸ਼ਨ ਕਰਦੇ ਹਾਂ ਅਸੀਂ ਆਤਮ ਚਿੰਤਨ ਕਰਦੇ ਹਾਂ, ਸਾਡੀ ਸਮਝ ਵਿਚ ਆਉਂਦਾ ਹੈ ਕਿ ਸਾਡਾ ਮਨ ਧੁੰਦਲਾਇਆ ਹੋਇਆ ਹੈ, ਕੁਝ ਵੀ ਸਾਫ ਸਪਸ਼ਟ ਨਹੀਂ ਦਿਸਦਾ ਤਾਂ ਜੋ ਨਿਰਣੇ ਕੀਤਾ ਜਾ ਸਕੇ, ਸੂਖਸ਼ਮ ਭੇਦ ਭਾਵ ਦੇਖਿਆ ਜਾ ਸਕੇ, ਵਿਵੇਕ ਕੰਮ ਕਰ ਸਕੇ। ਬਾਹਰ ਦਾ ਸੰਸਾਰ ਸਾਨੂੰ ਠੀਕ ਅੰਕੜੇ ਨਹੀਂ ਦਿੰਦਾ, ਕਿਉਂਕਿ ਸਭ ਕੁਝ ਛੇਤੀ-ਛੇਤੀ ਬਦਲਦਾ ਹੈ, ਸਦਾ ਬਦਲਦਾ ਹੀ ਰਹਿੰਦਾ ਹੈ। ਅਸੀਂ ਤਾਂ ਅੰਤਮ ਸਤ ਦੀ ਭਾਲ ਵਿਚ ਹਾਂ, ਪਰ ਏਥੇ ਤਾਂ ਸਭ ਕੁਝ ਛੇਤੀ ਹੀ ਬਦਲ ਰਿਹਾ ਹੈ, ਆਕਾਰ ਬਦਲਦਾ ਹੈ, ਗੁਣ ਬਦਲਦੇ ਹਨ। ਮਨ ਵੀ ਆਪਣੀ ਆਦਤ ਤੋਂ ਪ੍ਰਭਾਵਿਤ ਹੁੰਦਾ ਹੈ, ਮਨ ਵੀ ਵਸਤੂਆਂ ਨਾਲ ਜੁੜਦਾ ਹੈ, ਮਨ ਵੀ ਵਸਤੂਆਂ ਨੂੰ ਉਸ ਤਰ੍ਹਾਂ ਨਾਲ ਨਹੀਂ ਦੇਖਦਾ ਜਿਸ ਤਰ੍ਹਾਂ ਉਹ ਹਨ। ਇਸ ਤਰ੍ਹਾਂ ਨਾਲ ਮਨ ਬਿਲਕੁਲ ਸਾਫ ਨਹੀਂ ਹੁੰਦਾ, ਜੇਕਰ ਮਨ ਇਕਾਗਰ ਨਾ ਹੋਵੇ ਇਕੋ ਪਾਸੇ ਨਾ ਹੋਵੇ ਤਾਂ ਉਹ ਖੇਰੂੰ-ਖੇਰੂੰ ਹੀ ਹੁੰਦਾ ਹੈ। ਇਹੋ ਜਿਹਾ ਖਿੰਡਿਆ ਮਨ, ਬੇਕਾਬੂ ਮਨ ਅੰਤਮ ਸਤ ਨਹੀਂ ਜਾਣ ਸਕਦਾ। ਉਖੜਿਆ ਮਨ ਅਸਿੱਖ ਮਨ ਸਤਿ ਜਾਨਣ ਦੇ ਸਮਰੱਥ ਨਹੀਂ।

ਸੰਸਾਰਕ ਵਸਤੂਆਂ ਦੀ ਆਪਣੀ ਮਹੱਤਤਾ ਹੈ, ਉਨ੍ਹਾਂ ਦਾ ਕੋਈ ਅਰਥ ਹੈ, ਸਥਾਨ ਹੈ, ਸੰਸਾਰਕ ਵਸਤੂਆਂ ਤੋਂ ਕਦੀ ਵੀ ਸੰਤੁਸ਼ਟੀ ਨਹੀਂ ਹੋ ਸਕਦੀ, ਕਿਉਂਕਿ ਉਹ ਬਦਲਦੀਆਂ ਰਹਿੰਦੀਆਂ ਹਨ ਉਹ ਨਾਸ਼ਵੰਤ ਹਨ, ਉਹ ਖਤਮ ਹੋ ਜਾਂਦੀਆਂ ਹਨ, ਉਹ ਮਿਟ ਜਾਂਦੀਆਂ ਹਨ। ਅੱਜ ਸਾਡੀਆਂ ਇੰਦ੍ਰੀਆਂ ਨੂੰ ਕੋਈ ਚੀਜ਼ ਖੁਸ਼ ਕਰਦੀ ਹੈ, ਤ੍ਰਿਪਤ ਕਰਦੀ ਹੈ, ਅਸੀਂ ਘੜੀ ਦੀ ਘੜੀ ਖੁਸ਼ ਹੋ ਜਾਂਦੇ ਹਾਂ, ਸਾਨੂੰ ਲਗਦਾ ਹੈ ਅਸੀਂ ਕੁਝ ਬਹੁਤ ਵੱਡੀ ਪ੍ਰਾਪਤੀ ਕਰ ਲਈ ਹੈ, ਅਸੀਂ ਕੀ ਦੇਖਦੇ ਹਾਂ ਥੋੜ੍ਹੀ ਦੇਰ ਬਾਅਦ ਉਹ ਬਦਲ ਜਾਂਦੀ ਹੈ, ਉਸ ਵਸਤੂ ਦੇ ਗੁਣ ਬਦਲ ਜਾਂਦੇ ਹਨ, ਆਕਾਰ ਬਦਲ ਜਾਦਾ ਹੈ, ਅਸੀਂ ਮੁੜ ਕੇ ਫੇਰ ਨਿਰਾਸ਼ ਹੋ ਜਾਂਦੇ ਹਾਂ, ਮਨੁੱਖ ਇਕ ਨਾਸ਼ਵੰਤ ਸੰਸਾਰ ਵਿਚ ਰਹਿੰਦਾ ਹੈ, ਇਹ ਪਤਾ ਹੁੰਦਿਆਂ ਇਹ ਜਾਣਦਿਆਂ ਹੋਇਆਂ ਵੀ, ਮਨੁਖ ਸੰਸਾਰ ਦੇ ਮੋਹ ਵਿਚ ਹੀ ਫਸਿਆ ਰਹਿੰਦਾ ਹੈ, ਮਨੁਖ ਸਦਾ ਹੀ ਆਪਣੇ ਆਪ ਨੂੰ ਅਸੁਰਖਿਅਤ ਸਮਝਦਾ ਰਹਿੰਦਾ ਹੈ, ਭੈ ਭੀਤ ਰਹਿੰਦਾ ਹੈ, ਕਈ ਲੋਕ ਕੇਵਲ ਖਾਣ ਵਿਚ ਹੀ ਰੁਝੇ ਰਹਿੰਦੇ ਹਨ, ਕਈ ਸੌਂ ਕੇ ਅਨੰਦ ਮਾਣਦੇ ਰਹਿੰਦੇ ਹਨ, ਕਈ ਕਾਮ ਵਾਸ਼ਨਾ ਨਾਲ ਹੀ ਗ੍ਰਸੇ ਰਹਿੰਦੇ ਹਨ ਤੇ ਬਾਕੀ ਆਤਮ ਸੰਭਾਲ ਵਿਚ ਹੀ ਰਹਿੰਦੇ ਹਨ, ਤੁਸੀ ਦੇਖੋਗੇ ਹਰ ਕੋਈ ਕਿਸੇ ਨਾ ਕਿਸੇ ਮੋਹ ਵਿਚ ਕਿਸੇ ਨਾ ਕਿਸੇ ਮਾਨਸਿਕ ਬੋਝ ਥੱਲੇ ਹੀ ਦਬੇ ਰਹਿੰਦੇ ਹਨ, ਇਸ ਬੋਝ ਵਿਚੋਂ ਉਹ ਕਦੀ ਵੀ ਨਿਕਲ ਨਹੀਂ ਸਕਦੇ। ਜੇ ਕੋਈ ਭੋਗ ਵਿਲਾਸ ਉਹ ਕਰਦੇ ਵੀ ਹਨ ਉਹ ਵੀ ਭੈ ਕਾਰਣ ਅਧੂਰਾ ਹੀ ਹੁੰਦਾ ਹੈ, ਕਿਉਂਕਿ ਭੈ ਹੀ ਜੀਵਨ ਨੂੰ ਕੰਟਰੋਲ ਕਰ ਰਿਹਾ ਹੈ।

ਵਾਸਤਵ ਵਿਚ ਲੋਕ ਆਪਣੇ ਡਰ ਨੂੰ ਆਪਣੇ ਭੈ ਨੂੰ ਦੇਖਣਾ ਨਹੀਂ ਚਾਹੁੰਦੇ ਉਸ ਦਾ ਨਿਰੀਖਣ ਨਹੀਂ ਕਰਨਾ ਚਾਹੁੰਦੇ। ਹਰੇਕ ਨੂੰ ਆਪਣੇ ਭੈਆਂ ਦਾ ਨਰੀਖਣ ਕਰਨਾ ਚਾਹੀਦਾ ਹੈ ਇਹ ਦੇਖਣਾ ਚਾਹੀਦਾ ਹੈ ਕਿ ਉਸ ਦੇ ਭੈ ਕਿੰਨੇ ਕੁ ਉਚਿਤ ਹਨ। ਸਾਡੇ ਬਹੁਤ

ਸਾਰੇ ਭੈ ਡਰ ਤਾਂ ਕਲਪਿਤ ਹੀ ਹੁੰਦੇ ਹਨ ਉਨਹਾਂ ਨੂੰ ਨਰੀਖਿਆ ਵੀ ਨਹੀਂ ਜਾਂਦਾ। ਆਪਣੇ ਭੈਆਂ ਨੂੰ ਜਾਨਣ ਲਈ ਇਹ ਜ਼ਰੂਰੀ ਨਹੀਂ ਕਿ ਤੁਸੀਂ ਆਪਣੇ ਪਿਛੋਕੜ ਨੂੰ ਦੇਖੋ ਘੋਖੋ, ਭੈ ਤਾਂ ਬਹੁਤ ਸੌਖੀ ਤਰ੍ਹਾਂ ਨਾਲ ਵਿਸ਼ਲੇਸ਼ੇ ਜਾ ਸਕਦੇ ਹਨ। ਤੁਹਾਨੂੰ ਆਪਣੇ ਡਰ ਚੰਗੀ ਤਰ੍ਹਾਂ ਨਾਲ ਦੇਖ ਲੈਣੇ ਚਾਹੀਦੇ ਹਨ, ਭੈ ਦੇ ਸ਼ਿਕਾਰ ਨਹੀਂ ਬਣ ਜਾਣਾ ਚਾਹੀਦਾ, ਨਾ ਹੀ ਭੈ ਬਾਰੇ ਸੋਚ-ਸੋਚ ਕੇ ਉਨ੍ਹਾਂ ਨੂੰ ਸ਼ਕਤੀਸ਼ਾਲ ਕਰ ਲੈਣਾ ਚਾਹੀਦਾ ਹੈ ਸੰਸਾਰ ਭੈ ਰੱਖ ਕੇ ਭੈ ਨਾਲ, ਡਰ ਨਾਲ ਜੀਉਣਾ ਕਈ ਲਾਭਕਾਰੀ ਨਹੀਂ ਹੈ। ਜੇਕਰ ਤੁਸੀਂ ਹਰ ਸਮੇਂ ਭੈ ਨਾਲ ਹੀ ਗ੍ਰਸੇ ਪਏ ਹੋ ਤੁਸੀਂ ਕੋਈ ਵੀ ਚੀਜ਼ ਕਿਸ ਤਰ੍ਹਾਂ ਮਾਣ ਸਕਦੇ ਹੋ? ਕਿਸ ਤਰ੍ਹਾਂ ਖੁਸ਼ ਹੋ ਸਕਦੇ ਹੋ? ਅਨੰਦਿਤ ਹੋ ਸਕਦੇ ਹੋ? ਤੁਸੀਂ ਇਹ ਹੀ ਸੋਚਦੇ ਰਹੋਗੇ ਕਿ ਇਹ ਤਾਂ ਸਭ ਕੁਝ ਖਤਮ ਹੋ ਜਾਣਾ ਹੈ ਜਾਂ ਤੁਸੀਂ ਸੋਚੋਗੇ ਕਿ ਤੁਸੀਂ ਉਹ ਪ੍ਰਾਪਤ ਨਹੀਂ ਕਰ ਸਕੋਗੇ ਜੋ ਤੁਸੀਂ ਕਰਨਾ ਚਾਹੁੰਦੇ ਹੋ ਭੈ ਤਾਂ ਹਰ ਵੇਲੇ ਦੁਖ ਸੰਤਾਪ ਵਲ ਹੀ ਲੈ ਜਾਵੇਗਾ।

ਸਾਧਕ ਲਈ ਇਹ ਅਤਿਅਵਸ਼ਕ ਹੈ ਕਿ ਉਹ ਆਪਣਾ ਆਲਾ ਦੁਆਲਾ ਠੀਕ ਕਰਕੇ ਰੱਖੇ, ਤਾਂ ਜੋ ਉਸ ਦੀ ਸਾਧਨਾ ਵਿਚ ਉਸ ਸ੍ਵੈ ਉਸਾਰੀ, ਸ੍ਵੈ ਪ੍ਰਗਟਾਵੇ ਵਿਚ ਕੋਈ ਔਖ ਨਾ ਹੋਵੇ। ਬਾਹਰੀ ਸੰਸਾਰ ਬਹੁਤ ਵਾਰੀ ਵਿਘਨ ਬਣ ਜਾਂਦਾ ਹੈ, ਮਨ ਨੂੰ ਦੂਸਰੇ ਪਾਸੇ ਪਾ ਦਿੰਦਾ ਹੈ, ਸੰਸਾਰਕ ਪਦਾਰਥਾਂ ਤੋਂ ਬਿਨਾਂ ਜੀਵਨ ਨਹੀਂ ਜੀਆ ਜਾ ਸਕਦਾ, ਪਰ ਇਹ ਪਦਾਰਥਾਂ ਸੀਮਤ ਹਨ। ਅੱਜ ਦੇ ਮਨੁਖ ਦੀ ਧਾਰਨਾ ਹੈ ਕਿ ਅੱਜ ਦੇ ਸੰਸਾਰ ਵਿਚ ਆਤਮ ਮਾਰਗ ਤੇ ਚਲਣਾ ਬਹੁਤ ਔਖਾ ਹੈ, ਹੋਰ ਵੀ ਔਖਾ ਹੈ ਕਿ ਆਤਮ ਮਾਰਗ ਤੇ ਚਲ ਕੇ ਨਾਲ-ਨਾਲ ਸੰਸਾਰਕ ਡੀਊਟੀਆਂ ਵੀ ਪੂਰੀਆਂ ਕੀਤੀਆਂ ਜਾਣ, ਇਹ ਸੱਚ ਨਹੀਂ। ਵਾਸਤਵ ਵਿਚ ਇਹ ਤੁਹਾਡੀ ਅੰਦਰ ਦੀ ਮਨੋਂਵ੍ਰਿਤੀ ਹੈ ਜਿਹੜੀ ਵਧੇਰੇ ਜ਼ਰੂਰੀ ਹੈ ਜਦੋਂ ਰਮਨਾ ਮਹਾਂਰਿਸ਼ੀ (Maharshi Ramana) ਨੂੰ ਪੁਛਿਆ ਗਿਆ ਪਾਪ ਦੀ ਪਰਿਭਾਸ਼ਾ ਕੀ ਹੈ? ਉਹ ਕਹਿਣ ਲੱਗੇ, ਪਾਪ ਉਹ ਹੈ ਜਿਹੜਾ ਤੁਹਾਡੇ ਮਨ ਤੇ ਪ੍ਰਭਾਵ ਪਾਵੇ। ਜੇਕਰ ਕਿਸੇ ਵਿਚਾਰ ਜਾਂ ਕਰਮ ਨਾਲ ਕੰਮ ਨਾਲ ਤੁਹਾਡੇ ਮਨ ਤੇ ਕੋਈ ਬੋਝ ਨਹੀਂ ਪੈਂਦਾ ਕੋਈ ਐਸਾ ਪ੍ਰਭਾਵ ਨਹੀਂ ਪੈਂਦਾ ਫੇਰ ਉਹ ਪਾਪ ਨਹੀਂ ਹੈ ਪਰ ਜੇਕਰ ਤੁਹਾਡਾ ਮਨ ਨਖੇਦੀ ਥੱਲੇ ਆ ਜਾਂਦਾ ਹੈ, ਅਕਰਮਕ ਹੋ ਜਾਂਦਾ ਹੈ, ਪਾਪੀ ਮਹਿਸੂਸ ਕਰਦਾ ਹੈ ਫੇਰ ਉਹ ਪਾਪ ਹੈ। ਜੇ ਤੁਹਾਡਾ ਅੰਦਰ ਸ਼ਕਤੀਸ਼ਾਲ ਨਹੀਂ ਹੈ ਜੇ ਤੁਸੀਂ ਸੌਖੀ ਤਰ੍ਹਾਂ ਝੱਟ ਹੀ ਕਿਸੇ ਗੱਲ ਤੋਂ ਪ੍ਰਭਾਵਿਤ ਹੋ ਜਾਂਦੇ ਹੋ ਫੇਰ ਤੁਸੀਂ ਕਦੀ ਵੀ ਖੁਸ਼ ਨਹੀਂ ਰਹਿ ਸਕਦੇ। ਲੋੜ ਹੈ, ਸ਼ਕਤੀਸ਼ਾਲ ਹੋਣ ਦੀ, ਪੱਕੇ ਹੋਣ ਦੀ, ਸੰਗਠਿਤ ਹੋਣ ਦੀ, ਅੰਦਰ ਪੱਕਾ ਕਰਨ ਦੀ, ਤਾਂ ਹੀ ਤੁਹਾਡੀ ਸੋਚਣੀ ਕਰਨੀ ਠੀਕ ਹੋ ਸਕਦੀ ਹੈ। ਅੰਦਰ ਨੂੰ ਪੱਕਾ ਕਰਨ, ਅੰਦਰ ਦੀ ਦ੍ਰਿੜਤਾ ਬਹੁਤ ਹੀ ਜ਼ਰੂਰੀ ਹੈ।

## ਦੋ ਸੰਸਾਰ ਦਾ ਨਾਗਰਿਕ

ਇਸ ਸੰਸਾਰ ਨੂੰ ਸਮਝਣ ਤੋਂ ਪਹਿਲਾਂ, ਜੀਵਨ ਫਿਲੌਸਫੀ ਬਨਾਣ ਤੋਂ, ਅਪਨਾਉਣ ਤੋਂ ਪਹਿਲਾਂ, ਸਾਡੇ ਲਈ ਇਹ ਜਾਣ ਲੈਣਾ ਅਤਿ ਅਵਸ਼ਕ ਹੈ ਕਿ ਅਸੀਂ ਦੋ ਸੰਸਾਰਾਂ ਦੇ ਨਾਗਰਿਕ ਹਾਂ, ਸਾਡੇ ਅੰਦਰ ਦਾ ਸੰਸਾਰ ਅਤੇ ਬਾਹਰ ਦਾ ਸੰਸਾਰ। ਇਨ੍ਹਾਂ ਦੋਨੋਂ ਸੰਸਾਰ ਅੰਦਰ ਆਪਸ ਵਿਚ ਬਹੁਤ ਅਸਹਿਮਤੀ ਹੈ। ਅਸੀਂ ਕੁਝ ਚਾਹੁੰਦੇ ਹਾਂ ਬਾਹਰੀ ਸੰਸ਼ਾਰ ਸਾਡੇ ਲਈ ਅੜਿੱਕਾ ਬਣਦਾ ਹੈ, ਬਾਧਾ ਬਣਦਾ ਹੈ, ਸਾਡੀ ਪ੍ਰਾਪਤੀ ਵਿਚ ਔਕੜ ਖੜ੍ਹੀ ਕਰਦਾ ਹੈ। ਸਾਡੀ ਇਕ ਇੱਛਾ ਹੈ ਪਰ ਨਾ ਤਾਂ ਸਮਾਜ, ਨਾ ਹੀ ਪਰਿਵਾਰ ਉਸ ਇੱਛਾ ਦੀ ਪ੍ਰਾਪਤੀ ਲਈ ਆਗਿਆ ਦਿੰਦਾ ਹੈ। ਆਮ ਤੌਰ ਤੇ ਸਾਡੀਆਂ ਇਛਾਵਾਂ ਵਿਚ ਸਾਡੀ ਰੌਚਿਕਤਾ ਸਾਡੇ ਝੁਕਾਅ ਵਿਚ ਦਵੰਦ ਹੁੰਦਾ ਹੈ, ਮੁਕਾਬਲਾ ਹੁੰਦਾ ਹੈ, ਸਾਡੀ ਤੇ ਸਮਾਜ ਦੀ ਰੌਚਿਕਤਾ, ਸਮਾਜ ਦੇ, ਪਰਿਵਾਰ ਦੇ ਨਿਯਮ। ਅਸੀਂ ਬਹੁਤ ਸਾਰੇ ਬਾਹਰ ਦੇ ਸੰਸਾਰ ਦੇ ਸਹਾਰੇ ਲਈ ਬੈਸਾਖੀਆਂ ਬਣਾ ਲੈਂਦੇ ਹਾਂ, ਅਸੀਂ ਆਪਣੇ ਲਈ ਸੁਰੱਖਿਆ ਦਾ ਘੇਰਾ ਬਣਾ ਲੈਂਦੇ ਹਾਂ, ਪਰ ਅਫਸੋਸ ਇਸ ਗੱਲ ਦਾ ਹੈ ਕਿ ਬਾਹਰੀ ਸੰਸਾਰ ਦੀਆ ਵਸਤੂਆਂ ਭਾਵੇਂ ਕਿੰਨੀਆਂ ਹੋਣ ਉਹ ਕਦੀ ਵੀ ਸਾਨੂੰ ਸੁਖ ਨਹੀਂ ਦੇ ਸਕਦੀਆਂ, ਖੁਸ਼ੀ ਨਹੀਂ ਦੇ ਸਕਦੀਆਂ। ਇਸ ਤੱਤ ਨੂੰ ਬ੍ਰਹਮਗਿਆਨੀਆਂ ਨੇ, ਮਹਾਂਪੁਰਖਾਂ ਨੇ ਬਹੁਤ ਪਹਿਲਾਂ ਜਾਣ ਲਿਆ ਹੈ, ਦੱਸ ਦਿਤਾ ਹੈ। ਇਹ ਸਭ ਕੁਝ ਹੁੰਦਿਆਂ ਹੋਇਆ, ਇਹ ਸਭ ਕੁਝ ਜਾਣਦਿਆਂ ਮਾਨਵ, ਸਮਾਜ, ਆਤਮ ਮਾਰਗ ਨੂੰ ਛੱਡ ਕੇ ਪਦਾਰਥਵਾਦ ਤੇ ਹੀ ਚਲਦਾ ਹੈ, ਅਧਿਆਤਮਕਤਾ ਦੇ ਮਹੱਤਵ ਨੂੰ ਆਤਮ ਮਾਰਗ ਦੀ ਮਹੱਤਤਾ ਨੂੰ ਉਹ ਜਾਣਦੇ ਹੀ ਨਹੀਂ। ਦਿਖਾਵੇ ਦਾ ਵਿਸ਼ਵਾਸ਼, ਦਿਖਾਵੇ ਦਾ ਮਜ਼ਹਬ ਕੇਵਲ ਖਾਲੀ ਫੋਕੇ ਫਰੋਸੇ, ਕੇਵਲ ਗ੍ਰੰਥਾਂ ਬਾਰੇ ਦਸਣਾ ਸੁਨਣਾ। ਇਹ ਸਾਰੀਆਂ ਚੀਜ਼ਾਂ ਸਮਾਜ ਦੀਆਂ ਅੱਜ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੀਆਂ।

ਕੋਈ ਵੀ ਮਨੁਖ ਉਸ ਤਰ੍ਹਾਂ ਨਹੀਂ ਕਰ ਸਕਦਾ ਜਿਸ ਤਰ੍ਹਾਂ ਸਮਾਜ ਚਾਹੁੰਦਾ ਹੈ ਪਰ ਕੋਈ ਵੀ ਮਨੁੱਖ ਸਮਾਜ ਵਿਚ ਨਹੀਂ ਰਹਿ ਸਕਦਾ, ਜਦੋਂ ਤਕ ਉਹ ਦੂਸਰਿਆਂ ਦਾ ਨਾਂ ਸੋਚਦਾ ਹੋਵੇ ਦੂਸਰਿਆਂ ਦਾ ਚਿੰਤਨ ਨਾ ਕਰਦਾ ਹੋਵੇ, ਅੱਜ ਦੇ ਪਰੇਸ਼ਾਨ ਕਰਨ ਵਾਲੇ ਹਾਲਾਤ, ਜਿਹੜੇ ਮਨੁੱਖ ਦੇ ਆਪਣੇ ਹੀ ਬਣਾਏ ਹੋਏ ਹਨ, ਆਪਣੇ ਹੀ ਨੈਤਿਕ ਨਿਯਮ ਹਨ, ਮਨੁੱਖ ਆਪਣੇ ਆਪ ਨੂੰ ਨਵੇਕਲਾ ਕਰਕੇ, ਆਪਣਾ ਸਮਾਂ ਆਪਣੀ ਸ਼ਕਤੀ ਆਪਣੀ ਹਉਮੈ ਅਹੰਕਾਰ ਨੂੰ ਹੀ ਪੂਜਣ ਵਿਚ ਲਗਾ ਕੇ ਅੰਤ ਨੂੰ ਪੂਰੀ ਤਰ੍ਹਾਂ ਨਾਲ ਹਉਮੈ ਭਰਪੂਰ ਹੋ ਜਾਂਦਾ ਹੈ, ਕਿਸੇ ਨਾਲ ਵੀ ਉਸ ਦਾ ਗਿਆਨ ਸੰਚਾਰ ਨਹੀਂ ਰਹਿੰਦਾ ਪਰ ਵਾਸਤਵ ਵਿਚ ਮਨੁਖ ਕੋਲ ਇਸ ਤੋਂ ਅੱਗੇ ਜਾਣ ਦੀ ਯੋਗਤਾ ਹੈ, ਸਮਰਥਾ ਹੈ ਉਹ ਇਸ ਪਰੇਸ਼ਾਨੀ ਤੋਂ ਅੱਗੇ ਜਾ ਸਕਦਾ ਹੈ, ਜੇ ਉਹ ਆਪਣੇ ਆਪ ਨਾਲ ਸੱਚਾ ਹੋਵੇ। ਸਾਨੂੰ ਸਮਾਜ ਵਿਚ ਰਹਿਣਾ ਚਾਹੀਦਾ ਹੈ, ਨਾਲ ਸਾਨੂੰ ਜੀਵਨ ਦੇ ਦੋ ਪਹਿਲੂ ਜਾਣ ਲੈਣੇ ਚਾਹੀਦੇ ਹਨ। ਪਹਿਲਾ ਇਹ ਕਿ ਸਾਨੂੰ ਆਪਣੇ ਆਪ ਲਈ ਔਕੜਾਂ ਨਹੀਂ ਖੜ੍ਹੀਆਂ ਕਰਨੀਆਂ ਚਾਹੀਦੀਆਂ, ਦੂਸਰਾ ਇਹ ਕਿ ਸਾਨੂੰ ਦੂਸਰਿਆਂ ਨੂੰ ਅਸ਼ਾਂਤ ਨਹੀਂ ਕਰਨਾ ਚਾਹੀਦਾ, ਉਨ੍ਹਾਂ ਲਈ ਵਿਘਨ ਨਹੀਂ ਖੜ੍ਹੇ ਕਰਨੇ ਚਾਹੀਦੇ। ਜੇ ਅਸੀਂ ਆਪਣੇ ਕੰਮ ਕਾਜ ਇਨ੍ਹਾਂ ਦੋ ਗੱਲਾਂ ਨੂੰ ਮੁਖ ਰਖ ਕੇ ਕਰਾਂਗੇ ਫੇਰ ਸਾਡੇ ਕੋਲ ਆਪਾ ਚੀਨਣ ਦਾ ਸਮਾਂ ਵੀ ਹੋਵੇਗਾ, ਯੋਗਤਾ ਵੀ ਹੋਵੇਗੀ।

ਚਲਦਾ....

# ਸਿਹਤ ਗਿਆਨ

ਸਿਹਤ ਰੱਖਿਆਂ ਲਈ ਰੁੱਤਾਂ ਦਾ ਗਿਆਨ ਅਤੇ ਇਲਾਜ - ਸਾਲ ਦੀਆਂ ਛੇ ਰੁੱਤਾਂ ਵਿਚੋਂ -

**ਬਸੰਤ ਰੁੱਤ** - ਇਸ ਰੁੱਤ ਵਿਚ ਚੇਤ, ਵਿਸਾਖ, (ਮਾਰਚ, ਅਪ੍ਰੈਲ) ਮਹੀਨੇ ਆਉਂਦੇ ਹਨ ਬ੍ਰਿਛਾਂ ਦੇ ਨਵੇਂ-ਨਵੇਂ ਪੱਤੇ ਫੁੱਟ ਕੇ ਬਾਗ ਬਗੀਚਿਆਂ ਵਿਚ ਇਕ ਨਵੀਂ ਬਹਾਰ ਦੀ ਸ਼ੁਰੂਆਤ ਕਰਦੇ ਹਨ ਨਵੇਂ ਰੰਗਾਂ ਵਿਚ ਰੰਗੀਆਂ ਫੁੱਲਾਂ ਦੀਆਂ ਪੱਤੀਆਂ ਆਪਣੇ ਪਿੱਛੇ ਛੁਪੇ ਸਿਰਜਣਹਾਰ ਦਾ ਅਹਿਸਾਸ ਕਰਵਾਉਂਦੀਆਂ ਹਨ। ਫੁੱਲਾਂ ਵਿਚ ਮਹਿਕ ਅਤੇ ਮਧੁਰਤਾ ਪੈਦਾ ਹੋਣ ਕਰਕੇ ਮਧੂ ਮੱਖੀਆਂ ਅਤੇ ਭਵੇ ਆਪਣਾ ਆਨੰਦ ਲੈਂਦੇ ਹਨ। ਬਸੰਤ ਰੁੱਤ ਦੀ ਇਸ ਸੁੰਦਰਤਾ ਕਰਕੇ ਹੀ ਇਸ ਨੂੰ ਰੁੱਤਾਂ ਦੀ ਰਾਣੀ ਮੰਨਿਆ ਜਾਂਦਾ ਹੈ।

ਧਰਮ ਸ਼ਾਸਤਰ ਅਤੇ ਆਯੁਰਵੇਦ ਮੁਤਾਬਿਕ ਪ੍ਰਮਾਤਮਾ ਨੇ ਪੰਜਾਂ ਤੱਤਾਂ ਤੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਨ੍ਹਾਂ ਪੰਜਾਂ ਤੱਤਾਂ ਵਿਚ ਹੀ ਹਰ ਜੀਵ ਦੀ ਜੀਵਨ ਸੱਤਾ ਹੈ ਕੇਵਲ ਇਸੇ ਬ੍ਰਹਿਮੰਡ ਵਿਚ ਹੀ ਨਹੀਂ ਕਰੋੜਾਂ ਬ੍ਰਹਿਮੰਡਾਂ ਵਿਚ ਇਕੋ ਹੀ ਜੋਤ ਵਿਆਪਕ ਹੈ ਜਿਵੇਂ ਕਿ ਗੁਰੂ ਜੀ ਦਾ ਫੁਰਮਾਨ ਹੈ -

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ***
***ਸਰਬ ਜੀਆ ਕਾ ਦਾਤਾ ਰੇ ॥***
***ਪ੍ਰਤਿਪਾਲੈ ਨਿਤ ਸਾਰਿ ਸਮਾਲੈ***
***ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥***
***ਅੰਗ - ੬੧੨***

***ਅਸਥਾਵਰ ਜੰਗਮ ਕੀਟ ਪਤੰਗਮ***
***ਘਟਿ ਘਟਿ ਰਾਮੁ ਸਮਾਨਾ ਰੇ ॥ ਅੰਗ - ੯੮੮***
***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ।***
***ਅਕਾਲ ਉਸਤਤਿ (ਪਾਤਸ਼ਾਹੀ ੧੦)***

***ਸਗਲ ਬਨਸਪਤਿ ਮਹਿ ਬੈਸੰਤਰੁ***
***ਸਗਲ ਦੂਧ ਮਹਿ ਘੀਆ ॥***
***ਊਚ ਨੀਚ ਮਹਿ ਜੋਤਿ ਸਮਾਣੀ***
***ਘਟਿ ਘਟਿ ਮਾਧਉ ਜੀਆ ॥ ਅੰਗ - ੬੧੭***

**ਪੰਜ ਤੱਤ** - ਧਰਤੀ, ਆਕਾਸ਼, ਪਾਣੀ, ਹਵਾ ਅਤੇ ਅੱਗ ਆਯੁਰਵੇਦ ਨੇ ਇਨ੍ਹਾਂ ਤੱਤਾਂ ਵਿਚੋਂ ਹਵਾ, ਪਾਣੀ ਅਤੇ ਅੱਗ ਨੂੰ ਹੀ ਤ੍ਰਿਦੋਸ ਮੰਨਿਆ ਹੈ।

**ਤ੍ਰਿਦੋਸ** - ਸਰੀਰ ਵਿਚ ਅਨੇਕ ਰੋਗਾਂ ਦਾ ਕਾਰਨ ਤਿੰਨ ਦੋਸ਼ 'ਵਾਤ, ਪਿਤ, ਕਫ' ਹਨ।

**ਵਾਤ** - ਸਰੀਰ ਵਿਚ ਵਾਯੂ (ਹਵਾ) ਦੀ ਘਾਟ-ਵਾਧ ਨਾਲ ਚੁਰਾਸੀ ਕਿਸਮ ਦੇ ਵਾਯੂ ਰੋਗ ਪੈਦਾ ਹੁੰਦੇ ਹਨ।

**ਕਫ** - ਕਫ ਰੋਗ ਸਰੀਰ ਵਿਚ ਜਲ (ਪਾਣੀ) ਦੀ ਵਾਧ-ਘਾਟ ਨਾਲ ਹੁੰਦੇ ਹਨ। ਜਿਵੇਂ ਰੇਸ਼ਾ, ਬਲਗਮ, ਨਜ਼ਲਾ, ਜ਼ੁਕਾਮ, ਖਾਂਸੀ ਆਦਿ।

**ਪਿਤ** - ਇਹ ਰੋਗ ਸਰੀਰ ਵਿਚ ਗਰਮੀ (ਅੱਗ) ਦੀ ਘਾਟ-ਵਾਧ ਕਰਕੇ ਉਤਪੰਨ ਹੁੰਦਾ ਹੈ। ਜਿਵੇਂ ਜਲਨ, ਚਮੜੀ ਰੋਗ, ਖੂਨ ਦੀ ਖਰਾਬੀ, ਘਬਰਾਹਟ, ਕਬਜ਼, ਬਵਾਸੀਰ ਆਦਿ। ਜਾਂ ਤਿੰਨੋ ਦੋਸ਼ਾਂ ਦੀ ਵਿਖਮਤਾ (ਵਾਧ-ਘਾਟ) ਆਪਸ ਵਿਚ ਮਿਲ ਕੇ ਵੀ ਅਨੇਕਾਂ ਰੋਗ ਪੈਦਾ ਕਰਦੇ ਹਨ। ਇਸ ਲਈ ਇਹਨਾਂ ਤਿੰਨਾਂ ਤੱਤਾਂ ਦਾ ਸਮ ਰਹਿਣਾ ਹੀ ਅਰੋਗਤਾ ਅਤੇ ਤੰਦਰੁਸਤੀ ਹੈ। ਜੀਵਾਂ ਅੰਦਰ ਗਲਤ ਅਹਾਰ-ਵਿਹਾਰ ਕਾਰਨ ਇਹ ਤੱਤਾਂ ਦੀ ਵਾਧ-ਘਾਟ ਹੋ ਕੇ ਦੋਸ਼ ਉਤਪੰਨ ਹੁੰਦੇ ਹਨ।

ਇਨ੍ਹਾਂ ਤੱਤਾਂ ਨੂੰ ਸਮ ਰੱਖਣ ਲਈ ਈਸ਼ਵਰ ਨੇ ਅਨੇਕ ਕਿਸਮ ਦੀਆਂ ਜੜ੍ਹੀਆਂ ਬੂਟੀਆਂ ਪੈਦਾ ਕੀਤੀਆਂ ਹਨ ਆਦਿ ਕਾਲ ਤੋਂ ਆਯੁਰਵੇਦ ਦੇ ਰਿਸ਼ੀ ਰੋਗਾਂ ਮੁਤਾਬਿਕ ਇਨ੍ਹਾਂ ਦੀ ਪਰਖ ਕਰਕੇ ਸਫਲਤਾ-ਪੂਰਵਕ ਮਾਨਵਤਾ ਦਾ ਭਲਾ ਕਰਦੇ ਆ ਰਹੇ ਹਨ। ਜਿਵੇਂ -

ਆਯੁਰਵੇਦ ਅਤੇ ਧਰਮ ਸ਼ਾਸਤਰ ਦੇ ਮਹਾਨ ਗਿਆਤਾ ਬ੍ਰਹਮਲੀਨ ਸਵਾਮੀ ਗੋਬਿੰਦ ਦਾਸ ਜੀ ਉਦਾਸੀਨ ਨੂੰ ਸ਼ਬਦ ਗੁਰੂ ਨਾਲ ਜੋੜਨ ਵਾਲੇ ਜਿਨ੍ਹਾਂ ਦਾ ਇਕ ਚਮਤਕਾਰੀ ਸਫਲ ਯੋਗ (ਫਾਰਮੂਲਾ) ਸਮੂਹ ਦੇ ਭਲੇ ਲਈ ਦੱਸ ਰਿਹਾ ਹਾਂ ਤੰਦਰੁਸਤੀ ਦੇ ਚਾਹਵਾਨ ਹਰ ਸਾਲ ਇਸ ਯੋਗ ਦੀ ਵਰਤੋਂ ਕਰਕੇ ਲਾਭ ਉਠਾ ਸਕਦੇ ਹਨ।

**ਇਕ ਸਾਲ ਲਈ ਰੋਗਾਂ ਤੋਂ ਬਚਣ ਦਾ ਯੋਗ** -

ਨਿੰਮ ਦੇ ਤਾਜ਼ੇ ਪੱਤੇ 75 ਨਗ, ਕਾਲੀ ਮਿਰਚ 75 ਨਗ, ਕੱਚੀ ਹਲਦੀ 15 ਗ੍ਰਾਮ, ਕਾਲੀ ਤੁਲਸੀ ਦੇ ਪੱਤੇ 75 ਨਗ।

ਚਾਰੇ ਚੀਜ਼ਾਂ ਸਾਫ ਪੱਥਰ ਦੇ ਕੂੰਡੇ ਵਿਚ ਪਾ ਕੇ ਨਿੰਮ ਦੇ ਘੋਟਣੇ ਨਾਲ ਰਗੜਦੇ ਜਾਉ, ਸਖਤ ਹੋਣ 'ਤੇ ਅੰਮ੍ਰਿਤਾ (ਗਲੋ) ਦਾ ਰਸ ਪਾ ਕੇ ਘੋਟੋ ਰੋਜ਼ਾਨਾ ਰਸ ਪਾ-ਪਾ ਕੇ 7 ਦਿਨ ਘੋਟਦੇ ਰਹੋ। ਇਸੇ ਤਰ੍ਹਾਂ ਤੁਲਸੀ ਦੇ ਪੱਤਿਆਂ ਰਸ ਵਿਚ ਤਿੰਨ ਦਿਨ ਘੋਟੋ, ਫਿਰ ਦੋ ਦਿਨ ਗੋਰਖ ਮੁੰਡੀ ਦੇ ਕਾੜੇ ਵਿਚ ਘੋਟ ਕੇ, ਬਾਅਦ ਵਿਚ ਸਖਤ ਹੋਣ 'ਤੇ ਇਸਦੀਆਂ 15 ਗੋਲੀਆਂ ਬਣਾ ਲਵੋ।

ਵਰਤੋਂ ਵਿਧੀ - ਇਸ ਬਸੰਤ ਰੁੱਤ ਵਿਚ ਬਿਕ੍ਰਮੀ ਸੰਮਤ ਦੀ ਸ਼ੁਰੂਆਤ ਹੁੰਦੀ ਹੈ, ਚੜ੍ਹਦੇ ਸਾਲ ਚੇਤਰ ਸੁਦੀ ਏਕਮ ਨੂੰ ਅੰਮ੍ਰਿਤ ਵੇਲੇ ਦਿਸ਼ਾ ਜਾ ਕੇ ਦਾਤਨ ਅਤੇ ਕੇਸੀ ਇਸ਼ਨਾਨ ਕਰਕੇ ਪ੍ਰਭੂ ਸਿਮਰਨ ਉਪਰੰਤ ਇਕ ਗੋਲੀ ਤਾਜ਼ੇ ਪਾਣੀ ਨਾਲ 15 ਦਿਨ ਸੇਵਨ ਕਰੋ।

**ਨੋਟ** - ਗੋਲੀ ਵੱਡੀ ਹੋਣ ਕਰਕੇ ਚਬਾ ਕੇ ਸੇਵਨ ਕਰ ਸਕਦੇ ਹੋ।

ਮੇਘ ਆਯੁਰਵੇਦ ਖੋਜ ਕੇਂਦਰ ਧੂਰੀ ਵਲੋਂ ਹਰ ਸਾਲ ਇਹ ਯੋਗ ਤੰਦਰੁਸਤੀ ਦੇ ਚਾਹਵਾਨਾਂ ਨੂੰ ਸੇਵਾ ਹਿਤ ਦਿਤਾ ਜਾਂਦਾ ਹੈ।

**ਗੁਣ** - ਇਸ ਦੇ ਸੇਵਨ ਨਾਲ ਇਕ ਸਾਲ ਸਰੀਰ ਵਿਚ ਤੰਦਰੁਸਤੀ ਰਹਿੰਦੀ ਹੈ, ਅਨੇਕ ਭਿਆਨਕ ਰੋਗਾਂ ਤੋਂ ਬਚਾਉ ਰਹਿੰਦਾ ਹੈ ਜਿਵੇਂ ਕਿ ਅੰਤੜੀਆਂ ਦਾ ਬੁਖਾਰ (ਟਾਈਫਾਈਡ ਫੀਵਰ), ਮਲੇਰੀਆ, ਚੇਚਕ, (ਮਸੂਰੀ ਮਾਤਾ), ਮੋਤੀ ਝਾਰਾ, ਪਾਣੀ ਝਾਰਾ, ਰਕਤ ਦੋਸ਼, ਫੋੜੇ ਫਿਨਸੀਓਂ, ਚਮੜੀ, ਕੁਸ਼ਟ ਰੋਗ, ਸੂਤ ਦੇ ਰੋਗ, ਮਧੂ ਮੇਹ (ਸ਼ੂਗਰ) ਕੈਂਸਰ ਜਿਹੇ ਭਿਆਨਕ ਰੋਗ ਵੀ ਨੇੜੇ ਨਹੀਂ ਆਉਂਦੇ, ਚਿਹਰਾ ਵੀ ਸਾਫ ਰਹਿੰਦਾ ਹੈ।

ਵਾਤ, ਪਿਤ, ਕਫ ਨੂੰ ਠੀਕ ਰੱਖਣ ਲਈ ਰੁੱਤਾਂ ਮੁਤਾਬਿਕ ਸੁਚੇਤ ਰਹਿ ਕੇ ਅਹਾਰ-ਵਿਹਾਰ ਨੂੰ ਠੀਕ ਕਰਕੇ ਤੇਜ਼ ਦਵਾਈਆਂ ਦੀ ਵਰਤੋਂ ਬਿਨਾਂ ਵੀ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਬਸੰਤ ਰੁੱਤ ਵਿਚ ਖੁਰਾਕ ਪਚਾਉਣ ਵਾਲੀ ਅਗਨੀ ਮੰਦ ਹੋ ਕੇ ਹਾਜ਼ਮਾਂ ਕਮਜ਼ੋਰ ਹੋ ਜਾਂਦਾ ਹੈ ਸਰੀਰ ਦੀਆਂ ਮਾਸਪੇਸ਼ੀਆਂ ਸੰਕੁਚਤ (ਸੁੰਗੜ) ਹੋ ਜਾਂਦੀਆਂ ਹਨ ਇਸ ਲਈ ਇਸ ਰੁੱਤ ਵਿਚ

ਮਾਲਸ ਕਰਨੀ ਕਸਰਤ ਕਰਨੀ ਅਤੇ ਖੁਲ੍ਹੀ ਹਵਾ ਵਿਚ ਟਹਿਲਣਾ ਸਿਹਤ ਲਈ ਲਾਭਕਾਰੀ ਹੈ ਇਸ ਤਰ੍ਹਾਂ ਨਾਲ ਸਰੀਰ ਵਿਚ ਖੂਨ ਅਤੇ ਵਾਯੂ ਦਾ ਸੰਚਾਲਨ ਠੀਕ ਹੁੰਦਾ ਹੈ।

ਇਸ ਮਹੀਨੇ ਵਿਚ ਕਫ, ਬਲਗਮ, ਰੇਸ਼ਾ, ਜ਼ੁਕਾਮ, ਪ੍ਰਕੋਪ ਹੁੰਦੇ ਹਨ ਅਤੇ ਭਾਰੀ ਪਦਾਰਥ, ਠੰਡੇ, ਚਿਕਨੇ, ਖੱਟੇ ਅਤੇ ਜ਼ਿਆਦਾ ਮਿੱਠੇ ਦੀ ਵਰਤੋਂ ਹਾਨੀਕਾਰਕ ਹੈ ਦਿਨੇ ਸੌਣਾ ਵੀ ਵਰਜਿਤ ਹੈ।

ਇਸ ਰੁੱਤ ਵਿਚ ਹਰੜ ਦਾ ਚੂਰਨ 2 ਗ੍ਰਾਮ, ਸ਼ਹਿਦ ਦੁਗਣਾ ਮਿਲਾ ਕੇ ਦਿਨ ਵਿਚ 2-3 ਵਾਰ ਚੱਟਦੇ ਰਹਿਣ ਨਾਲ ਕਫ (ਬਲਗਮ) ਸਵਾਸ, ਖਾਂਸੀ, ਬੁਖਾਰ, ਜ਼ੁਕਾਮ, ਸਿਰਦਰਦ ਸ਼ਾਂਤ ਹੁੰਦੇ ਹਨ।

**ਤ੍ਰਿਕੁਟਾ ਚੂਰਨ** - ਮਘਾਂ, ਕਾਲੀ ਮਿਰਚ ਅਤੇ ਸੁੰਢ ਇਨ੍ਹਾਂ ਤਿੰਨਾਂ ਚੀਜ਼ਾਂ ਨੂੰ ਸਮਭਾਗ (ਬਰਾਬਰ) ਲੈ ਕੇ ਬਰੀਕ ਕੱਪੜ-ਛਾਣ ਕਰੋ ਇਕ ਤੋਂ ਦੋ ਗ੍ਰਾਮ ਚੂਰਨ ਸ਼ਹਿਦ ਵਿਚ ਮਿਲਾ ਕੇ ਦਿਨ ਵਿਚ 2-3 ਵਾਰ ਲੈਣ ਨਾਲ ਜ਼ੁਕਾਮ, ਖਾਂਸੀ, ਬਲਗਮ, ਭੁੱਖ ਨਾ ਲਗਣੀ, ਮੁਟਾਪਾ, ਗਲੇ ਦੀ ਖਰਾਬੀ, ਰੇਸ਼ੇ ਨਾਲ ਅਵਾਜ਼ ਬੈਠ ਜਾਣੀ ਅਤੇ ਵਾਯੂ ਦਰਦਾਂ ਨੂੰ ਰਾਹਤ ਮਿਲਦੀ ਹੈ।

**ਰਕਤ ਚਾਪ** - ਬਲੱਡ ਪ੍ਰੈਸ਼ਰ) ਅਤੇ ਮਨ ਦੀ ਸ਼ਾਂਤੀ - ਬਲੱਡ ਪ੍ਰੈਸ਼ਰ ਨਾਲ ਮਨ ਦਾ ਗਹਿਰਾ ਸਬੰਧ ਹੋਣ ਕਰਕੇ ਆਯੁਰਵੇਦ ਨੇ ਇਸ ਨੂੰ ਜ਼ਿਆਦਾ ਸਰੀਰਕ ਨਹੀਂ ਬਲਕਿ ਬਹੁਤ ਮਨ ਦਾ ਰੋਗ ਮੰਨਿਆ ਹੈ ਇਸ ਲਈ ਦਾਨ ਦੇਣ ਵਾਲੇ, ਸੱਚ ਅਤੇ ਸਪੱਸ਼ਟ ਕਹਿਣ ਵਾਲੇ, ਖਿਮਾ ਕਰਨ ਵਾਲੇ, ਸਭ ਜੀਵਾਂ ਉਪਰ ਦਇਆ ਦੀ ਬਰਸਾਂਤ ਕਰਨ ਵਾਲੇ ਅਤੇ ਕੁਦਰਤ ਦੇ ਭਾਣੇ ਵਿਚ ਰਹਿ ਕੇ ਸਬਰ ਅਤੇ ਸੰਤੋਖੀ, ਸਤਿਸੰਗ ਕਰਨ ਵਾਲੇ ਪ੍ਰਾਣੀ ਚਿੰਤਾਂ ਆਦਿ ਮਾਨਸਿਕ ਰੋਗਾਂ ਤੋਂ ਮੁਕਤ ਰਹਿੰਦੇ ਹਨ।

ਸ਼ਾਂਤ ਮਨ ਅਤੇ ਇਕ ਚਿਤ ਹੋ ਕੇ ਧਿਆਨ ਨਾਲ ਸਵੇਰੇ ਸ਼ਾਮ ਨਾਮ ਜਪਣ ਅਤੇ ਬਾਣੀ ਪੜ੍ਹਨ ਨਾਲ ਸਹਿਜੇ ਹੀ ਇਹੋ ਜਿਹੇ ਸ਼ਾਂਤ ਮਨ ਦੀ ਪ੍ਰਾਪਤੀ ਹੋ ਸਕਦੀ ਹੈ।

ਇਸ ਰੁੱਤ ਵਿਚ ਚਾਹ ਦਾ ਜ਼ਿਆਦਾ ਸੇਵਨ ਹੁੰਦਾ ਹੈ ਇਸ ਲਈ ਚਾਹ ਦੇ ਪਾਣੀ ਵਿਚ ਪਹਿਲਾਂ ਅਦਰਕ ਕੁੱਟ ਕੇ ਉਬਾਲਿਆ ਜਾਵੇ ਬਾਅਦ ਵਿਚ ਚਾਹ ਦੀ ਤਰ੍ਹਾਂ ਬਣਾ ਕੇ ਪੀਣ ਨਾਲ ਕਫ ਅਤੇ ਵਾਯੂ ਦੇ ਵਿਕਾਰ ਪੈਦਾ ਨਹੀਂ ਹੁੰਦੇ ਅਤੇ ਨਮੂਨੀਆਂ, ਠੰਢ ਦਾ ਬੁਖਾਰ, ਖਾਂਸੀ, ਜ਼ੁਕਾਮ, ਸਿਰਦਰਦ ਤੋਂ ਬਚਾਅ ਰਹਿੰਦਾ ਹੈ। ਮਾਤਰਾ - ਪਾਈਆ ਪਾਣੀ ਵਿਚ 10 ਗ੍ਰਾਮ ਅਦਰਕ।

ਹਰ ਉਮਰ ਵਿਚ ਸਰੀਰ ਦੀ ਪਾਚਣ ਸ਼ਕਤੀ ਬਚਪਨ ਵਰਗੀ ਨਹੀਂ ਰਹਿੰਦੀ ਇਸ ਲਈ ਹੋ ਸਕੇ ਭੋਜਨ 2 ਟਾਈਮ ਹੀ ਸੇਵਨ ਕੀਤਾ ਜਾਵੇ ਜਾਂ ਪੂਰੀ ਭੁੱਖ ਲਗਣ 'ਤੇ ਭੋਜਨ ਛਕਦੇ ਰਹਿਣਾ ਚਾਹੀਦਾ ਹੈ ਅਤੇ ਹਫਤੇ ਵਿਚ ਇਕ ਦਿਨ ਉਪਵਾਸ (ਖਾਲੀ ਪੇਟ) ਰੱਖਣ ਨਾਲ ਪਾਚਣ ਪ੍ਰਣਾਲੀ ਬਲਵਾਨ ਹੁੰਦੀ ਹੈ ਅਤੇ ਮੇਹਦੇ ਅਤੇ ਅੰਤੜੀਆਂ ਵਿਚ ਬਚਿਆ ਕੱਚਾ ਰਸ ਪੱਕ ਕੇ ਅੰਤੜੀਆਂ ਸ਼ੁੱਧ ਹੋ ਜਾਂਦੀਆਂ ਹਨ ਅਤੇ ਕੈਂਸਰ ਵਰਗੇ ਭਿਆਨਕ ਰੋਗਾਂ ਤੋਂ ਵੀ ਬਚਾਉ ਰਹਿੰਦਾ ਹੈ।

**ਕਸਰਤ** - ਪੌਸ਼ਟਿਕ (ਤਾਕਤਵਰ) ਪਦਾਰਥਾਂ ਦਾ ਸੇਵਨ ਕਰਨ ਵਾਲੇ ਬਲਵਾਨ ਮਨੁੱਖਾਂ ਲਈ ਸਰਦ ਰੁੱਤ (ਅੱਸੂ, ਕੱਤਕ ਅਤੇ ਬਸੰਤ) ਰੁੱਤ (ਚੇਤ ਵਿਸਾਖ) ਵਿਚ ਕਸਰਤ ਵਧੇਰੇ ਲਾਭਕਾਰੀ ਹੈ ਤੰਦਰੁਸਤੀ ਦੇ ਚਾਹਵਾਨ ਯੋਗ ਅਭਿਆਸ ਅਤੇ


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........

ਪਤਾ/Address ..........

..........

..........

..........Pin Code..........

Phone.......... E-mail :..........

ਮੈਂ..........ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ..........ਮਿਤੀ..........ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

ਦਸਖਤ..........

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

ਹਲਕੀ ਕਸਰਤ ਸਾਂਹ ਛੇਤੀ-ਛੇਤੀ ਆਉਣ ਲੱਗੇ, ਮੱਥੇ ਨੂੰ ਪਸੀਨਾ ਆਉਣ ਤਕ, ਇਸਨੂੰ ਔਧੀ ਕਸਰਤ ਕਹਿੰਦੇ ਹਨ। ਹਰ ਰੁੱਤ ਵਿਚ ਕਸਰਤ ਕਰਨ ਨਾਲ ਜਿਸ ਨਾਲ ਮੁਟਾਪਾ ਘਟ ਕੇ ਸਰੀਰ ਵਿਚ ਹਲਕਾਪਣ ਆਉਂਦਾ ਹੈ ਕੰਮ ਕਰਨ ਦੀ ਸ਼ਕਤੀ ਵਧਦੀ ਹੈ, ਪੇਟ ਦੀ ਅਗਨੀ, ਪਾਚਣ ਸ਼ਕਤੀ ਬਲਵਾਨ ਹੁੰਦੀ ਹੈ।

ਖਈ ਰੋਗ (ਟੀ.ਬੀ.), ਖੂਨ ਦਾ ਪ੍ਰਵਾਹ, ਸੋਜ, ਖਾਂਸੀ, ਫੋੜੇ, ਧਾਤ ਦੀ ਕਮਜ਼ੋਰੀ ਜਾਂ ਬਦਹਜ਼ਮੀ ਵਾਲੇ ਨੂੰ ਕਸਰਤ ਨਹੀਂ ਕਰਨੀ ਚਾਹੀਦੀ।

ਬਸੰਤ ਰੁੱਤ ਵਿਚ ਲਾਭਕਾਰੀ ਔਸ਼ਧੀਆਂ - ਦ੍ਰਕਸ ਆਸ਼ਵ (ਸਪੈਸ਼ਲ), ਦਸਮੂਲਾ ਰਿਸ਼ਟ, ਅਸ਼ਵਗੰਧਾ ਰਿਸ਼ਟ, ਅਸ਼ਵਗੰਧਾ ਪਾਕ, ਬਦਾਮ ਪਾਕ, ਮੂਸਲੀ ਪਾਕ, ਸਾਲਮ ਪਾਕ, ਖਸ ਖਸ ਪਾਕ, ਕਫ ਕੁਠਾਰ ਰਸ, ਮੁਕਤਾ ਪ੍ਰੰਚਾਮ੍ਰਿਤੂ, ਬਸੰਤ ਕੁਸਮਾਕਰ ਰਸ, ਵਾਤ ਚਿੰਤਾਮਣੀ ਰਸ, ਬ੍ਰਿਹਦ ਬੰਗੇਸਵਰ ਰਸ ਆਦਿ ਰੋਗ ਅਨੁਸਾਰ ਕਿਸੇ ਸੂਝਵਾਨ ਵੈਦ ਦੀ ਸਲਾਹ ਨਾਲ ਜ਼ਿਆਦਾ ਲਾਭਕਾਰੀ ਸਿੱਧ ਹੁੰਦੇ ਹਨ।

**ਆਯੂਵੇਦ ਧੂਣੀ (ਹਵਨ ਸੋਧਕ)** - ਇਹ ਧੂਣੀ ਨਿਰਧੂਮ (ਬਿਨਾਂ ਧੂੰਏ ਤੋਂ) ਕੋਲਿਆਂ ਦੀ ਅੱਗ ਉਤੇ ਪਾਉਣ ਨਾਲ ਵਾਯੂ ਮੰਡਲ ਸ਼ੁੱਧ ਹੁੰਦਾ ਹੈ। ਇਸਦੇ ਧੂੰਏਂ ਨਾਲ ਹਵਾ ਵਿਚਲੇ ਬਿਮਾਰੀ ਪੈਦਾ ਕਰਨ ਵਾਲੇ ਜ਼ਹਿਰੀਲੇ ਕੀਟਾਣੂ ਨਸ਼ਟ ਹੋ ਜਾਂਦੇ ਹਨ। ਪ੍ਰਦੂਸ਼ਤ ਵਾਤਾਵਰਨ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਰਹਿੰਦਾ ਹੈ। ਪੁਰਾਤਨ ਯੁੱਗ ਵਿਚ ਸੰਤ-ਮਹਾਤਮਾ ਅਤੇ ਵੈਦ ਧਨੱਤਰ ਇਸੇ ਧੂਫ ਨਾਲ ਵਾਤਾਵਰਨ ਸ਼ੁੱਧ ਕਰਦੇ ਸਨ। ਅੱਜ ਵੀ ਇਹ ਧੂਣੀ ਸਾਇੰਸਦਾਨਾਂ ਦੁਆਰਾ ਅਜਮਾਈ ਗਈ ਹੈ। ਬਦਲਦੇ ਮੌਸਮ ਅਤੇ ਬਨਸਪਤੀ ਵਿਚ ਮਧੁਰ (ਮਿੱਠਾ) ਰਸ ਬਣਨ ਕਰਕੇ ਜੀਵਾਣੂ ਪੈਦਾ ਹੋਣ ਤੋਂ ਰੋਕਣ ਲਈ ਇਸ ਰੁੱਤ ਵਿਚ ਬਨਾਸਪਤੀ ਨੂੰ ਇਹ ਧੂਫ ਦੇਣਾ ਕਾਫੀ ਲਾਹੇਵੰਦ ਹੈ।

**ਬਣਾਉਣ ਦੀ ਵਿਧੀ** - ਨਿੰਮ ਦੀਆਂ ਨਮੋਲੀਆਂ, ਤਾਲੀਸ ਪੱਤਰ, ਛਲ ਛਰੀਲਾ, ਤੇਜ ਪੱਤਰ, ਲਾਜਵੰਤੀ, ਸਰਦ ਚੀਨੀ, ਮੁਸਕਪੂਰ, ਦੇਵਦਾਰ, ਗਿਲੋ ਸੁੱਕੀ, ਅਗਰ ਤਗਰ, ਇੰਦਰ ਜੌਂ, ਖਸ, ਭੋਜ ਪੱਤਰ, ਜਵਿਤ੍ਰੀ, ਜੈਫਲ, ਧੂਫ ਲੱਕੜ, ਸਰੋਂ, ਪੁਸਕਰ ਮੂਲ, ਮਜੀਠ, ਗੋਰਖ ਮੁੰਡੀ, ਕਚੂਰ, ਚਰਾਇਤਾ, ਬ੍ਰਹਮੀ ਬੂਟੀ, ਗੁੱਗਲ, ਚੰਦਨ ਸਫੇਦ ਅਤੇ ਲਾਲ, ਦੇਸੀ ਖੰਡ, ਗੋਕਾ ਘੀ, ਉਪਰੋਕਤ ਸਾਰੀਆਂ ਚੀਜ਼ਾਂ ਨੂੰ ਜੌਂ ਕੁੱਟ ਕਰ ਲਵੋ ਫਿਰ ਗੋਕੇ ਘੀ ਵਿਚ ਚੰਗੀ ਤਰ੍ਹਾਂ ਮਸਲ ਕੇ ਰੱਖ ਲਵੋ। ਧੂਣੀ ਤਿਆਰ ਹੈ।

***ਵੈਦ ਮੇਘ ਨਾਥ ਸਿੱਧ 'ਫਫੜੇ ਭਾਈਕੇ ਵਾਲੇ'***
***ਆਯੁਰਵੇਦ ਭੀਸ਼ਗ ਅਚਾਰੀਆ 'ਏ ਕਲਾਸ ਰਜਿ.', ਐਮ ਕੇ ਬਾਈਪਾਸ ਚੌਂਕ, ਧੂਰੀ, ਪੰਜਾਬ,*** *ਮੁਬਾਈਲ* - ***9815607803***

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਐਤਵਾਰ - 01, 08, 15, 22, 29 ਮਾਰਚ**
**(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)**

**ਸੰਗਰਾਂਦ** - 14 ਮਾਰਚ, ਦਿਨ ਸ਼ਨੀਵਾਰ
**(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)**

**ਪੂਰਨਮਾਸ਼ੀ** - 11 ਮਾਰਚ, ਦਿਨ ਬੁੱਧਵਾਰ
**(ਸਮਾਂ - ਸ਼ਾਮ 7.00 ਵਜੇ ਤੋਂ ਰੈਣ ਸਬਾਈ ਕੀਰਤਨ)**

**ਜ਼ਰੂਰੀ ਸੂਚਨਾਂ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 9.00 ਵਜੇ ਹੁੰਦਾ ਹੈ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | '[illegible] ਤੋਂ ਮੁਕਤੀ' :- | 30/- | |

**English Version** **Price**

| | | |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.70/- |